




WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo  By: Mangat Media Group








Vol-1  Issue - 03  25 June to 01 July  Email: bcpunjabinews@gmail.com  Website: www.bcpunjabinews.ca  Phone: +1 604 750 4259


## ਬਰੈਂਪਟਨ ਵਿੱਚ ਅਕਾਲੀ ਦਲ ਦੀ ਸਿਆਸੀ ਕਾਨਫਰੰਸ ਨੂੰ ਭਰਵਾਂ ਹੁੰਗਾਰਾ, ਪੰਜਾਬ ਦੇ ਮੁੱਦਿਆਂ ‘ਤੇ ਕੋਈ ਸਮਝੌਤਾ ਨਹੀਂ: ਆਗੂ

**ਬਰੈਂਪਟਨ (ਕੈਨੇਡਾ),** — ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ੇਸ਼ ਵਫ਼ਦ ਇਨ੍ਹਾਂ ਦਿਨਾਂ ਕੈਨੇਡਾ ਦੌਰੇ ’ਤੇ ਹੈ, ਜਿਸ ਦਾ ਉਦੇਸ਼ ਪਰਵਾਸੀ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਨਾਲ ਸੰਪਰਕ ਮਜ਼ਬੂਤ ਕਰਨਾ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਲੜੀ ਤਹਿਤ ਅੱਜ ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਸ਼ਹਿਰ ਬਰੈਂਪਟਨ ਵਿੱਚ ਇੱਕ ਸਿਆਸੀ ਕਾਨਫਰੰਸ ਕਰਵਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।



ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਤੇਜਿੰਦਰ ਸਿੰਘ ਮਿੱਡੂਖੇੜਾ, ਮੱਖਣ ਸਿੰਘ ਬਰਾੜ, ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ, ਪਰਮਜੀਤ ਸਿੰਘ ਢਿੱਲੋਂ ਸਮਰਾਲਾ, ਗੁਰਪ੍ਰੀਤ ਸਿੰਘ ਝੱਬਰ ਅਤੇ ਹਰਜਾਪ ਸਿੰਘ ਸੰਘਾ ਨੇ ਪਾਰਟੀ ਦੀਆਂ ਨੀਤੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਚਾਰ ਸਾਂਝੇ ਕੀਤੇ।

ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹਿਤਾਂ ਦੀ ਕੀਮਤ ’ਤੇ ਕਿਸੇ ਵੀ ਸਿਆਸੀ ਪਾਰਟੀ ਨਾਲ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬੀ ਇਕਜੁੱਟ ਹੋ ਕੇ ਅਕਾਲੀ ਦਲ ਦਾ ਸਾਥ ਦੇਣ, ਤਾਂ ਪੰਜਾਬ ਵਿੱਚ ਨਿਰੋਲ ਅਕਾਲੀ ਸਰਕਾਰ ਬਣ ਸਕਦੀ ਹੈ, ਜੋ ਸੂਬੇ ਦੇ ਲੰਬੇ ਸਮੇਂ ਤੋਂ ਚੱਲ ਰਹੇ ਮਸਲਿਆਂ ਦਾ ਹੱਲ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਸਰਕਾਰ ਬਣਨ ਉਪਰੰਤ ਪੰਜਾਬ ਦੀ ਧਰਤੀ ਅਤੇ ਹਿੱਤਾਂ ਦੀ ਰੱਖਿਆ ਲਈ ਵਿਸ਼ੇਸ਼ ਕਦਮ ਚੁੱਕੇ ਜਾਣਗੇ।

ਕਾਨਫਰੰਸ ਦੌਰਾਨ ਆਗੂਆਂ ਨੇ ਪੰਜਾਬ ਦੀ ਮੌਜੂਦਾ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਸੂਬੇ ਦੀ ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀ ਚਿੰਤਾਜਨਕ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਮਜ਼ਬੂਤ ਅਤੇ ਤਜਰਬੇਕਾਰ ਲੀਡਰਸ਼ਿਪ ਰਾਹੀਂ ਹੀ ਸੰਭਵ ਹੈ।

**ਐਨਆਰਆਈ ਭਾਈਚਾਰੇ ਲਈ ਵਿਸ਼ੇਸ਼ ਐਲਾਨ**

ਸਰਦਾਰ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ ’ਤੇ ਐਨਆਰਆਈ ਭਾਈਚਾਰੇ ਦੀ ਸੁਰੱਖਿਆ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੁੜ ਵਿਸ਼ੇਸ਼ ਐਨਆਰਆਈ ਥਾਣਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਤੋਂ ਵਾਪਸ ਆ ਕੇ ਪੰਜਾਬ ਵਿੱਚ ਕਾਰੋਬਾਰ ਸ਼ੁਰੂ ਕਰਨ ਦੇ ਇੱਛੁਕ ਨੌਜਵਾਨਾਂ ਲਈ ਵਿਸ਼ੇਸ਼ ਕਰਜ਼ਾ ਯੋਜਨਾਵਾਂ ਲਿਆਂਦੀਆਂ ਜਾਣਗੀਆਂ ਅਤੇ ਹੁਨਰ-ਅਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਕਿਲਡ ਯੂਨੀਵਰਸਿਟੀਆਂ ਸਥਾਪਤ ਕੀਤੀਆਂ ਜਾਣਗੀਆਂ।

ਬੀਬੀ ਹਰਜਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਅਸਲ ਵਾਰਸ ਅਤੇ ਪੰਜਾਬੀ ਹਿੱਤਾਂ ਦੀ ਪ੍ਰਤੀਨਿਧੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮਜ਼ਬੂਤ ਅਤੇ ਖੁਸ਼ਹਾਲ ਬਣਾਉਣ ਲਈ ਲੋਕਾਂ ਨੂੰ ਅਕਾਲੀ ਦਲ ਦੇ ਹੱਕ ਵਿੱਚ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਖਾਸ ਤੌਰ ’ਤੇ ਪਰਵਾਸੀ ਪੰਜਾਬੀ ਮਹਿਲਾਵਾਂ ਨੂੰ ਪਾਰਟੀ ਦੀਆਂ ਨੀਤੀਆਂ ਨਾਲ ਜੁੜਨ ਦੀ ਅਪੀਲ ਕੀਤੀ।

ਮੱਖਣ ਸਿੰਘ ਬਰਾੜ ਨੇ ਕਿਹਾ ਕਿ ਪਾਰਟੀ ਨੇ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਸੁਧਾਰ ਲਈ ਵਿਸਤ੍ਰਿਤ ਬਲੂਪ੍ਰਿੰਟ ਤਿਆਰ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਸਰਕਾਰ ਬਣਨ ’ਤੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

**ਕੈਨੇਡਾ ਦੀ ਧਰਤੀ ਤੋਂ ਉੱਠਦੀਆਂ ਰਹੀਆਂ ਹਨ ਵੱਡੀਆਂ ਲਹਿਰਾਂ**

ਕਾਨਫਰੰਸ ਦੇ ਅੰਤ ਵਿੱਚ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕੈਨੇਡਾ ਦੀ ਧਰਤੀ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀ ਭਾਈਚਾਰੇ ਨਾਲ ਜੁੜੀਆਂ ਵੱਡੀਆਂ ਲਹਿਰਾਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀਆਂ ਦੀ ਭੂਮਿਕਾ ਪੰਜਾਬ ਦੇ ਭਵਿੱਖ ਨੂੰ ਨਿਰਧਾਰਿਤ ਕਰਨ ਵਿੱਚ ਅਹਿਮ ਰਹੀ ਹੈ ਅਤੇ ਅੱਗੇ ਵੀ ਰਹੇਗੀ। ਇਸ ਮੌਕੇ ਬੇਅੰਤ ਸਿੰਘ ਧਾਲੀਵਾਲ, ਜੋਤੀਮਾਨ ਤਾਜਪੁਰੀ, ਨਿਰਵੈਰ ਸਿੰਘ ਟੱਕਰ ਮਾਛੀਵਾੜਾ ਸਮੇਤ ਹੋਰ ਆਗੂਆਂ ਅਤੇ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਕਾਨਫਰੰਸ ਦੌਰਾਨ ਪਰਵਾਸੀ ਪੰਜਾਬੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਪਾਰਟੀ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ।

























# ਕੈਨੇਡਾ ਦੇ ਵੱਕਾਰੀ ਗਵਰਨਰ ਜਨਰਲ ਅਕਾਦਮਿਕ ਮੈਡਲ ਨਾਲ ਸਨਮਾਨਿਤ ਹੋਈ ਪੰਜਾਬੀ ਧੀ ਏਵਾ ਪੰਨੂ , ਪੰਨੂ ਪਰਿਵਾਰ ਲਈ ਮਾਣ ਵਾਲਾ ਪਲ







**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) –** ਪੰਨੂ ਪਰਿਵਾਰ ਲਈ ਅੱਜ ਦਾ ਦਿਨ ਬੇਹੱਦ ਖ਼ੁਸ਼ੀ ਅਤੇ ਮਾਣ ਵਾਲਾ ਰਿਹਾ, ਜਦੋਂ ਉਨ੍ਹਾਂ ਦੀ ਧੀ ਏਵਾ ਪੰਨੂ ਨੂੰ ਕੈਨੇਡਾ ਦੇ ਸਭ ਤੋਂ ਵੱਕਾਰੀ ਵਿਦਿਅਕ ਸਨਮਾਨਾਂ ਵਿੱਚੋਂ ਇੱਕ ਗਵਰਨਰ ਜਨਰਲ ਅਕਾਦਮਿਕ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਇਹ ਮੈਡਲ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਆਪਣੇ ਸਕੂਲ ਵਿੱਚ ਗ੍ਰੈਜੂਏਸ਼ਨ ਦੌਰਾਨ ਸਭ ਤੋਂ ਉੱਚਾ ਗ੍ਰੇਡ ਪੁਆਇੰਟ ਐਵਰੇਜ (ਘਫਅ) ਹਾਸਲ ਕਰਦੇ ਹੋਏ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਕੀਤਾ ਹੋਵੇ। ਇਸ ਵਿਲੱਖਣ ਪ੍ਰਾਪਤੀ ਨਾਲ ਉਸ ਨੇ ਨਾ ਸਿਰਫ਼ ਆਪਣੇ ਪਰਿਵਾਰ, ਸਗੋਂ ਪੰਜਾਬੀ ਭਾਈਚਾਰੇ ਦਾ ਨਾਮ ਵੀ ਰੌਸ਼ਨ ਕੀਤਾ ਹੈ।

ਉਹ ਇਸ ਸਮੇਂ ਇੰਜੀਨੀਅਰਿੰਗ ਦੀ ਉੱਚ ਸਿੱਖਿਆ ਪ੍ਰਾਪਤ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਨਵੀਆਂ ਉਚਾਈਆਂ ਨੂੰ ਛੂਹਣ ਲਈ ਯਤਨਸ਼ੀਲ ਹੈ।

ਇਸ ਮੌਕੇ 'ਤੇ ਮਾਤਾ ਲਵੀ ਪੰਨੂ ਅਤੇ ਪਿਤਾ ਮਨਜਿੰਦਰ ਪੰਨੂ ਨੇ ਆਪਣੀ ਧੀ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਮਾਣ ਪ੍ਰਗਟ ਕਰਦਿਆਂ ਉਸ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਹ ਸਵ. ਰਾਜਿੰਦਰ ਸਿੰਘ ਗਿੱਲ, ਜੋ ਇੱਕ ਪ੍ਰਸਿੱਧ ਸਿੱਖਿਆਇਕ ਅਤੇ ਸਮਾਜ ਸੇਵੀ ਸਨ, ਅਤੇ ਪ੍ਰਿਤਪਾਲ ਕੌਰ ਗਿੱਲ, ਸਾਬਕਾ ਬਲਾਕ ਐਜੂਕੇਸ਼ਨ ਅਫ਼ਸਰ, ਦੀ ਦੋਹਤੀ ਹੈ। ਇਸ ਤੋਂ ਇਲਾਵਾ ਉਹ ਸ. ਡੀ. ਐਸ. ਪੰਨੂ (ਸੇਵਾਮੁਕਤ ਜ਼ਿਲ੍ਹਾ ਮਿੱਟੀ ਸੰਭਾਲ ਅਫ਼ਸਰ) ਅਤੇ ਗੁਰਮੀਤ ਕੌਰ ਪੰਨੂ ਦੀ ਪੋਤੀ ਹੈ।

ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਵੱਲੋਂ ਇਸ ਸ਼ਾਨਦਾਰ ਸਫਲਤਾ 'ਤੇ ਧੀ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਜਾ ਰਹੀਆਂ ਹਨ। ਇਹ ਉਪਲਬਧੀ ਮਿਹਨਤ, ਲਗਨ ਅਤੇ ਉੱਚੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਪ੍ਰੇਰਣਾਦਾਇਕ ਮਿਸਾਲ ਹੈ।

## ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗੁਰਦੇਵ ਸਿੰਘ ਮਾਨ ਦੀ ਯਾਦ ਵਿੱਚ ਸਮਾਗਮ





**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗੁਰਦੇਵ ਸਿੰਘ ਮਾਨ ਦੀ ਯਾਦ ਵਿੱਚ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸਮਾਗਮ ਕੀਤਾ ਗਿਆ।

ਇਸ ਸਮਾਗਮ ਵਿੱਚ ਗੁਰਦੇਵ ਸਿੰਘ ਮਾਨ ਯਾਦਗਾਰੀ ਅਵਾਰਡ ਪੰਜਾਬੀ ਲੇਖਕਾ ਡਾ ਗੁਰਮਿੰਦਰ ਕੌਰ ਸਿੱਧੂ ਨੂੰ ਦਿੱਤਾ ਗਿਆ।

ਇਸ ਮੌਕੇ ਸ. ਗੁਰਦੇਵ ਸਿੰਘ ਮਾਨ ਦੇ ਲਿਖੇ ਸੁੰਦਰ ਗੀਤ 'ਜਿੰਦੇ ਮੇਰੀਏ' ਨੂੰ ਪ੍ਰਸਿੱਧ ਗਾਇਕ ਸੁਰਜੀਤ ਸਿੰਘ ਮਾਧੋਪੁਰੀ ਦੀ ਆਵਾਜ਼ ਵਿੱਚ ਰਿਲੀਜ਼ ਕਰਕੇ, ਉਨ੍ਹਾਂ ਦੀ ਸਾਹਿਤਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਯਤਨ ਕੀਤਾ ਗਿਆ।

ਲੇਖਕ ਗੁਰਦੇਵ ਸਿੰਘ ਮਾਨ ਦੇ ਜੀਵਨ ਅਤੇ ਦੇਣ ਬਾਰੇ ਮੁੱਖ ਬੁਲਾਰੇ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਮਾਨ ਸਾਹਿਬ ਧੜਲੇ ਨਾਲ ਹੱਕ ਸੱਚ ਦੀ ਗੱਲ ਕਰਦੇ ਸੀ।

ਉਹਨਾਂ ਗੁਰਦੇਵ ਸਿੰਘ ਮਾਨ ਵੱਲੋਂ ਅਮ੍ਰਿਤਾ ਪ੍ਰੀਤਮ ਦੁਆਰਾ ਵਾਰਸ ਸ਼ਾਹ ਨੂੰ ਆਵਾਜ਼ ਮਾਰਨ ਦੀ ਆਲੋਚਨਾ ਕਰਦਿਆਂ ਬੇਬਾਕੀ ਨਾਲ ਕਿਹਾ ਸੀ ਕਿ ਅੰਮ੍ਰਿਤਾ ਵਾਰਸ ਦੀ ਥਾਂ ਗੁਰੂ ਨਾਨਕ ਸਾਹਿਬ ਨੂੰ ਆਵਾਜ਼ ਮਾਰਦੀ, ਤਾਂ ਠੀਕ ਹੁੰਦਾ। ਸ਼ਾਹੀ ਕੇਟਰਿੰਗ ਸਰੀ ਦੇ ਹਾਲ ਵਿੱਚ ਹੋਏ ਇਸ ਸਮਾਗਮ ਵਿੱਚ ਸਿਆਟਲ ਤੋਂ ਆਏ ਲਿਖਾਰੀ ਹਰਦਿਆਲ ਸਿੰਘ ਚੀਮਾ, ਗੁਰਦੇਵ ਸਿੰਘ ਮਾਨ ਦੇ ਸਪੁੱਤਰ ਰਾਜਬੀਰ ਸਿੰਘ ਮਾਨ, ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਤੇ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ, ਜਦਕਿ ਪ੍ਰੋਗਰਾਮ ਦਾ ਸੰਚਾਲਨ ਸੰਸਥਾ ਦੇ ਸੈਕਟਰੀ ਪ੍ਰਿਤਪਾਲ ਸਿੰਘ ਗਿੱਲ ਵੱਲੋਂ ਕੀਤਾ ਗਿਆ।

ਸਾਹਿਤਕ ਸਮਾਗਮ ਵਿੱਚ ਕਵੀਸ਼ਰੀ ਰੰਗ ਚਮਕੌਰ ਸਿੰਘ ਸੇਖੋਂ ਵੱਲੋਂ ਭਰਿਆ ਗਿਆ, ਜਦਕਿ ਹਾਜ਼ਰ ਸ਼ਖਸੀਅਤਾਂ ਅਤੇ ਬੁਲਾਰਿਆਂ ਵਿੱਚ ਗੁਰਦੇਵ ਸਿੰਘ ਮਾਨ ਦੇ ਪਰਿਵਾਰਿਕ ਮੈਂਬਰ, ਬਲਵੀਰ ਸਿੰਘ ਸੰਘਾ, ਬਲਦੇਵ ਸਿੰਘ ਬਾਠ, ਜਸਵੀਰ ਕੌਰ ਮਾਨ, ਦਰਸ਼ਨ ਸਿੰਘ ਸੰਘਾ, ਡਾ ਜਸਮਲਕੀਤ, ਸੁਖੀ ਬਾਠ, ਰਾਜ ਭੁੱਲਰ, ਪ੍ਰੀਤਪਾਲ ਪੂਨੀ ਅਟਵਾਲ, ਸੁਰਜੀਤ ਸਿੰਘ ਬਾਠ, ਕੇਸਰ ਸਿੰਘ ਕੂਨਰ, ਹਰਚਰਨ ਸਿੰਘ ਸੰਧੂ, ਹਰਚੰਦ ਸਿੰਘ ਗਿੱਲ ਸਣੇ ਬਹੁਤ ਸਾਰੀਆਂ ਮੀਡੀਆ ਹਸਤੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਾਹਿਤ, ਸੰਗੀਤ ਅਤੇ ਪੰਜਾਬੀਅਤ ਨੂੰ ਸਮਰਪਿਤ ਇਹ ਸਮਾਗਮ ਯਾਦਗਾਰ ਬਣਿਆ।






## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਮੈਂਬਰਾਂ ਨੇ ਐਲਿਸ ਲੇਕ ਸਕਾਮਿਸ਼ ਵਿਖੇ ਯਾਦਗਾਰੀ ਪਿਕਨਿਕ ਟੂਰ ਲਾਇਆ



**ਸਰੀ, 25 ਜੂਨ (ਹਰਦਮ ਮਾਨ) –** ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਸਾਲ 2026 ਦਾ ਤੀਜਾ ਪਿਕਨਿਕ ਟੂਰ ਸੁੰਦਰ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਐਲਿਸ ਲੇਕ ਸਕਾਮਿਸ਼ ਵਿਖੇ ਲਾਇਆ ਗਿਆ। ਇਸ ਮਨੋਰੰਜਕ ਅਤੇ ਯਾਦਗਾਰੀ ਯਾਤਰਾ ਦੌਰਾਨ ਸੀਨੀਅਰ ਮੈਂਬਰਾਂ ਨੇ ਕੁਦਰਤ ਦੀ ਗੋਦ ਵਿੱਚ ਖੁਸ਼ਗਵਾਰ ਪਲ ਬਿਤਾਏ ਅਤੇ ਆਪਸੀ ਸਾਂਝ ਤੇ ਸੱਭਿਆਚਾਰਕ ਰੰਗਾਂ ਦਾ ਭਰਪੂਰ ਆਨੰਦ ਮਾਣਿਆ। ਅਵਤਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਇਹ ਟੂਰ ਸਵੇਰੇ ਸੀਨੀਅਰ ਸੈਂਟਰ ਤੋਂ ਬੱਸ ਰਾਹੀਂ ਰਵਾਨਾ ਹੋਇਆ।

ਰਵਾਨਗੀ ਤੋਂ ਪਹਿਲਾਂ ਸੰਸਥਾ ਦੇ ਸਕੱਤਰ ਹਰਚੰਦ ਸਿੰਘ ਗਿੱਲ ਨੇ ਸਮੂਹ ਮੈਂਬਰਾਂ ਨੂੰ 'ਜੀ ਆਇਆਂ' ਆਖਦਿਆਂ ਟੂਰ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਅਤੇ ਸਾਰਿਆਂ ਨੂੰ ਪਿਕਨਿਕ ਦਾ ਪੂਰਾ ਆਨੰਦ ਮਾਣਨ ਲਈ ਆਪਸੀ ਸਹਿਯੋਗ ਦੀ ਅਪੀਲ ਕੀਤੀ।

ਪਹਾੜਾਂ ਅਤੇ ਹਰਿਆਲੀ ਨਾਲ ਸਜੇ ਮਨਮੋਹਕ ਰਸਤੇ ਦਾ ਲੁਤਫ਼ ਲੈਂਦਿਆਂ ਸੀਨੀਅਰ ਮੈਂਬਰ ਪਹਿਲਾਂ ਸ਼ੈਨਨ ਫਾਲਜ਼ ਪ੍ਰੋਵਿੰਸ਼ਲ ਪਾਰਕ ਪਹੁੰਚੇ, ਜਿੱਥੇ ਉਨ੍ਹਾਂ ਨੇ ਝਰਨਿਆਂ ਦੇ ਦਿਲਕਸ਼ ਨਜ਼ਾਰਿਆਂ ਦਾ ਆਨੰਦ ਮਾਣਿਆ ਅਤੇ ਯਾਦਗਾਰੀ ਤਸਵੀਰਾਂ ਖਿੱਚਵਾਈਆਂ। ਇਸ ਉਪਰੰਤ ਸਾਰੇ ਮੈਂਬਰ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਪਹੁੰਚੇ, ਜਿੱਥੇ ਕੁਦਰਤ ਦੀ ਸ਼ਾਂਤਮਈ ਫ਼ਿਜ਼ਾ ਨੇ ਸਭ ਦਾ ਮਨ ਮੋਹ ਲਿਆ।

ਪਾਰਕ ਵਿੱਚ ਸਜਾਈ ਕਾਵਿ-ਮਹਿਫ਼ਲ ਇਸ ਪਿਕਨਿਕ ਦਾ ਖ਼ਾਸ ਆਕਰਸ਼ਣ ਰਹੀ। ਸ਼ਾਇਰੀ ਅਤੇ ਸਾਹਿਤ ਨਾਲ ਪ੍ਰੇਮ ਕਰਨ ਵਾਲੇ ਮੈਂਬਰਾਂ ਨੇ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਰਾਹੀਂ ਰੰਗਾਰੰਗ ਮਾਹੌਲ ਸਿਰਜ ਦਿੱਤਾ। ਇਸ ਮਹਿਫ਼ਲ ਦੀ ਸ਼ੁਰੂਆਤ ਜਗੀਰ ਸਿੰਘ ਲਾਲੀ ਨੇ ਕੀਤੀ। ਉਪਰੰਤ ਮਨਜੀਤ ਸਿੰਘ ਮੱਲ੍ਹਾ, ਬੇਅੰਤ ਸਿੰਘ ਢਿੱਲੋਂ, ਗੁਰਮੇਲ ਸਿੰਘ ਧਾਲੀਵਾਲ ਅਤੇ ਹਰਚੰਦ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਅਤੇ ਪੇਸ਼ਕਾਰੀਆਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਮਨਜੀਤ ਸਿੰਘ ਮੱਲ੍ਹਾ ਨੇ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਹਰਦਮ ਮਾਨ ਦੀਆਂ ਗ਼ਜ਼ਲਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕਰਕੇ ਖ਼ੂਬ ਵਾਹ-ਵਾਹ ਖੱਟੀ। ਸਮੁੱਚੀ ਮਹਿਫ਼ਲ ਦਾ ਸੁਚੱਜਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਕੀਤਾ।

ਟੂਰ ਨੂੰ ਸਫਲ ਬਣਾਉਣ ਵਿੱਚ ਬਲਦੇਵ ਸਿੰਘ ਬੀਰੀਆ, ਸੁਸ਼ੀਲ ਚੌਧਰੀ, ਬਲਬੀਰ ਸਿੰਘ ਗਰਚਾ ਅਤੇ ਗੁਰਜੀਵਨ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਸ਼ਾਮ ਵੇਲੇ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਤੋਂ ਵਾਪਸੀ ਲਈ ਰਵਾਨਾ ਹੋ ਕੇ ਸਾਰੇ ਸੀਨੀਅਰ ਮੈਂਬਰ ਸੁਖਦ ਯਾਦਾਂ ਨਾਲ ਭਰਪੂਰ ਮਨਾਂ ਨਾਲ ਸਰੀ ਸਥਿਤ ਸੀਨੀਅਰ ਸੈਂਟਰ ਪਹੁੰਚੇ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਟੂਰ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ, ਪ੍ਰਬੰਧਕਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।

## ਸੰਪਾਦਕੀ

# ਭਾਰਤੀ ਵਿਦੇਸ਼ ਮੰਤਰਾਲੇ ਦੇ ਇਸ ਬਿਆਨ:

'ਪਾਸਪੋਰਟ ਭਾਰਤੀ ਨਾਗਰਿਕਤਾ ਦਾ ਪੱਕਾ ਸਬੂਤ ਨਹੀਂ ਹੈ', ਨੇ ਮਸਲੇ ਨੂੰ ਸੁਲਝਾਉਣ ਦੀ ਬਜਾਏ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਜਿੱਥੇ ਇੱਕ ਪਾਸੇ ਵਿਰੋਧੀ ਧਿਰ ਦੇ ਆਗੂਆਂ ਨੇ ਇਸ ਤਰਕ ਦੀ ਤਿੱਖੀ ਨਿਖੇਧੀ ਕੀਤੀ ਹੈ, ਉੱਥੇ ਸਰਕਾਰ ਦਾ ਦਾਅਵਾ ਹੈ ਕਿ ਇਹ ਨਾ ਤਾਂ ਕੋਈ ਨਵੀਂ ਨੀਤੀ ਹੈ ਤੇ ਨਾ ਹੀ ਕੋਈ ਨਵਾਂ ਫ਼ੈਸਲਾ। ਪਾਸਪੋਰਟ ਐਕਟ 1967 ਮੁਤਾਬਿਕ ਖ਼ਾਸ ਹਾਲਾਤ ਵਿੱਚ ਗ਼ੈਰ-ਨਾਗਰਿਕਾਂ ਨੂੰ ਵੀ ਪਾਸਪੋਰਟ ਜਾਰੀ ਕੀਤਾ ਜਾ ਸਕਦਾ ਹੈ ਅਤੇ ਅਦਾਲਤੀ ਫ਼ੈਸਲੇ ਵੀ ਇਹੀ ਮੰਨਦੇ ਹਨ ਕਿ ਮੁੱਖ ਤੌਰ 'ਤੇ ਇਹ ਸਿਰਫ਼ ਯਾਤਰਾ ਦਸਤਾਵੇਜ਼ ਹੈ। ਇਹ ਮਾਮਲਾ ਸਿਰਫ਼ ਕਾਨੂੰਨੀ ਗੁੰਝਲਾਂ ਤੱਕ ਹੀ ਸੀਮਤ ਨਹੀਂ ਹੈ। ਪਾਸਪੋਰਟ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਉਨ੍ਹਾਂ ਦਸਤਾਵੇਜ਼ਾਂ ਵਿੱਚੋਂ ਇੱਕ ਹੈ, ਜਿਸ ਦੀ ਸਭ ਤੋਂ ਬਾਰੀਕੀ ਅਤੇ ਸਖ਼ਤੀ ਨਾਲ ਜਾਂਚ ਕੀਤੀ ਜਾਂਦੀ ਹੈ। ਇਸ ਨੂੰ ਬਣਵਾਉਣ ਲਈ ਢੇਰਾਂ ਕਾਗਜ਼ਾਤ, ਪਛਾਣ ਦੀ ਪੜਤਾਲ ਅਤੇ ਪੁਲੀਸ ਵੈਰੀਫਿਕੇਸ਼ਨ ਦੀ ਲੰਮੀ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ। ਇਸ ਕਰਕੇ ਸਰਕਾਰ ਦਾ ਇਹ ਬਿਆਨ ਕਿ ਇਹ ਨਾਗਰਿਕਤਾ ਦਾ ਪੱਕਾ ਸਬੂਤ ਨਹੀਂ, ਗਲੇ ਨਹੀਂ ਉਤਰਦਾ। ਅਸਲ ਰੌਲਾ ਨਾਗਰਿਕਤਾ ਦਾ ਸਿਰਫ਼ ਸਬੂਤ ਦਿਖਾਉਣ ਅਤੇ ਉਸ ਨੂੰ ਸੌ ਫ਼ੀਸਦੀ ਸੱਚ ਸਾਬਿਤ ਕਰਨ ਵਿਚਕਾਰਲੇ ਫ਼ਰਕ ਦਾ ਹੈ।ਭਾਰਤੀ ਕਾਨੂੰਨ ਵਿੱਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ, ਜੋ ਕਿਸੇ ਇੱਕ ਦਸਤਾਵੇਜ਼ ਨੂੰ ਪੂਰੇ ਦੇਸ਼ ਵਿੱਚ ਨਾਗਰਿਕਤਾ ਦੇ ਸਰਟੀਫਿਕੇਟ ਵਜੋਂ ਮਾਨਤਾ ਦਿੰਦਾ ਹੋਵੇ। ਨਾਗਰਿਕਤਾ ਐਕਟ 1955 ਮੁਤਾਬਿਕ ਦੇਸ਼ ਦੀ ਨਾਗਰਿਕਤਾ ਮੁੱਖ ਤੌਰ 'ਤੇ ਜਨਮ, ਵੰਸ਼, ਰਜਿਸਟ੍ਰੇਸ਼ਨ, ਦੇਸ਼ ਦੇ ਮੂਲ ਵਾਸੀ ਹੋਣ ਜਾਂ ਭਾਰਤ ਵਿੱਚ ਸ਼ਾਮਿਲ ਹੋ ਕੇ ਦੇਸ਼ ਦਾ ਹਿੱਸਾ ਬਣ ਚੁੱਕੇ ਕਿਸੇ ਬਾਹਰੀ ਖੇਤਰ ਦੇ ਵਾਸੀ ਹੋਣ ਦੇ ਆਧਾਰ 'ਤੇ ਮਿਲਦੀ ਹੈ। ਇਹੀ ਕਾਰਨ ਹੈ ਕਿ ਨਾਗਰਿਕਤਾ ਸਾਬਿਤ ਕਰਨ ਲਈ ਕਿਸੇ ਇੱਕ ਕਾਗਜ਼ ਦੀ ਬਜਾਏ ਅਲੱਗ-ਅਲੱਗ ਦਸਤਾਵੇਜ਼ਾਂ ਦੇ ਸੁਮੇਲ ਦੀ ਲੋੜ ਪੈਂਦੀ ਹੈ। ਭਾਵੇਂ ਪਾਸਪੋਰਟ, ਵੋਟਰ ਕਾਰਡ, ਆਧਾਰ ਕਾਰਡ, ਪੈਨ ਕਾਰਡ ਜਾਂ ਜਨਮ ਸਰਟੀਫਿਕੇਟ- ਇਹ ਸਾਰੇ ਦਸਤਾਵੇਜ਼ ਨਾਗਰਿਕ ਹੋਣ ਦੇ ਦਾਅਵੇ ਨੂੰ ਮਜ਼ਬੂਤ ਜ਼ਰੂਰ ਕਰਦੇ ਹਨ, ਪਰ ਕਾਨੂੰਨੀ ਤੌਰ 'ਤੇ ਇਨ੍ਹਾਂ ਵਿੱਚੋਂ ਕੋਈ ਵੀ ਅਜਿਹਾ ਨਹੀਂ ਹੈ ਜਿਸ ਨੂੰ ਹਰ ਹਾਲਤ ਵਿੱਚ ਪੱਕਾ ਸਬੂਤ ਮੰਨਿਆ ਜਾ ਸਕੇ।

ਇਹ ਸਾਰਾ ਵਿਵਾਦ ਵੋਟਰ ਸੂਚੀਆਂ ਦੀ ਸੋਧ ਅਤੇ ਨਾਗਰਿਕਤਾ ਦੀ ਪੜਤਾਲ ਦੇ ਚੱਲ ਰਹੇ ਕੰਮ ਦਰਮਿਆਨ ਖੜ੍ਹਾ ਹੋਇਆ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖ਼ਰ ਕਿਹੜਾ ਕਾਗਜ਼ ਨਾਗਰਿਕਤਾ ਦਾ ਪੱਕਾ ਸਬੂਤ ਮੰਨਿਆ ਜਾਵੇ? ਸਰਕਾਰ ਦਾ ਤਰਕ ਹੈ ਕਿ ਨਾਗਰਿਕਤਾ ਕਿਸੇ ਇੱਕ ਦਸਤਾਵੇਜ਼ ਨਾਲ ਨਹੀਂ, ਸਗੋਂ ਕਾਨੂੰਨ ਅਤੇ ਸਾਰੇ ਸਬੂਤਾਂ ਦੇ ਆਧਾਰ 'ਤੇ ਤੈਅ ਹੁੰਦੀ ਹੈ। ਸਰਕਾਰ ਦਾ ਇਹ ਅੜੀਅਲ ਰਵੱਈਆ ਇੱਕ ਵੱਡੀ ਨੀਤੀਗਤ ਚੁਣੌਤੀ ਖੜ੍ਹੀ ਕਰਦਾ ਹੈ। ਇੱਕ ਜਮਹੂਰੀ ਦੇਸ਼ ਵਿੱਚ ਨਾਗਰਿਕਤਾ ਹੀ ਵੋਟ ਪਾਉਣ ਦੇ ਅਧਿਕਾਰ, ਸੰਵਿਧਾਨਕ ਸੁਰੱਖਿਆ ਅਤੇ ਸਿਆਸੀ ਹਿੱਸੇਦਾਰੀ ਦੀ ਨੀਂਹ ਹੁੰਦੀ ਹੈ। ਅਲੱਗ-ਅਲੱਗ ਕਾਗਜ਼ਾਂ ਦੇ ਭਰੋਸੇ ਰਹਿਣ ਨਾਲ ਆਮ ਲੋਕਾਂ ਵਿੱਚ ਆਪਣੀ ਹੀ ਨਾਗਰਿਕਤਾ ਨੂੰ ਲੈ ਕੇ ਸ਼ਸ਼ੋਪੰਜ ਪੈਦਾ ਹੋ ਸਕਦੀ ਹੈ। ਇਸ ਲਈ ਬਹਿਸ ਸਿਰਫ਼ ਇਸ ਗੱਲ 'ਤੇ ਨਹੀਂ ਹੋਣੀ ਚਾਹੀਦੀ ਕਿ ਪਾਸਪੋਰਟ ਸਬੂਤ ਹੈ ਜਾਂ ਨਹੀਂ ਸਗੋਂ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਦੇਸ਼ ਦੇ ਹਰ ਨਾਗਰਿਕ ਦੀ ਪਛਾਣ ਤੈਅ ਕਰਨ ਲਈ ਇੱਕ ਸਾਫ਼, ਪਾਰਦਰਸ਼ੀ ਅਤੇ ਸਪੱਸ਼ਟ ਕਾਨੂੰਨੀ ਨਿਯਮ ਤਿਆਰ ਕਰੇ।

# ਭਾਰਤੀ ਫ਼ਿਲਮ 'ਮੈਂ ਵਾਪਸ ਆਊਂਗਾ': ਪਾਕਿਸਤਾਨ 'ਚ ਵੀ ਚਰਚੇ—ਇਮਤਿਆਜ਼ ਅਲੀ ਦੀ ਕਹਾਣੀ ਵਿੱਚ ਖ਼ਾਸ ਕੀ?





ਮਸ਼ਹੂਰ ਭਾਰਤੀ ਡਾਇਰੈਕਟਰ ਅਤੇ ਫਿਲਮਮੇਕਰ ਇਮਤਿਆਜ਼ ਅਲੀ ਦੀ ਨਵੀਂ ਫ਼ਿਲਮ "ਮੈਂ ਵਾਪਸ ਆਊਂਗਾ" ਨੂੰ ਨਾ ਸਿਰਫ਼ ਭਾਰਤ ਵਿੱਚ ਸਗੋਂ ਪਾਕਿਸਤਾਨ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੀ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਨੂੰ ਇਸ ਦੀ ਭਾਵਨਾਤਮਕ ਕਹਾਣੀ, ਭਾਰਤ ਦੀ ਵੰਡ ਵਰਗੇ ਸੰਵੇਦਨਸ਼ੀਲ ਵਿਸ਼ੇ ਅਤੇ ਸ਼ਾਨਦਾਰ ਅਦਾਕਾਰੀ ਲਈ ਖ਼ਾਸ ਤੌਰ 'ਤੇ ਸਰਾਹਿਆ ਜਾ ਰਿਹਾ ਹੈ।

ਜਿੱਥੇ ਬਾਲੀਵੁੱਡ ਦੇ ਦਰਸ਼ਕ ਪਹਿਲਾਂ ਹੀ ਇਮਤਿਆਜ਼ ਅਲੀ ਦੇ ਕਹਾਣੀ ਸੁਣਾਉਣ ਦੇ ਅੰਦਾਜ਼ ਦੇ ਕਾਇਲ ਰਹੇ ਹਨ, ਉੱਥੇ ਹੀ ਇਸ ਵਾਰ ਪਾਕਿਸਤਾਨ ਵਿੱਚ ਵੀ ਆਨਲਾਈਨ ਇਸ ਫ਼ਿਲਮ ਦੀ ਕਾਫ਼ੀ ਚਰਚਾ ਹੋ ਰਹੀ ਹੈ।

ਫ਼ਿਲਮ ਦੇ ਸ਼ੁਰੂਆਤੀ ਦ੍ਰਿਸ਼ ਵਿੱਚ ਨਸੀਰੁੱਦੀਨ ਸ਼ਾਹ ਹੱਥ ਵਿੱਚ ਕਲਮ ਫੜ ਕੇ ਉਰਦੂ ਦੇ ਕੁਝ ਅੱਖਰ ਲਿਖਦੇ ਨਜ਼ਰ ਆਉਂਦੇ ਹਨ। ਇਸੇ ਪਲ ਤੋਂ ਇਹ ਅਹਿਸਾਸ ਹੋ ਜਾਂਦਾ ਹੈ ਕਿ ਕਹਾਣੀ ਅਤੀਤ, ਯਾਦਾਂ ਅਤੇ ਇੱਕ ਅਧੂਰੀ ਦਾਸਤਾਨ ਦੇ ਆਲੇ-ਦੁਆਲੇ ਘੁੰਮੇਗੀ। ਸਿਨੇਮਾ ਹਾਲ ਵਿੱਚ ਫ਼ਿਲਮ ਦਾ ਸਿਰਲੇਖ ਵੀ ਉਰਦੂ ਲਿਪੀ ਵਿੱਚ ਦਿਖਾਈ ਦਿੰਦਾ ਹੈ।

ਭਾਰਤ ਦੀ ਵੰਡ ਦੀ ਪਿਛੋਕੜ 'ਤੇ ਬਣੀ ਇਸ ਫ਼ਿਲਮ ਨੇ ਇੱਕ ਵਾਰ ਫਿਰ ਦੋਵੇਂ ਦੇਸ਼ਾਂ ਦੇ ਦਰਸ਼ਕਾਂ ਦਾ ਧਿਆਨ ਉਸ ਇਤਿਹਾਸ ਵੱਲ ਖਿੱਚਿਆ ਹੈ ਜਿਸ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਸੀ।

ਪਾਕਿਸਤਾਨੀ ਫ਼ਿਲਮਕਾਰ ਉਮੈਰ ਨਾਸਿਰ ਅਲੀ ਨੇ ਫ਼ਿਲਮ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਵੰਡ ਦੀ ਮਨੁੱਖੀ ਕੀਮਤ ਨੂੰ ਬਹੁਤ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ।

ਉਮੈਰ ਨਾਸਿਰ ਅਲੀ ਨੇ ਕਿਹਾ, "ਮੈਨੂੰ ਹਮੇਸ਼ਾ ਤੋਂ ਇਮਤਿਆਜ਼ ਅਲੀ ਦੀਆਂ ਫ਼ਿਲਮਾਂ ਪਸੰਦ ਰਹੀਆਂ ਹਨ, ਪਰ ਮੇਰੇ ਖ਼ਿਆਲ ਵਿੱਚ ਫਿਲਮਮੇਕਰ ਦੇ ਤੌਰ 'ਤੇ "ਮੈਂ ਵਾਪਸ ਆਊਂਗਾ" ਉਨ੍ਹਾਂ ਦੀ ਸਭ ਤੋਂ ਬਿਹਤਰੀਨ ਫਿਲਮ ਹੈ। ਇਹ ਬਹੁਤ ਹੀ ਖ਼ੂਬਸੂਰਤ ਅਤੇ ਰਚਨਾਤਮਕ ਕੰਮ ਹੈ। ਇਹ ਇੱਕ ਸੱਚੀ ਫਿਲਮ ਹੈ ਜਿਸਨੂੰ ਬਹੁਤ ਪਿਆਰ ਨਾਲ ਬਣਾਇਆ ਗਿਆ ਹੈ।"

ਪਾਕਿਸਤਾਨੀ ਫ਼ਿਲਮ 'ਨਾਯਾਬ' ਦੇ ਨਿਰਦੇਸ਼ਕ ਉਮੈਰ ਦਾ ਕਹਿਣਾ ਹੈ ਕਿ ਫ਼ਿਲਮ ਦੀ ਐਡੀਟਿੰਗ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਉਹ ਕਹਿੰਦੇ ਹਨ, "ਪੂਰੀ ਫ਼ਿਲਮ ਦੌਰਾਨ ਦੋ ਵੱਖ-ਵੱਖ ਕਹਾਣੀਆਂ ਅਤੇ ਭਾਵਨਾਵਾਂ ਨੂੰ ਇੱਕੋ ਸਮੇਂ ਅੱਗੇ ਵਧਾਉਣਾ ਆਸਾਨ ਨਹੀਂ ਹੁੰਦਾ, ਪਰ ਐਡੀਟਰ ਆਰਤੀ ਬਜਾਜ ਨੇ ਜਿਸ ਤਰ੍ਹਾਂ ਇਸ ਨੂੰ ਸੰਭਾਲਿਆ ਹੈ, ਉਹ ਵਾਕਈ ਕਾਬਿਲ-ਏ-ਤਾਰੀਫ਼ ਹੈ। ਫਿਲਮ ਦੀਆਂ ਭਾਵਨਾਵਾਂ ਅਖੀਰ ਤੱਕ ਬਣੀਆਂ ਰਹਿੰਦੀਆਂ ਹਨ।"

ਉਮੈਰ ਨੇ ਫ਼ਿਲਮ ਦੇ ਹਰ ਪਹਿਲੂ ਦੀ ਸ਼ਲਾਘਾ ਕੀਤੀ ਪਰ ਉਹ ਨਸੀਰੁੱਦੀਨ ਸ਼ਾਹ ਦੀ ਅਦਾਕਾਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਏ।

ਕਹਾਣੀ ਕੀ ਹੈ ?

"ਮੈਂ ਵਾਪਸ ਆਊਂਗਾ" ਦਰਸ਼ਕਾਂ ਨੂੰ ਸ਼ੁਰੂ ਤੋਂ ਹੀ ਬੰਨ੍ਹ ਕੇ ਰੱਖਦੀ ਹੈ। ਇਹ ਕਹਾਣੀ 95 ਸਾਲ ਦੇ ਈਸ਼ਰ ਸਿੰਘ ਗਰੇਵਾਲ ਦੀ ਹੈ, ਜਿਨ੍ਹਾਂ ਦਾ ਕਿਰਦਾਰ ਨਸੀਰੁੱਦੀਨ ਸ਼ਾਹ ਨੇ ਨਿਭਾਇਆ ਹੈ।

ਉਹ ਲਕਵੇ (ਪੈਰਾਲਿਸਿਸ) ਦੇ ਸ਼ਿਕਾਰ ਹਨ ਅਤੇ ਹੌਲੀ-ਹੌਲੀ ਉਨ੍ਹਾਂ ਦੀ ਯਾਦਦਾਸ਼ਤ ਕਮਜ਼ੋਰ ਹੁੰਦੀ ਜਾ ਰਹੀ ਹੈ।

ਉਨ੍ਹਾਂ ਦਾ ਪੋਤਾ ਨਰਵੀਰ, ਜਿਸ ਦਾ ਕਿਰਦਾਰ ਦਿਲਜੀਤ ਦੋਸਾਂਝ ਨੇ ਨਿਭਾਇਆ ਹੈ, ਇੰਗਲੈਂਡ ਤੋਂ ਵਾਪਸ ਉਨ੍ਹਾਂ ਕੋਲ ਆਉਂਦਾ ਹੈ।

ਈਸ਼ਰ ਸਿੰਘ ਦੀਆਂ ਬਿਖਰੀਆਂ ਯਾਦਾਂ ਵਿੱਚੋਂ ਨਰਵੀਰ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਜਿਹੇ ਸਫ਼ੇ ਮਿਲਦੇ ਹਨ ਜੋ ਵੰਡ ਤੋਂ ਪਹਿਲਾਂ ਦੇ ਪੰਜਾਬ ਅਤੇ ਪਾਕਿਸਤਾਨ ਦੇ ਸ਼ਹਿਰ ਸਰਗੋਧਾ ਨਾਲ ਜੁੜੇ ਹੋਏ ਹਨ।

ਈਸ਼ਰ ਸਿੰਘ ਦੀ ਸਿਰਫ਼ ਇੱਕ ਹੀ ਆਖਰੀ ਇੱਛਾ ਹੈ, ਉਹ ਇੱਕ ਵਾਰ ਫਿਰ ਸਰਗੋਧਾ ਜਾਣਾ ਚਾਹੁੰਦੇ ਹਨ। ਉਹੀ ਸ਼ਹਿਰ ਜਿੱਥੇ ਉਨ੍ਹਾਂ ਆਪਣਾ ਬਚਪਨ ਗੁਜ਼ਾਰਿਆ ਸੀ ਅਤੇ ਜਿੱਥੇ ਕੁਝ ਯਾਦਾਂ, ਕੁਝ ਵਾਅਦੇ ਅਤੇ ਸ਼ਾਇਦ ਇੱਕ ਅਧੂਰਾ ਪਿਆਰ ਰਹਿ ਗਿਆ ਸੀ।

ਫ਼ਿਲਮ ਦੀ ਖਾਸ ਗੱਲ ਇਹ ਹੈ ਕਿ ਇਮਤਿਆਜ਼ ਅਲੀ ਵੰਡ ਨੂੰ ਸਿਰਫ਼ ਇੱਕ ਰਾਜਨੀਤਿਕ ਘਟਨਾ ਵਜੋਂ ਨਹੀਂ ਦੇਖਦੇ, ਸਗੋਂ ਇਸ ਦੇ ਮਨੁੱਖੀ ਪੱਖ ਨੂੰ ਕੇਂਦਰ ਵਿੱਚ ਰੱਖਦੇ ਹਨ।

ਇਸੇ ਕਾਰਨ ਫਿਲਮ ਦੇਖਣ ਵਾਲੇ ਨਾ ਸਿਰਫ਼ ਇਸ ਇਤਿਹਾਸਕ ਘਟਨਾ ਨੂੰ ਦੇਖਦੇ ਹਨ ਬਲਕਿ ਉਸ ਦਰਦ ਨੂੰ ਵੀ ਮਹਿਸੂਸ ਕਰਦੇ ਹਨ ਜੋ ਉਸ ਪੀੜ੍ਹੀ ਨੇ ਸਹਿਆ ਸੀ।

ਦਿੱਲੀ ਦੀ 28 ਸਾਲਾ ਇਕਰਾ ਮੋਹਸਿਨ ਨੇ ਬੀਬੀਸੀ ਉਰਦੂ ਨੂੰ ਦੱਸਿਆ ਕਿ ਫ਼ਿਲਮ ਨੇ ਉਨ੍ਹਾਂ ਨੂੰ ਬਹੁਤ ਭਾਵੁਕ ਕਰ ਦਿੱਤਾ।

ਉਨ੍ਹਾਂ ਕਿਹਾ, "ਅਤੀਤ ਵਿੱਚ ਜੋ ਕੁਝ ਹੋਇਆ, ਖ਼ਾਸ ਕਰਕੇ ਆਪਣਿਆਂ ਦਾ ਵਿਛੋੜਾ, ਸ਼ਾਇਦ ਉਹ ਕਦੇ ਨਹੀਂ ਹੋਣਾ ਚਾਹੀਦਾ ਸੀ।"

ਉਹ ਕਹਿੰਦੇ ਹਨ, "ਮੇਰੇ ਲਈ ਸਭ ਤੋਂ ਚੰਗੀ ਗੱਲ ਇਹ ਸੀ ਕਿ ਅਤੀਤ ਵਿੱਚ ਨਫ਼ਰਤ ਦੇ ਜੋ ਬੀਜ ਬੀਜੇ ਗਏ ਸਨ, ਉਹ ਅੱਜ ਵੀ ਦੋਵੇਂ ਪਾਸਿਆਂ ਦੇ ਲੋਕਾਂ ਨੂੰ ਪੂਰੀ ਤਰ੍ਹਾਂ ਵੱਖ ਨਹੀਂ ਕਰ ਸਕੇ ਹਨ। ਧਰਮ ਅਤੇ ਸਰਹੱਦਾਂ ਆਪਣੀ ਥਾਂ ਹਨ ਪਰ ਭਾਵਨਾਤਮਕ ਰਿਸ਼ਤੇ ਅੱਜ ਵੀ ਜ਼ਿੰਦਾ ਹਨ।"

30 ਸਾਲਾ ਸੰਦੀਪ ਨੇ ਬੀਬੀਸੀ ਉਰਦੂ ਨੂੰ ਕਿਹਾ, "ਮੈਂ ਇਮਤਿਆਜ਼ ਅਲੀ ਦੀਆਂ ਸਾਰੀਆਂ ਫ਼ਿਲਮਾਂ ਦੇਖੀਆਂ ਹਨ ਅਤੇ ਮੇਰੇ ਲਈ "ਮੈਂ ਵਾਪਸ ਆਊਂਗਾ" ਉਨ੍ਹਾਂ ਦਾ ਹੁਣ ਤੱਕ ਦਾ ਸਭ ਤੋਂ ਬਿਹਤਰੀਨ ਕੰਮ ਹੈ।"

ਉਨ੍ਹਾਂ ਕਿਹਾ, "ਫ਼ਿਲਮ ਦੇ ਆਖ਼ਰੀ ਦ੍ਰਿਸ਼ ਨੇ ਮੈਨੂੰ ਅੰਦਰੋਂ ਹਿਲਾ ਦਿੱਤਾ। ਜਦੋਂ ਕੀਨੋ ਮਲਿੱਕਾ ਤੋਂ ਜਾਣ ਦੀ ਇਜਾਜ਼ਤ ਮੰਗਦਾ ਹੈ, ਮੈਂ ਆਪਣੇ ਹੰਝੂ ਨਹੀਂ ਰੋਕ ਸਕਿਆ। ਫ਼ਿਲਮ ਖ਼ਤਮ ਹੋਣ ਤੋਂ ਬਾਅਦ ਵੀ ਫਿਲਮ ਦੀਆਂ ਭਾਵਨਾਵਾਂ ਮੇਰੇ ਨਾਲ ਬਣੀਆਂ ਰਹੀਆਂ।"

ਪਾਕਿਸਤਾਨ ਦੇ ਅਲੀ ਉਸਮਾਨ ਕਾਸਮੀ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਲਿਖਿਆ, "ਇਮਤਿਆਜ਼ ਅਲੀ ਨੇ ਨਫ਼ਰਤ 'ਤੇ ਆਧਾਰਿਤ ਸਿਨੇਮਾ ਦੇ ਦੌਰ ਵਿੱਚ ਹਿੰਮਤ ਦਿਖਾਈ ਹੈ। ਇਸ ਫ਼ਿਲਮ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਾਨੂੰ ਯਾਦ ਦਵਾਉਂਦੀ ਹੈ ਕਿ ਅਸੀਂ ਵੰਡ ਦੇ ਦਰਦ ਨੂੰ ਆਪਣਾ ਨਹੀਂ ਸਕਦੇ। ਅਸੀਂ ਇਸ ਨੂੰ ਮਹਿਸੂਸ ਕਰ ਸਕਦੇ ਹਾਂ, ਇਸ ਨਾਲ ਹਮਦਰਦੀ ਰੱਖ ਸਕਦੇ ਹਾਂ, ਪਰ ਅਸੀਂ ਉਨ੍ਹਾਂ ਲੋਕਾਂ ਦੇ ਤਜ਼ਰਬੇ ਨੂੰ ਕਦੇ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ਜੋ ਇਸ ਦਰਦ ਵਿੱਚੋਂ ਗੁਜ਼ਰੇ ਹਨ।"

ਉਮੈਰ ਨਾਸਿਰ ਅਲੀ ਦਾ ਕਹਿਣਾ ਹੈ ਕਿ ਫ਼ਿਲਮ ਦਾ ਸੰਗੀਤ ਅਤੇ ਇਸ ਦਾ ਸੱਭਿਆਚਾਰਕ ਮਾਹੌਲ ਵੀ ਹਕੀਕਤ ਦੇ ਬਹੁਤ ਨੇੜੇ ਲੱਗਦਾ ਹੈ।

ਉਨ੍ਹਾਂ ਕਿਹਾ, "ਮੈਂ ਆਪਣੇ ਦਾਦਾ-ਦਾਦੀ ਤੋਂ ਸੁਣਿਆ ਸੀ ਕਿ ਉਸ ਸਮੇਂ ਵੀ ਲੋਕ ਪੱਛਮੀ ਸੰਗੀਤ ਅਤੇ ਨਾਚ ਦੇ ਸ਼ੌਕੀਨ ਸਨ। ਫ਼ਿਲਮ ਵਿੱਚ ਇਸ ਸਭਿਆਚਾਰ ਨੂੰ ਬਹੁਤ ਸੁਭਾਵਿਕ ਢੰਗ ਨਾਲ ਦਰਸਾਇਆ ਗਿਆ ਹੈ।"

ਉਮੈਰ ਖੁਦ ਪਿਛਲੇ ਕੁਝ ਸਾਲਾਂ ਤੋਂ ਵੰਡ ਦੀਆਂ ਯਾਦਾਂ 'ਤੇ ਆਧਾਰਿਤ ਇੱਕ ਫ਼ਿਲਮ ਬਣਾ ਰਹੇ ਹਨ, ਜਿਸ ਦਾ ਨਾਮ ਗੁਲਜ਼ਾਰ ਦੀ ਮਸ਼ਹੂਰ ਕਵਿਤਾ ਤੋਂ ਪ੍ਰੇਰਿਤ ਹੋ ਕੇ "ਛੋੜ ਆਏ ਹਮ ਵੋ ਗਲੀਆਂ" ਰੱਖਿਆ ਗਿਆ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਇਮਤਿਆਜ਼ ਅਲੀ ਨੇ "ਮੈਂ ਵਾਪਸ ਆਊਂਗਾ " ਵਿੱਚ ਅਤੀਤ ਨੂੰ ਅੱਜ ਦੇ ਦਰਸ਼ਕਾਂ ਅਤੇ ਮੌਜੂਦਾ ਹਾਲਾਤਾਂ ਨਾਲ ਜੋੜਿਆ ਹੈ, ਉਹ ਵੀ ਆਪਣੀ ਫ਼ਿਲਮ ਵਿੱਚ ਕੁਝ ਨਵੇਂ ਪਹਿਲੂ ਜੋੜਨਾ ਚਾਹੁੰਣਗੇ।

ਉਮੈਰ ਨੇ ਅਹਿਮਦ ਫ਼ਰਾਜ਼ ਦੀ ਇਸ ਕਵਿਤਾ ਜ਼ਰੀਏ ਫਿਲਮ ਅਤੇ ਇਸ ਦੀ ਕਹਾਣੀ ਨੂੰ ਸੰਖੇਪ 'ਚ ਦੱਸਿਆ,

"ਸੁਨਾ ਹੈ ਉਸ ਦੇ ਸ਼ਬਿਸਤਾਂ ਨਾਲ ਜੁੜੀ ਹੋਈ ਹੈ ਬਹਿਸ਼ਤ,
ਉੱਥੇ ਰਹਿਣ ਵਾਲੇ ਵੀ ਇੱਧਰ ਦੇ ਨਜ਼ਾਰੇ ਵੇਖਦੇ ਹਨ।"







# ਕਥਿਤ ਵੀਡੀਓ ਵਿਵਾਦ: ਸੁਨੀਲ ਜਾਖੜ ਵੱਲੋਂ ਸੀਐੱਮ ਮਾਨ ਨੂੰ ਅਸਤੀਫ਼ੇ ਦੀ ਚੁਣੌਤੀ



**ਬੀ.ਸੀ. ਨਿਊਜ਼ (ਚੰਡੀਗੜ੍ਹ)** ਭਾਜਪਾ ਨੇ ਅੱਜ ਕਥਿਤ ਵੀਡੀਓ ਵਿਵਾਦ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨੇ ਸੇਧੇ ਹਨ। ਉਨ੍ਹਾਂ ਕਿਹਾ ਹੈ ਕਿ ਸਬੰਧਤ ਵੀਡੀਓ ਕੋਈ ਸਿਆਸੀ ਮੁੱਦਾ ਨਹੀਂ ਹੈ, ਸਗੋਂ ਨਾਨਕ ਨਾਮ ਲੇਵਾ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਇੱਕ ਗੰਭੀਰ ਮਾਮਲਾ ਹੈ।

ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ, "ਸੱਤਾ ਦੇ ਨਸ਼ੇ ਵਿੱਚ ਚੂਰ ਮੁੱਖ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇ ਰਹੇ ਹਨ। ਮੁੱਖ ਮੰਤਰੀ ਦੀ ਵਾਇਰਲ ਵੀਡੀਓ ਦਾ ਮੁੱਦਾ ਬਿਲਕੁਲ ਵੀ ਸਿਆਸੀ ਨਹੀਂ ਹੈ, ਸਗੋਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਹ ਨਾਨਕ ਨਾਮ ਲੇਵਾ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨਾਲ ਸਬੰਧਤ ਮਾਮਲਾ ਹੈ। ਅਸਲ ਮੁੱਦਾ ਇਹ ਹੈ ਕਿ ਕਿਵੇਂ ਇੱਕ ਹੰਕਾਰੀ ਵਿਅਕਤੀ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇ ਰਿਹਾ ਹੈ।"

ਉਨ੍ਹਾਂ ਨੇ ਐਕਸ 'ਤੇ ਕਿਹਾ, "ਇੰਨਾ ਕੁੱਝ ਵਾਪਰਨ ਦੇ ਬਾਵਜੂਦ ਵੀ ਜੇਕਰ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਗੁਰੂਆਂ ਦੀ ਧਰਤੀ 'ਤੇ ਸੱਤਾ ਵਿੱਚ ਬਣਿਆ ਰਹਿੰਦਾ ਹੈ, ਤਾਂ ਅਸੀਂ ਆਪਣੇ ਧਰਮ ਖਿਲਾਫ ਦੁਨੀਆ ਭਰ ਵਿੱਚ ਪੈਦਾ ਹੋਣ ਵਾਲੀਆਂ ਚੁਣੌਤੀਆਂ ਖ਼ਿਲਾਫ਼ ਆਵਾਜ਼ ਕਿਵੇਂ ਬੁਲੰਦ ਕਰ ਸਕਾਂਗੇ?"

ਜਾਖੜ ਨੇ ਸਵਾਲ ਕੀਤਾ, "ਇਹ ਕੁਝ ਅਜਿਹਾ ਹੈ ਜਿਸ 'ਤੇ ਪੰਜਾਬ ਨੂੰ ਵਿਚਾਰ ਕਰਨ ਦੀ ਲੋੜ ਹੈ। ਕੀ ਕੋਈ ਸਿੱਖ ਇਸ ਨੂੰ ਬਰਦਾਸ਼ਤ ਕਰ ਸਕਦਾ ਹੈ?"

ਉਨ੍ਹਾਂ ਨੇ ਭਗਵੰਤ ਮਾਨ ਨੂੰ ਚੁਣੌਤੀ ਦਿੰਦੇ ਹੋਏ ਕਿਹਾ, "ਮਾਨ ਜੀ, ਜੇਕਰ ਤੁਸੀਂ ਫੈਸਲਾ ਜਨਤਾ 'ਤੇ ਛੱਡਣਾ ਚਾਹੁੰਦੇ ਹੋ, ਤਾਂ ਜਿਸ ਤਰ੍ਹਾਂ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿੱਚ ਲੋਕਾਂ ਤੋਂ ਫਤਵਾ ਮੰਗਿਆ ਸੀ (ਅਤੇ ਲੋਕਾਂ ਨੇ ਉਨ੍ਹਾਂ ਨੂੰ ਘਰ ਭੇਜ ਦਿੱਤਾ), ਇਵੇਂ ਹੀ ਤੁਹਾਨੂੰ ਵੀ ਅਸਤੀਫਾ ਦੇ ਕੇ ਲੋਕਾਂ ਦੀ ਕਚਹਿਰੀ ਵਿੱਚ ਜਾਣਾ ਚਾਹੀਦਾ ਹੈ।"

ਜਾਖੜ ਨੇ ਮਾਨ ਨੂੰ ਅਸਤੀਫਾ ਦੇਣ ਦੀ ਚੁਣੌਤੀ ਦਿੰਦਿਆਂ ਕਿਹਾ, "ਗੁਰੂ ਦੇ ਸਿੱਖ ਇਸ ਸਿੱਖਿਆ ਦਾ ਪਾਲਣ ਕਰਦੇ ਹਨ, 'ਸੀਸ ਦੀਆ ਪਰ ਸਿਰਰੁ ਨ ਦੀਆ' ('ਕੋਈ ਆਪਣਾ ਸਿਰ ਦੇ ਸਕਦਾ ਹੈ, ਪਰ ਆਪਣੇ ਅਸੂਲ ਜਾਂ ਅਣਖ ਦਾ ਸਮਝੌਤਾ ਕਦੇ ਨਹੀਂ ਕਰਦਾ')। ਇਸ ਬਜਰ ਗੁਨਾਹ ਤੋਂ ਅਹੁਦੇ ਦੀ ਤਾਕਤ ਰਾਹੀਂ ਬਚਿਆ ਨਹੀਂ ਜਾ ਸਕਦਾ। ਇੱਕ ਸਿੱਖ ਲਈ ਗੁਰੂ ਤੋਂ ਉੱਪਰ ਕੋਈ ਨਹੀਂ ਹੈ। ਗੁਰੂ ਸਾਹਿਬ ਅਤੇ ਸੰਗਤ ਨਿਆਂ ਕਰਨਗੇ।"

# 'ਨਾਂਦੇੜ ਐਕਟ' 'ਚ ਤਬਦੀਲੀ ਤੋਂ ਪੰਜਾਬ 'ਚ ਸਿਆਸੀ ਉਬਾਲ



**ਬੀ.ਸੀ. ਨਿਊਜ਼ (ਨਾਂਦੇੜ)** ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਨ ਵਿੱਚ ਫੇਰਬਦਲ ਕੀਤੇ ਜਾਣ ਖ਼ਿਲਾਫ਼ ਪੰਜਾਬ 'ਚ ਸਿਆਸੀ ਉਬਾਲ ਉੱਠਣਾ ਸ਼ੁਰੂ ਹੋ ਗਿਆ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਇਸ ਤਬਦੀਲੀ ਨੂੰ ਮਹਾਰਾਸ਼ਟਰ ਸਰਕਾਰ ਦੀ ਤਖ਼ਤ ਸ੍ਰੀ ਹਜ਼ੂਰ ਸਾਹਿਬ 'ਤੇ ਕਬਜ਼ਾ ਕਰਨ ਦੀ ਕੋਝੀ ਸਾਜ਼ਿਸ਼ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ 70 ਸਾਲ ਪੁਰਾਣੇ 'ਨਾਂਦੇੜ ਐਕਟ' ਨੂੰ ਖ਼ਤਮ ਕਰਕੇ ਆਪਣੇ ਹੱਥ-ਠੋਕੇ 12 ਮੈਂਬਰ ਨਾਮਜ਼ਦ ਕਰਨਾ ਚਾਹੁੰਦੀ ਹੈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਕੈਬਨਿਟ ਨੇ ਸੋਮਵਾਰ ਨੂੰ 'ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਐਕਟ 1956' ਨੂੰ ਰੱਦ ਕਰਨ ਦੀ ਤਜਵੀਜ਼ ਨੂੰ ਹਰੀ ਝੰਡੀ ਦੇ ਦਿੱਤੀ ਹੈ ਅਤੇ ਪੁਰਾਣੇ ਐਕਟ ਦੀ ਥਾਂ ਹੁਣ 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ' ਸਿਰਲੇਖ ਵਾਲਾ ਨਵਾਂ ਕਾਨੂੰਨ ਥਾਂ ਲਏਗਾ। ਨਵੇਂ ਕਾਨੂੰਨ ਦੇ ਖਰੜੇ ਨੂੰ ਵੀ ਪ੍ਰਵਾਨਗੀ ਮਿਲ ਗਈ ਹੈ। ਮਹਾਰਾਸ਼ਟਰ ਸਰਕਾਰ ਦੇ ਇਸ ਕਦਮ ਖ਼ਿਲਾਫ਼ ਸਭ ਸਿਆਸੀ ਧਿਰਾਂ ਨੇ ਤੌਖਲੇ ਜ਼ਾਹਰ ਕੀਤੇ ਹਨ।

'ਆਪ' ਦੇ ਸੰਸਦ ਮੈਂਬਰ ਮਾਲਵਿੰਦਰ ਕੰਗ ਨੇ ਕਿਹਾ ਕਿ ਸਿੱਖ ਪੰਥ ਅਜਿਹੀ ਕਿਸੇ ਵੀ ਸਾਜ਼ਿਸ਼ ਨੂੰ ਬਰਦਾਸ਼ਤ ਨਹੀਂ ਕਰੇਗਾ ਤੇ ਮਹਾਰਾਸ਼ਟਰ ਸਰਕਾਰ ਤੁਰੰਤ ਇਸ ਭੜਕਾਊ ਅਤੇ ਗੈਰ ਜ਼ਰੂਰੀ ਦਾਖਲ ਅੰਦਾਜ਼ੀ ਵਾਲੇ ਫ਼ੈਸਲੇ ਨੂੰ ਵਾਪਸ ਲਵੇ। ਉਨ੍ਹਾਂ ਕਿਹਾ ਕਿ ਪਵਿੱਤਰ ਤਖ਼ਤਾਂ ਨੂੰ ਸਰਕਾਰੀ ਜਾਇਦਾਦ ਬਣਾਉਣ ਦੀ ਇਜਾਜ਼ਤ ਨਹੀਂ ਦਿਆਂਗੇ ਤੇ ਇਨ੍ਹਾਂ ਦੀ ਆਜ਼ਾਦੀ ਨੂੰ ਖੋਹਣ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ।

ਗੁਰਦਾਸਪੁਰ ਤੋਂ ਕਾਂਗਰਸੀ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਮਹਾਰਾਸ਼ਟਰ ਸਰਕਾਰ ਦੇ ਫ਼ੈਸਲੇ ਨੂੰ ਸਿੱਖ ਤਖ਼ਤਾਂ ਅਤੇ ਧਾਰਮਿਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ 'ਤੇ ਸਿੱਧਾ ਹਮਲਾ ਦੱਸਿਆ ਹੈ। ਸੰਸਦ ਮੈਂਬਰ ਰੰਧਾਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ 'ਚ ਫ਼ੌਰੀ ਦਾਖਲ ਦੇਣ ਅਤੇ ਇਸ ਤਜਵੀਜ਼ ਨੂੰ ਵਾਪਸ ਲੈਣ। ਉਨ੍ਹਾਂ ਕਿਹਾ ਕਿ ਨਵੇਂ ਫ਼ੈਸਲੇ ਨਾਲ ਸਰਕਾਰ ਦਾ ਬੋਰਡ 'ਤੇ ਸਿੱਧਾ ਕੰਟਰੋਲ ਵਧ ਜਾਵੇਗਾ ਜੋ ਕਿ ਧਾਰਮਿਕ ਮਾਮਲਿਆਂ 'ਚ ਸਿੱਧੀ ਦਾਖਲ ਅੰਦਾਜ਼ੀ ਹੋਵੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' 'ਤੇ ਵਿਵਾਦ: ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਵਿਧਾਇਕ ਤੇ ਮੰਤਰੀ ਤਲਬ



**ਬੀ.ਸੀ. ਨਿਊਜ਼ (ਸ੍ਰੀ ਅੰਮ੍ਰਿਤਸਰ)** 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਇਤਰਾਜ਼ਾਂ ਸਬੰਧੀ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਵਿਧਾਇਕਾਂ, ਕੈਬਨਿਟ ਮੰਤਰੀਆਂ ਅਤੇ ਗੈਰ ਸਿੱਖ ਵਿਧਾਇਕਾਂ ਤੇ ਮੰਤਰੀਆਂ ਨੂੰ ਪੱਤਰ ਭੇਜ ਕੇ 29 ਜੂਨ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋਣ ਅਤੇ ਅਪਣਾ ਪੱਖ ਰੱਖਣ ਲਈ ਆਦੇਸ਼ ਪੱਤਰ ਜਾਰੀ ਕੀਤਾ ਗਿਆ ਹੈ।

ਇਸ ਸਬੰਧੀ ਵੱਖ ਵੱਖ ਆਦੇਸ਼ ਪੱਤਰ ਜਾਰੀ ਕੀਤੇ ਗਏ ਹਨ। ਇੱਕ ਪੱਤਰ ਗੈਰ ਸਿੱਖ ਵਿਧਾਇਕਾਂ ਦੇ ਮੰਤਰੀਆਂ ਨੂੰ ਵੀ ਜਾਰੀ ਕੀਤਾ ਗਿਆ ਹੈ। ਜਿਨਾਂ ਵਿੱਚ ਸੰਜੀਵ ਅਰੋੜਾ ਦਾ ਨਾਮ ਹੀ ਸ਼ਾਮਿਲ ਹੈ, ਜੋ ਕਿ ਇਸ ਵੇਲੇ ਇੱਕ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹਨ। ਇਹਨਾਂ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ 29 ਜੂਨ ਤੋਂ ਪਹਿਲਾਂ ਇਸ ਮਾਮਲੇ ਸਬੰਧੀ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਵਿਖੇ ਭੇਜਣ। ਜਦੋਂ ਕਿ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੂੰ 29 ਜੂਨ ਨੂੰ ਖੁਦ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਆਖਿਆ ਗਿਆ ਹੈ।

ਇਹ ਪੱਤਰ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਜਾਰੀ ਕੀਤੇ ਗਏ ਹਨ। ਬਗੀਚਾ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ ਪੰਜਾਬ ਵਿਧਾਨ ਸਭਾ ਦੀ ਅਧਿਕਾਰਤ ਵੈੱਬਸਾਈਟ ਾਾ.ਪੁਨਜਓਬਓਸਸਏਮਬਲੇ.ਗੋਵਿ.ਨ ਉੱਤੇ ਦਰਜ ਉਨ੍ਹਾਂ ਦੇ ਈ-ਮੇਲ ਪਤਿਆਂ ਅਤੇ ਮੋਬਾਈਲ ਨੰਬਰਾਂ ਉੱਤੇ ਵ੍ਹਾਟਸਐਪ ਰਾਹੀਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰਤ ਪੱਤਰ ਮਿਤੀ 17 ਜੂਨ ਅਤੇ 18 ਜੂਨ 2026 ਨੂੰ ਭੇਜੇ ਜਾ ਚੁੱਕੇ ਹਨ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਨੂੰ ਪੱਤਰ ਮਿਤੀ 23 ਜੂਨ ਨੂੰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਮੂਹ ਵਿਧਾਇਕਾਂ ਅਤੇ ਮੰਤਰੀਆਂ ਨੂੰ ਉਨ੍ਹਾਂ ਦੇ ਸੰਪਰਕ ਨੰਬਰਾਂ ਉੱਤੇ ਸਕੱਤਰੇਤ ਦੇ ਅਧਿਕਾਰੀਆਂ ਵੱਲੋਂ ਫ਼ੋਨ ਕਰਕੇ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਅਧਿਕਾਰਤ ਪੱਤਰ ਭੇਜੇ ਗਏ ਹਨ।

ਉਨ੍ਹਾਂ ਕਿਹਾ ਕਾਨੂੰਨੀ ਸੋਧ ਨਾਲ ਸਬੰਧਤ ਮਾਮਲੇ ਉੱਤੇ ਵਿਚਾਰ ਅਤੇ ਪੱਖ ਸੁਣਨ ਲਈ ਸਮੂਹ ਸਿੱਖ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ 29 ਜੂਨ ਨੂੰ ਸਵੇਰੇ 11 ਵਜੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ ਗਿਆ ਹੈ। ਇਸ ਤੋਂ ਇਲਾਵਾ ਕੈਬਨਿਟ ਦੇ ਗ਼ੈਰ-ਸਿੱਖ ਮੰਤਰੀਆਂ ਨੂੰ ਵੀ ਪੱਤਰ ਭੇਜੇ ਗਏ ਹਨ ਜਿਨ੍ਹਾਂ ਨੂੰ ਇਸ ਮਾਮਲੇ 'ਤੇ 29 ਜੂਨ ਤੋਂ ਪਹਿਲਾਂ-ਪਹਿਲਾਂ ਆਪਣਾ ਲਿਖਤੀ ਪੱਖ ਭੇਜਣ ਲਈ ਆਖਿਆ ਗਿਆ ਹੈ।

ਬਿਨਾਂ ਸਹਿਮਤੀ ਐਕਟ ਪਾਸ ਕਰਨ 'ਤੇ ਸੰਗਤ ਦੇ ਇਤਰਾਜ਼

ਉਨ੍ਹਾਂ ਆਖਿਆ ਕਿ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਅਪਰੈਲ 2026 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਖ਼ਾਲਸਾ ਪੰਥ ਨਾਲ ਰਾਏ ਅਤੇ ਸਹਿਮਤੀ ਤੋਂ ਬਿਨਾਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੱਡੇ ਪੱਧਰ 'ਤੇ ਸ਼ਿਕਾਇਤਾਂ ਆਈਆਂ ਹਨ। ਸਿੱਖ ਸੰਗਤਾਂ ਵੱਲੋਂ ਇਸ ਸਬੰਧ ਵਿੱਚ ਵੱਡੇ ਪੱਧਰ 'ਤੇ ਖਦਸ਼ੇ ਪ੍ਰਗਟਾਏ ਗਏ ਹਨ ਅਤੇ ਇਤਰਾਜ਼ ਕੀਤੇ ਗਏ ਹਨ।

ਸੰਗਤ ਦੀਆਂ ਭਾਵਨਾਵਾਂ ਦੇ ਮੱਦੇ ਨਜ਼ਰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਸਮੂਹ ਸਿੱਖ ਮੈਂਬਰਾਂ ਅਤੇ ਸੂਬਾ ਸਰਕਾਰ ਦੇ ਸਿੱਖ ਕੈਬਨਿਟ ਮੰਤਰੀਆਂ ਨੂੰ 29 ਜੂਨ ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਣ ਲਈ ਅਧਿਕਾਰਤ ਪੱਤਰ ਜਾਰੀ ਕੀਤੇ ਹਨ।

ਮੌਜੂਦਾ ਸਿਆਸੀ ਸਥਿਤੀ:

ਇਸ ਵੇਲੇ ਇਹ ਮਾਮਲਾ ਵੱਡੀ ਚਰਚਾ ਦਾ ਵਿਸ਼ਾ ਹੈ। ਇਸ ਸਬੰਧ ਵਿੱਚ ਵੱਖ-ਵੱਖ ਕਿਆਸ ਅਰਾਈਆਂ ਲਾਈਆਂ ਜਾ ਰਹੀਆਂ ਹਨ। ਕੁਝ ਹਲਕਿਆਂ ਵਿੱਚ ਇਹ ਚਰਚਾ ਹੈ ਕਿ ਜਿਵੇਂ ਵਿਵਾਦਤ ਵੀਡੀਓ ਦੇ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਅਤੇ ਮੁੱਖ ਮੰਤਰੀ ਵਿਚਾਲੇ ਟਕਰਾਅ ਵਾਲੀ ਸਥਿਤੀ ਬਣੀ ਹੈ। ਅਜਿਹੀ ਸਥਿਤੀ ਵਿੱਚ ਆਮ ਆਦਮੀ ਪਾਰਟੀ ਨਾਲ ਸਬੰਧਿਤ ਕੈਬਨਿਟ ਮੰਤਰੀ ਅਤੇ ਵਿਧਾਇਕ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੇਸ਼ ਹੋਣ ਤੋਂ ਗੁਰੇਜ ਵੀ ਕਰ ਸਕਦੇ ਹਨ। ਫਿਲਹਾਲ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੇਸ਼ ਹੋਣ ਦੇ ਮਾਮਲੇ ਨੂੰ ਲੈ ਕੇ ਸਭ ਨੇ ਚੁੱਪ ਧਾਰੀ ਹੋਈ ਹੈ।

# ਐਮਾਜ਼ਾਨ ਦਾ 13 ਅਰਬ ਡਾਲਰ ਨਿਵੇਸ਼



**ਬੀ.ਸੀ. ਨਿਊਜ਼ (ਨਿਊ ਦਿੱਲੀ)** ਐਮਾਜ਼ਾਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਐਂਡੀ ਜੈਸੀ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ 2030 ਤੱਕ ਭਾਰਤ ਵਿੱਚ ਏ ਆਈ ਅਤੇ ਕਲਾਊਡ ਇਨਫਰਾਸਟਰਕਚਰ ਦੇ ਵਿਸਥਾਰ ਲਈ ਵਾਧੂ 13 ਅਰਬ ਅਮਰੀਕੀ ਡਾਲਰ ਨਿਵੇਸ਼ ਕਰਨ ਦੀ ਯੋਜਨਾ ਦਾ ਐਲਾਨ ਕੀਤਾ।

ਜੈਸੀ ਨੇ ਭਾਰਤ ਪ੍ਰਤੀ ਕੰਪਨੀ ਦੀ ਲੰਬੇ ਸਮੇਂ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਇਸ ਨਵੇਂ ਨਿਵੇਸ਼ ਨਾਲ 2026 ਤੋਂ 2030 ਦੇ ਦਰਮਿਆਨ ਦੇਸ਼ ਵਿੱਚ ਐਮਾਜ਼ਾਨ ਦਾ ਕੁੱਲ ਪੂੰਜੀ ਨਿਵੇਸ਼ 48 ਅਰਬ ਡਾਲਰ ਤੱਕ ਪਹੁੰਚ ਜਾਵੇਗਾ।

ਕੰਪਨੀ ਵੱਲੋਂ ਜਾਰੀ ਬਿਆਨ ਅਨੁਸਾਰ, ਇਹ ਨਿਵੇਸ਼ ਭਾਰਤ ਵਿੱਚ ਏ ਆਈ ਅਤੇ ਕਲਾਊਡ ਇਨਫਰਾਸਟਰਕਚਰ ਦੇ ਵਿਸਥਾਰ ਲਈ 2026-2030 ਦੌਰਾਨ ਐਮਾਜ਼ਾਨ ਦੇ ਕੁੱਲ ਨਿਵੇਸ਼ ਨੂੰ 21 ਅਰਬ ਡਾਲਰ ਤੋਂ ਵੱਧ ਕਰ ਦੇਵੇਗਾ, ਜਿਸ ਨਾਲ ਕੰਪਨੀ ਦੇਸ਼ ਵਿੱਚ ਸਭ ਤੋਂ ਵੱਡੇ ਵਿਸ਼ਵ ਪੱਧਰੀ ਏ ਆਈ ਅਤੇ ਕਲਾਊਡ ਨਿਵੇਸ਼ਕਾਂ ਵਿੱਚ ਸ਼ਾਮਲ ਹੋ ਜਾਵੇਗੀ।

ਡਾਟਾ ਸੈਂਟਰਾਂ ਦੀ ਸਮਰੱਥਾ ਵਿੱਚ ਵਾਧਾ

ਐਮਾਜ਼ਾਨ ਨੇ ਕਿਹਾ ਕਿ ਇਸ ਨਿਵੇਸ਼ ਨਾਲ ਐਮਾਜ਼ਾਨ ਵੈੱਬ ਸਰਵਿਸਿਜ਼ (ਆਂਸ਼) ਦੇ ਮੁੰਬਈ ਅਤੇ ਹੈਦਰਾਬਾਦ ਸਥਿਤ ਡਾਟਾ ਸੈਂਟਰਾਂ ਦੀ ਸਮਰੱਥਾ ਵਧਾਈ ਜਾਵੇਗੀ। ਇਸ ਨਾਲ ਸਟਾਰਟਅੱਪਸ, ਉਦਯੋਗਿਕ ਇਕਾਈਆਂ ਅਤੇ ਸਰਕਾਰੀ ਸੰਸਥਾਵਾਂ ਨੂੰ ਕਸਟਮ ਏ ਆਈ ਚਿਪਸ, ਪ੍ਰਬੰਧਿਤ ਏ ਆਈ ਸੇਵਾਵਾਂ, ਸੁਰੱਖਿਅਤ ਕਲਾਊਡ ਤਕਨਾਲੋਜੀਆਂ ਅਤੇ ਡਿਵੈਲਪਰ ਟੂਲਜ਼ ਦੀ ਵਧੀਆ ਪਹੁੰਚ ਮਿਲੇਗੀ।

ਕੁੱਲ ਨਿਵੇਸ਼ ਦਾ ਅੰਕੜਾ:


ਕੰਪਨੀ ਦੇ ਅਨੁਸਾਰ, ਇਸ ਨਵੇਂ ਐਲਾਨ ਨਾਲ 2010 ਤੋਂ 2030 ਤੱਕ ਭਾਰਤ ਵਿੱਚ ਐਮਾਜ਼ਾਨ ਦਾ ਕੁੱਲ ਨਿਵੇਸ਼ 88 ਅਰਬ ਅਮਰੀਕੀ ਡਾਲਰ ਤੋਂ ਵੱਧ ਹੋ ਜਾਵੇਗਾ।

ਹੋਰ ਵਧੀਆ ਅਤੇ ਛੋਟੀਆਂ ਹੈਡਲਾਈਨਾਂ (ਸੁਰਖੀਆਂ):ਤੁਹਾਡੀ ਪਸੰਦ ਲਈ ਕੁਝ ਹੋਰ ਪ੍ਰਭਾਵਸ਼ਾਲੀ ਸੁਰਖੀਆਂ ਹੇਠਾਂ ਦਿੱਤੀਆਂ ਗਈਆਂ ਹਨ: ਭਾਰਤ 'ਚ ਐਮਾਜ਼ਾਨ ਦਾ ਵੱਡਾ ਧਮਾਕਾ: ਏ ਆਈ ਅਤੇ ਕਲਾਊਡ ਲਈ 13 ਅਰਬ ਡਾਲਰ ਦੇ ਹੋਰ ਨਿਵੇਸ਼ ਦਾ ਐਲਾਨ ਮੋਦੀ ਨੂੰ ਮਿਲੇ ਐਮਾਜ਼ਾਨ ਦੇ ਛਓ ਐਂਡੀ ਜੈਸੀ; ਭਾਰਤ 'ਚ ਡਾਟਾ ਸੈਂਟਰਾਂ ਦੇ ਵਿਸਥਾਰ ਲਈ ਖੋਲ੍ਹਿਆ ਖ਼ਜ਼ਾਨਾ

ਐਮਾਜ਼ਾਨ ਦਾ ਭਾਰਤ 'ਤੇ ਵੱਡਾ ਭਰੋਸਾ: 2030 ਤੱਕ ਕੁੱਲ ਨਿਵੇਸ਼ 88 ਅਰਬ ਅਮਰੀਕੀ ਡਾਲਰ ਤੋਂ ਪਾਰ ਹੋਵੇਗਾ ਮੁੰਬਈ-ਹੈਦਰਾਬਾਦ ਆਂਸ਼ ਡਾਟਾ ਸੈਂਟਰਾਂ ਦਾ ਹੋਵੇਗਾ

# ਮਾਂ-ਬੋਲੀ ਦੀ ਜੰਗ: ਆਈਏਐੱਸ ਖ਼ਿਲਾਫ਼ ਜਸਵੰਤ ਜ਼ਫ਼ਰ ਦਾ ਗੁੱਸਾ





**ਬੀ.ਸੀ. ਨਿਊਜ (ਪਟਿਆਲਾ)** ਪੰਜਾਬ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਨੇ ਆਖ਼ਰ ਭਾਸ਼ਾ ਵਿਭਾਗ ਨੂੰ ਟਿੱਚ ਜਾਣਨ ਵਾਲੇ ਆਈ ਏ ਐੱਸ ਅਫ਼ਸਰਾਂ ਖ਼ਿਲਾਫ਼ ਬਿਗਲ ਵਜਾ ਦਿੱਤਾ ਹੈ। ਜਦੋਂ ਜਸਵੰਤ ਜ਼ਫ਼ਰ ਨੇ ਪੰਜਾਬੀ ਨੂੰ ਦਰਕਿਨਾਰ ਕਰਕੇ ਅੰਗਰੇਜ਼ੀ ਭਾਸ਼ਾ ’ਚ ਕੰਮ ਕਰਨ ਵਾਲੇ ਆਈਏਐੱਸ ਅਫ਼ਸਰਾਂ ਨੂੰ ਉੱਪਰੋਥਲੀ ਚਿਤਾਵਨੀ ਪੱਤਰ ਜਾਰੀ ਕੀਤੇ ਤਾਂ ਆਈਏਐੱਸ ਅਫ਼ਸਰਾਂ ਦੀ ਇੱਕ ਲਾਬੀ ਔਖ ਮਹਿਸੂਸ ਕਰਨ ਲੱਗੀ। ਭਾਸ਼ਾ ਵਿਭਾਗ ਦੇ ਕੰਮਾਂ ’ਚ ਆਈ ਏ ਐੱਸ ਅਫ਼ਸਰਾਂ ਨੇ ਅੜਿੱਕੇ ਪਾਉਣੇ ਸ਼ੁਰੂ ਕਰ ਦਿੱਤੇ।

ਵੇਰਵਿਆਂ ਅਨੁਸਾਰ 2026-27 ਦਾ ਪੰਜਾਬ ਬਜਟ ਪੇਸ਼ ਹੋਣ ਤੋਂ ਪਹਿਲਾਂ ਡਾਇਰੈਕਟਰ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭਾਸ਼ਾ ਵਿਭਾਗ ਦੇ ਬਜਟ ’ਚ ਕੋਈ ਕਟੌਤੀ ਨਾ ਕਰਨ ਵਾਰੇ ਇੱਕ ਪੱਤਰ ਲਿਖਿਆ ਜਿਸ ਤੋਂ ਇੱਕ ਆਈ ਏ ਐੱਸ ਅਧਿਕਾਰੀ ਭੜਕ ਉੱਠਿਆ। ਉਸ ਵਕਤ ਹੀ ਭਾਸ਼ਾ ਵਿਭਾਗ ਦੇ ਕੰਮ ਕਾਰ ’ਚ ਅੜਿੱਕੇ ਪਾਉਣ ਦਾ ਮੁੱਢ ਬੱਝ ਗਿਆ ਸੀ। ਅਹਿਮ ਸੂਤਰਾਂ ਅਨੁਸਾਰ ਇੱਕ ਆਈਏਐੱਸ ਅਧਿਕਾਰੀ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਵਿਚਾਲੇ ਆਪਸੀ ਕਹੀ ਸੁਣੀ ਵੀ ਹੋਈ ਹੈ। ਡਾਇਰੈਕਟਰ ਜ਼ਫ਼ਰ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਸਾਰਾ ਮਾਮਲਾ ਉਨ੍ਹਾਂ ਦੇ ਸਨਮੁਖ ਵੀ ਰੱਖਿਆ ਸੀ।

**ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਤਾੜਿਆ**

ਮੁੱਖ ਮੰਤਰੀ ਭਗਵੰਤ ਮਾਨ ਨੇ ਮੁੱਖ ਸਕੱਤਰ ਦੇ ਜ਼ਰੀਏ ਸਬੰਧਿਤ ਆਈਏਐੱਸ ਅਧਿਕਾਰੀ ਨੂੰ ਤਾੜਿਆ ਵੀ ਸੀ। ਸੂਤਰ ਦੱਸਦੇ ਹਨ ਕਿ ਡਾਇਰੈਕਟਰ ਵੱਲੋਂ ਭਾਸ਼ਾ ਵਿਭਾਗ ਦੇ ਜਦੋਂ ਵੀ ਮਸਲੇ ਰੱਖੇ ਗਏ ਤਾਂ ਆਈਏਐੱਸ ਅਫ਼ਸਰਾਂ ਦੇ ਇੱਕ ਗਰੁੱਪ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਆਖ਼ਰ ਅੱਕ ਕੇ ਹੁਣ ਡਾਇਰੈਕਟਰ ਜ਼ਫ਼ਰ ਨੇ ਸੋਸ਼ਲ ਮੀਡੀਆ ’ਤੇ ‘ਕਹਿੰਦੇ..ਭਾਸ਼ਾ ਵਿਭਾਗ ਪੰਜਾਬ ਦਾ ਭੋਗ ਪਾਉਣਾ’ ਸਿਰਲੇਖ ਹੇਠ ਭਾਸ਼ਾ ਵਿਭਾਗ ਦੀ ਮੌਜੂਦਾ ਸਥਿਤੀ ਦਾ ਵਿਖਿਆਨ ਕਰ ਦਿੱਤਾ। ਉਨ੍ਹਾਂ ਲਿਖਿਆ ਕਿ ਨੌਕਰਸ਼ਾਹੀ ਦਾ ਇੱਕ ਧੜਾ ਭਾਸ਼ਾ ਵਿਭਾਗ ਦਾ ਭੋਗ ਪਾਉਣ ਲਈ ਤਰਲੋਮੱਛੀ ਹੋ ਰਿਹਾ ਹੈ।

**ਵਿਭਾਗੀ ਤਰੱਕੀਆਂ ਤੋਂ ਕੀਤਾ ਗਿਆ ਇਨਕਾਰ: ਜ਼ਫ਼ਰ**

ਉਨ੍ਹਾਂ ਲਿਖਿਆ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਵਿਭਾਗ ਦੀਆਂ ਛਪਾਈ ਦੀ ਉਡੀਕ ’ਚ ਪਈਆਂ 70 ਕਿਤਾਬਾਂ ਦੇ ਪ੍ਰਕਾਸ਼ਨ ਲਈ ਕੋਈ ਬਜਟ ਨਹੀਂ ਦਿੱਤਾ ਗਿਆ। ਪੰਜ ਛੇ ਸਮਾਗਮਾਂ ਦੀ ਅਦਾਇਗੀ ’ਤੇ ਰੋਕ ਲਗਾ ਦਿੱਤੀ ਗਈ ਅਤੇ ਸੇਵਾਦਾਰ/ਸਫ਼ਾਈ ਕਰਮਚਾਰੀ ਵਜੋਂ ਕੰਮ ਕਰਦੇ 70 ਕੱਚੇ ਮੁਲਾਜ਼ਮਾਂ ਨੂੰ ਇੱਕ ਅਪਰੈਲ ਤੋਂ ਬਾਅਦ ਕੰਮ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਵਿਭਾਗੀ ਤਰੱਕੀਆਂ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਜ਼ਫ਼ਰ ਨੇ ਲਿਖਿਆ ਹੈ ਕਿ ਨੌਕਰਸ਼ਾਹੀ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ ਮਨੋਬਲ ਡੇਗਣਾ ਚਾਹੁੰਦੀ ਹੈ।

ਜਸਵੰਤ ਜ਼ਫ਼ਰ ਨੇ ਕਿਹਾ ਕਿ ਹੁਣ ਨੌਕਰਸ਼ਾਹੀ ਇਸ ਕਰਕੇ ਖਿਝ ਗਈ ਹੈ ਕਿ ਭਾਸ਼ਾ ਵਿਭਾਗ ਨੇ ਪ੍ਰਕਾਸ਼ਨਾਂ ਲਈ ਰਾਸ਼ੀ ਨਾ ਮਿਲਣ ਦੇ ਬਾਵਜੂਦ ਵਿਭਾਗੀ ਰਸਾਲੇ ਆਪਣੇ ਤੌਰ ’ਤੇ ਛਪਾ ਲਏ ਹਨ। ਚੇਤੇ ਰਹੇ ਕਿ ਕਈ ਦਹਾਕਿਆਂ ਮਗਰੋਂ ਭਾਸ਼ਾ ਵਿਭਾਗ ਦੀ ਵਾਗਡੋਰ ਕਿਸੇ ਲੇਖਕ ਦੇ ਹਿੱਸੇ ਆਈ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਕਿਸੇ ਸਾਹਿਤਕਾਰ ਨੂੰ ਹੀ ਡਾਇਰੈਕਟਰੀ ਦੀ ਕੁਰਸੀ ’ਤੇ ਬਿਠਾਉਣਾ ਚਾਹੁੰਦੇ ਸਨ। ਪਿਛਾਂਹ ਦੇਖੀਏ ਤਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜ਼ਫ਼ਰ ਵੱਲੋਂ 11 ਮਾਰਚ 2025 ਨੂੰ ਮੁੱਖ ਸਕੱਤਰ ਨੂੰ ਪੱਤਰ ਜਾਰੀ ਕਰਕੇ ਦਫ਼ਤਰੀ ਕੰਮ ਪੰਜਾਬੀ ’ਚ ਕਰਨ ਦੀ ਨਸੀਹਤ ਦਿੱਤੀ ਸੀ।

**ਕੀ ਪੰਜਾਬ ਸਰਕਾਰ ਫੜੇਗੀ ਪੰਜਾਬੀ ਭਾਸ਼ਾ ਦੀ ਬਾਂਹ?**

ਭਾਸ਼ਾ ਵਿਭਾਗ ਨੇ ਮੁੱਖ ਸਕੱਤਰ ਨੂੰ ਮੁੜ 24 ਮਾਰਚ 2025 ਅਤੇ ਫਿਰ 8 ਜਨਵਰੀ 2026 ਨੂੰ ਪੱਤਰ ਜਾਰੀ ਕੀਤਾ। ਪਹਿਲੀ ਵਾਰ ਪੰਜਾਬ ਸਰਕਾਰ ਨੇ ਬਦਲੀਆਂ ਦੇ ਹੁਕਮ 4 ਅਪਰੈਲ 2025 ਨੂੰ ਪੰਜਾਬੀ ਭਾਸ਼ਾ ’ਚ ਜਾਰੀ ਕੀਤੇ ਸਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਨੇ 4 ਮਾਰਚ 2025 ਨੂੰ ਪ੍ਰਮੁੱਖ ਸਕੱਤਰ, ਪਰਸੋਨਲ ਵਿਭਾਗ, 15 ਜੁਲਾਈ 2025 ਨੂੰ ਉਚੇਰੀ ਸਿੱਖਿਆ ਵਿਭਾਗ ਅਤੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਵੀ ਸਰਕਾਰੀ ਕੰਮ ਕਾਜ ਪੰਜਾਬੀ ’ਚ ਕਰਨ ਲਈ ਪੱਤਰ ਲਿਖਿਆ ਸੀ। ਕਿੰਨੇ ਹੀ ਵਿਭਾਗਾਂ ਦੇ ਆਈਏਐੱਸ ਅਫ਼ਸਰਾਂ ਨੂੰ ਅਜਿਹੇ ਪੱਤਰ ਜਾਰੀ ਹੋਏ। ਇਨ੍ਹਾਂ ਪੱਤਰਾਂ ਤੋਂ ਖ਼ਫ਼ਾ ਆਈ ਏ ਐੱਸ ਅਫ਼ਸਰਾਂ ਦਾ ਇੱਕ ਧੜਾ ਭਾਸ਼ਾ ਵਿਭਾਗ ਵੱਲ ਟੇਢੀ ਨਿਗ੍ਹਾ ਨਾਲ ਦੇਖ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੀ ਬਾਂਹ ਫੜਦੀ ਹੈ ਜਾਂ ਨਹੀਂ।




## ਭਗਵੰਤ ਮਾਨ ਅਸਤੀਫ਼ਾ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ: ਅਕਾਲੀ ਦਲ 'ਵਾਰਿਸ ਪੰਜਾਬ ਦੇ'



ਅਕਾਲੀ ਦਲ 'ਵਾਰਸ ਪੰਜਾਬ ਦੇ' ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਟਕਰਾਅ ਦੀ ਰਾਜਨੀਤੀ ਛੱਡ ਕੇ ਅਹੁਦੇ ਤੋਂ ਅਸਤੀਫ਼ਾ ਦੇਣ ਅਤੇ ਇੱਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦੀ ਅਪੀਲ ਕੀਤੀ ਹੈ। ਇਹ ਗੱਲ ਅੱਜ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਖ਼ਾਲਸਾ ਅਤੇ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਹੀ।

ਆਗੂਆਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਮਰਯਾਦਾ ਦਾ ਸਤਿਕਾਰ ਕਰਨਾ ਹਰ ਸੰਵਿਧਾਨਕ ਅਹੁਦੇਦਾਰ ਦੀ ਜ਼ਿੰਮੇਵਾਰੀ ਹੈ ਅਤੇ ਸਿਆਸੀ ਲਾਭ ਲਈ ਧਾਰਮਿਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਪੰਜਾਬ ਦੇ ਹਿੱਤ ਵਿੱਚ ਨਹੀਂ। ਮਨਪ੍ਰੀਤ ਸਿੰਘ ਇਯਾਲੀ ਨੇ ਐਲਾਨ ਕੀਤਾ ਕਿ ਉਹ 29 ਜੂਨ ਨੂੰ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ ਅਤੇ ਹੋਰ ਵਿਧਾਇਕਾਂ ਨੂੰ ਵੀ ਅਜਿਹਾ ਕਰਨ ਦੀ ਅਪੀਲ ਕੀਤੀ।

ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਲ ਸਬੰਧਿਤ 1956 ਦੇ ਕਾਨੂੰਨ ਵਿੱਚ ਸੋਧ ਦੇ ਯਤਨਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਗੁਰਦੁਆਰਾ ਪ੍ਰਬੰਧ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਹੈ। ਉਨ੍ਹਾਂ ਕਿਹਾ ਕਿ ਨਵੇਂ ਪ੍ਰਸਤਾਵਿਤ ਕਾਨੂੰਨ ਤਹਿਤ 17 ਮੈਂਬਰੀ ਬੋਰਡ ਵਿੱਚੋਂ 12 ਮੈਂਬਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ, ਜਿਸ ਨੂੰ ਸਿੱਖ ਕੌਮ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕਰੇਗੀ।

ਦੋਵਾਂ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਹੜ੍ਹ ਪ੍ਰਬੰਧਨ ਤਿਆਰੀਆਂ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਦੱਸਿਆ ਕਿ ਭਾਖੜਾ ਡੈਮ ਦਾ ਜਲ ਪੱਧਰ 1573.56 ਫੁੱਟ ਤੱਕ ਪਹੁੰਚ ਚੁੱਕਾ ਹੈ ਅਤੇ ਦਰਿਆਈ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਦੀ ਸੁਰੱਖਿਆ ਲਈ ਪਹਿਲਾਂ ਤੋਂ ਹੀ ਪੂਰੇ ਪ੍ਰਬੰਧ ਕਰਨ ਦੀ ਲੋੜ ਹੈ।

ਇਸ ਮੌਕੇ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੌਰਾਨ ਨਿਹੰਗ ਸਿੱਖ ਨੌਜਵਾਨਾਂ ਅਤੇ ਸਥਾਨਕ ਲੋਕਾਂ ਵਿਚਕਾਰ ਹੋਏ ਟਕਰਾਅ ਸਬੰਧੀ ਕਿਹਾ ਕਿ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪ੍ਰਭਾਵਿਤ ਨੌਜਵਾਨਾਂ ਦੇ ਨਾਲ ਡਟ ਕੇ ਖੜ੍ਹਾ ਹੈ ਅਤੇ ਉਨ੍ਹਾਂ ਦੀ ਹਰ ਪੱਧਰ 'ਤੇ ਪੈਰਵਾਈ ਕਰ ਰਿਹਾ ਹੈ।

## ਪਾਸਪੋਰਟ ਨਾਗਰਿਕਤਾ ਦਾ ਨਹੀਂ ਸਿਰਫ਼ ਯਾਤਰਾ ਦਸਤਾਵੇਜ਼



ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਪਾਸਪੋਰਟ ਕਦੇ ਵੀ ਨਾਗਰਿਕਤਾ ਦਾ ਸਬੂਤ ਨਹੀਂ ਰਿਹਾ, ਸਗੋਂ ਇਹ ਸਿਰਫ਼ ਵਿਦੇਸ਼ ਯਾਤਰਾ ਲਈ ਜਾਰੀ ਕੀਤਾ ਜਾਣ ਵਾਲਾ ਦਸਤਾਵੇਜ਼ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ 12 ਸਾਲਾਂ ਦੌਰਾਨ ਇਸ ਸਬੰਧੀ ਕੋਈ ਨਵਾਂ ਫ਼ੈਸਲਾ ਨਹੀਂ ਕੀਤਾ ਅਤੇ ਇਹ ਪ੍ਰਬੰਧ ਪਹਿਲਾਂ ਤੋਂ ਹੀ ਲਾਗੂ ਹੈ।

ਸੂਤਰਾਂ ਅਨੁਸਾਰ, ਪਾਸਪੋਰਟ ਐਕਟ 1967 ਤਹਿਤ ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਗੈਰ-ਨਾਗਰਿਕਾਂ ਨੂੰ ਵੀ ਪਾਸਪੋਰਟ ਜਾਰੀ ਕੀਤਾ ਜਾ ਸਕਦਾ ਹੈ। ਇਸ ਲਈ ਪਾਸਪੋਰਟ ਨੂੰ ਨਾਗਰਿਕਤਾ ਦਾ ਅੰਤਿਮ ਜਾਂ ਇਕੱਲਾ ਸਬੂਤ ਨਹੀਂ ਮੰਨਿਆ ਜਾਂਦਾ।

ਵਿਦੇਸ਼ ਮੰਤਰਾਲੇ ਦੇ ਇਸ ਬਿਆਨ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ 'ਤੇ ਸਵਾਲ ਚੁੱਕੇ ਹਨ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਦੋਸ਼ ਲਾਇਆ ਕਿ ਸਰਕਾਰ ਪਾਸਪੋਰਟ ਦੇ ਮੁੱਦੇ ਨੂੰ ਨਾਗਰਿਕਤਾ ਨਾਲ ਜੋੜ ਕੇ ਲੋਕਾਂ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਏਆਈਐਮਆਈਐਮ ਮੁਖੀ ਅਸਦੁੱਦੀਨ ਓਵੈਸੀ ਨੇ ਕਿਹਾ ਕਿ ਅਜਿਹੇ ਬਿਆਨਾਂ ਨਾਲ ਲੋਕਾਂ ਨੂੰ ਨਾਗਰਿਕਤਾ ਦੇ ਮੁੱਦੇ 'ਤੇ ਬੇਵਜ੍ਹਾ ਸ਼ੱਕ ਦੇ ਘੇਰੇ ਵਿੱਚ ਲਿਆਉਣ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਉੱਧਰ ਤ੍ਰਿਣਮੂਲ ਕਾਂਗਰਸ ਦੀ ਆਗੂ ਮਹੂਆ ਮੋਇਤਰਾ ਅਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਵੀ ਸਰਕਾਰ ਦੇ ਰੁਖ਼ 'ਤੇ ਸਵਾਲ ਉਠਾਉਂਦਿਆਂ ਪੁੱਛਿਆ ਕਿ ਜੇਕਰ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ, ਤਾਂ ਫਿਰ ਇਸ ਦਾ ਅੰਤਿਮ ਪ੍ਰਮਾਣ ਕਿਹੜਾ ਦਸਤਾਵੇਜ਼ ਹੈ।




# ਖ਼ੁਸ਼ੀ ਦਾ ਭੇਤ

-ਅਜੀਤ ਸਿੰਘ ਚੰਦਨ



ਬਿਨਾ ਤਪੱਸਿਆ, ਬਿਨਾ ਕੰਟਰੋਲ ’ਤੇ ਚੱਲਣ ਤੋਂ ਬਿਨਾ ਭਲਾ ਮਨ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ? ਜੇ ਮਨ ਹੀ ਕਾਬੂ ਵਿੱਚ ਨਹੀਂ ਤਾਂ ਇਹ ਜ਼ਿੰਦਗੀ ਤੁਹਾਨੂੰ ਦਰ-ਦਰ ਦੀਆਂ ਠੋਕਰਾਂ ਖਾਣ ਨੂੰ ਮਜਬੂਰ ਕਰ ਸਕਦੀਹੈ। ਇਸੇ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਮਨ ਨੂੰ ਕਾਬੂ ਵਿੱਚ ਰੱਖਿਆ ਜਾਵੇ। ਫਾਲਤੂ ਦੀਆਂ ਤ੍ਰਿਸ਼ਨਾਵਾਂ ਉੱਤੇ ਕਾਬੂ ਪਾ ਕੇ, ਉਨ੍ਹਾਂ ਨੂੰ ਨੂੜਿਆ ਜਾਵੇ। ਫਿਰ ਵੇਖੋ, ਤੁਹਾਡੇ ਹਿਰਦੇ ਦੀ ਸ਼ੁੱਧਤਾ ਵਿੱਚੋਂ ਕਿਵੇਂ ਜ਼ਿੰਦਗੀ ਦੇ ਫੁੱਲ ਖਿੜਨ ਲੱਗਦੇ ਹਨ। ਕਿਵੇਂ ਤੁਹਾਡੀ ਜ਼ਿੰਦਗੀ ਰੰਗੀਨ ਬਣਦੀ ਹੈ। ਤੁਹਾਨੂੰ ਵਧੇਰੇ ਖ਼ੁਸ਼ੀ ਇਨ੍ਹਾਂ ਮਹਿਲ ਮਾੜੀਆਂ ਦੀ ਥਾਂ ’ਤੇ ਫੁੱਲਾਂ, ਚਸ਼ਮਿਆਂ ਤੇ ਬਹਾਰਾਂ ਵਿੱਚ ਨਜ਼ਰ ਆਵੇਗੀ। ਤੁਸੀਂ ਵੇਖੋਗੇ ਕਿ ਜਿੱਥੇ ਇੰਜ ਕਰਨ ਨਾਲ ਤੁਹਾਡੀ ਸਿਹਤ ਸੁਧਰੀ ਹੈ, ਉੱਥੇ ਮਨ ਵੀ ਸਾਦਗੀ ਵਿੱਚ ਰਹਿ ਕੇ ਹਿਰਨ ਵਾਂਗ ਚੁੰਗੀਆਂ ਭਰਦਾ ਹੈ।

ਕਦੇ ਕਿਸੇ ਝੀਲ ਦੇ ਪਾਣੀ ਵਿੱਚ ਝਾਕ ਕੇ ਵੇਖੋ, ਕਿਵੇਂ ਕਮਲ ਫੁੱਲ ਪਾਣੀ ਤੋਂ ਉੱਚਾ ਆਪਣੀ ਧੌਣ ਚੁੱਕੀ ਖਿੜਿਆ ਹੋਇਆ ਇਹ ਦੱਸ ਰਿਹਾ ਹੈ ਕਿ ਪਾਣੀ ਵਿੱਚ ਰਹਿ ਕੇ ਵੀ ਨਿਰਲੇਪ ਹੋ ਕੇ ਜ਼ਿੰਦਗੀ ਨੂੰ ਮਾਣਿਆ ਜਾ ਸਕਦਾ ਹੈ। ਜ਼ਿੰਦਗੀ ਦੇ ਅਸਲ ਅਰਥ ਸੱਚੀ ਤੇ ਸੁੱਚੀ ਕਮਾਈ ਕਰਕੇ ਪੇਟ ਪਾਲਣਾ ਵੀ ਹੈ ਅਤੇ ਫੁੱਲਾਂ ਦੇ ਖੇੜੇ ’ਤੇ ਹਾਸੇ ਨੂੰ ਆਪਣੇ ਵਿੱਚ ਵਸਾਉਣਾ ਵੀ। ਜਿਨ੍ਹਾਂ ਕੋਲ ਫੁੱਲਾਂ ਵਰਗੀ ਖ਼ੁਸ਼ੀ ਹੋਵੇ, ਭਲਾ ਉਨ੍ਹਾਂ ਨੂੰ ਧਨ ਦੀ ਕੀ ਲੋੜ ਹੈ? ਧਨ ਤਾਂ ਓਨਾ ਹੀ ਕਾਫ਼ੀ ਹੈ, ਜਿਸ ਨਾਲ ਸਾਦਗੀ ਵਿੱਚ ਰਹਿ ਕੇ ਵੀ ਖ਼ੁਸ਼ ਹੋਇਆ ਜਾ ਸਕੇ। ਫੁੱਲਾਂ ਦੀ ਸੁੰਦਰਤਾ ਤੇ ਮਹਿਕ ਨੂੰ ਆਪਣੇ ਹਿਰਦਿਆਂ ਵਿੱਚ ਵਸਾਇਆ ਜਾ ਸਕੇ।

ਇਨਸਾਨ ਦੇ ਮਨ ਦਾ ਕਿਸ ਨੇ ਭੇਤ ਪਾਇਆ ਹੈ? ਕਈ ਵਾਰ ਇਨਸਾਨ ਖ਼ੁਦ ਵੀ ਆਪਣੇ ਮਨ ਦਾ ਭੇਤ ਨਹੀਂ ਪਾ ਸਕਦਾ। ਇਹ ਮਨ ਜੇ ਪਰਚ ਜਾਵੇ ਤਾਂ ਬੜਾ ਸੌਖਾ, ਨਹੀਂ ਤਾਂ ਸਾਰੇ ਜੱਗ ਦੀਆਂ ਵਸਤਾਂ ਵੀ ਇਸ ਅੱਗੇ ਢੇਰੀ ਕਰ ਦਿਓ, ਇਹ ਨਹੀਂ ਪਰਚਦਾ। ਬੱਚੇ ਦੇ ਰੋਣ ਵਾਂਗ ਇਹ ਜ਼ਿੱਦ ਪਿਆ ਰਹਿੰਦਾ ਹੈ। ਜਿਵੇਂ ਬੱਚੇ ਨੂੰ ਕੋਈ ਖਿਡਾਉਣਾ ਦੇ ਦਿੱਤਾ ਜਾਵੇ ਤਾਂ ਰੋਣਾ ਬੰਦ ਕਰ ਦਿੰਦਾ ਹੈ, ਇਹੋ ਹਾਲ ਇਨਸਾਨ ਦੇ ਮਨ ਦਾ ਹੈ। ਜਿਹੜੇ ਇਸ ’ਤੇ ਲਗਾਮ ਪਾਉਣੀ ਸਿੱਖ ਲੈਣ, ਉਹ ਧੱਲ੍ਹੇ ਦੀਆਂ ਲਾਉਂਦੇ ਹਨ। ਕਈ ਬੜੀ ਸਾਧਾਰਨ ਜ਼ਿੰਦਗੀ ਜੀਅ ਕੇ ਵੀ ਆਪਣਾ ਮਨ ਲਾਈ ਰੱਖਦੇ ਹਨ ਤੇ ਉਨ੍ਹਾਂ ਦਾ ਮਨ ਆਖੇ ਲੱਗ ਕੇ ਮੋਰਾਂ ਵਾਂਗ ਪੈਲ ਪਾਉਂਦਾ ਤੇ ਨੱਚਦਾ ਹੈ। ਕਦੇ ਅੜੀ ਨਹੀਂ ਕਰਦਾ, ਸਗੋਂ ਜਿੱਧਰ ਨੂੰ ਤੋਰੋ, ਤੁਰ ਪੈਂਦਾ ਹੈ। ਕਈ ਇਸ ਮਨ ਨੂੰ ਲਾਉਣ ਖ਼ਾਤਰ ਪਤਾ ਨਹੀਂ ਕਿੰਨੇ ਦੇਸ਼ਾਂ ਦੀ ਸੈਰ ਕਰਦੇ ਹਨ। ਕਈ ਲੋਕ ਮਨ ਨੂੰ ਕੰਮ ਵਿੱਚ ਲਾਉਂਦੇ ਹਨ ਤਾਂ ਮਨਆਗਿਆਕਾਰ ਬੱਚੇ ਵਾਂਗ ਕੰਮ ਲੱਗਾ ਰਹਿੰਦਾ ਹੈ। ਕਦੇ ਸ਼ਿਕਾਇਤ ਨਹੀਂ ਕਰਦਾ, ਸਗੋਂ ਜਿੰਨਾ ਵਧੇਰੇ ਕੰਮ ਵਿੱਚ ਲਾਇਆ ਜਾਵੇ, ਓਨਾ ਹੀ ਖ਼ੁਸ਼ ਰਹਿੰਦਾ ਹੈ। ਇਸੇ ਲਈ ਲੋਕ ਆਪਣੇ ਮਨ ਨੂੰ ਕੰਮਾਂ ਵਿੱਚ ਗਲਤਾਨ ਰੱਖਦੇ ਹਨ ਤੇ ਇਹ ਕੰਮ ਵਿੱਚ ਗਲਤਾਨ ਹੋ ਕੇ ਕਦੇ ਆਪਣਾ ਸਿਰ ਨਹੀਂ ਚੁੱਕਦਾ।

ਇਹੀ ਵਜ੍ਹਾ ਹੈ ਕਿ ਪੁਰਾਣੇ ਤੋਂ ਪੁਰਾਣੇ ਜ਼ਮਾਨੇ ਵਿੱਚ ਕੁੜੀਆਂ ਛੋਪ ਕੱਤਦੀਆਂ ਆਈਆਂ ਹਨ। ਨਾਲੇ ਛੋਪ ਕੱਤੀ ਜਾਣਾ ਤੇ ਨਾਲ ਹੀ ਗੀਤ ਵੀ ਗਾਈ ਜਾਣਾ। ਠੱਠੇ ਤੇ ਮਸ਼ਕੀਆਂ ਦੀ ਛਹਿਬਰ, ਭਲਾਂ ਫਿਰ ਕਿਵੇਂ ਮਨ ਨਾ ਲੱਗੇ?

ਪੜ੍ਹਾਈ ਲਿਖਾਈ ਦਾ ਕੰਮ ਭਾਵੇਂ ਸਾਰੀ ਉਮਰ ਗੁਜ਼ਾਰ ਦਿਓ, ਖ਼ਤਮ ਨਹੀਂ ਹੁੰਦਾ। ਕਿਤਾਬਾਂ ਨਵੀਆਂ ਅਤੇ ਏਦਾਂ ਦੀਆਂ ਵਧੀਆ ਕਿ ਮਨ ਵੀ ਵੱਸ ਵਿੱਚ ਆਵੇ ਤੇ ਸਰੂਰ ਵੀ ਚੜ੍ਹੇ। ਕੋਈ ਘਾਟ ਨਹੀਂ ਅਜਿਹੀਆਂ ਕਿਤਾਬਾਂ ਦੀ। ਉਂਜ ਮਨ ਵੱਸ ਕਰਨ ਖ਼ਾਤਰ ਅੱਜ ਨਹੀਂ, ਹਜ਼ਾਰਾਂ ਸਾਲ ਪਹਿਲਾਂ ਵੀ ਇਨਸਾਨ ਕੋਸ਼ਿਸ਼ ਕਰਦਾ ਰਿਹਾ ਹੈ। ਕੋਈ ਇਸ ਨੂੰ ਵੱਸਕਰਨ ਲਈ ਸਾਧੂ ਵੇਸ ਧਾਰ ਕੇ ਕੁਟੀਆ ਵਿੱਚ ਡੇਰਾ ਲਾਉਂਦਾ ਤੇ ਮਨ ਨੂੰ ਵੱਸਕਰਦਾ ਹੈ। ਡੂੰਘੇ ਚਿੰਤਨ ਵਿੱਚ ਪੈ ਕੇ, ਰੱਬ ਦੀ ਸ਼ਰਨ ਵਿੱਚ ਆ ਕੇ ਕਿਵੇਂ ਮਨ ਨਾ ਲੱਗੇ? ਉੱਥੇ ਮਨ ਗੁਰੂ ਦੀ ਟੇਕ ਵਿੱਚ ਰਹਿੰਦਾ ਹੈ। ਸਾਰੀ ਭਟਕਣ ਮੁੱਕ ਜਾਂਦੀ ਹੈ।

ਇੰਝ ਇਸ ਮਨ ਪਰਦੇਸੀ ਨੂੰ ਵੱਸ ਕਰਨ ਲਈ ਹੋਰ ਬਥੇਰੇ ਉਪਰਾਲੇ ਹਨ, ਜੋਇਨਸਾਨ ਸਹਿਜੇ ਹੀ ਕਰ ਸਕਦਾ ਹੈ। ‘ਸੌ ਗਜ਼ ਰੱਸਾ, ਸਿਰੇ ’ਤੇ ਗੰਢ’ ਵਾਲੀ ਗੱਲ ਤਾਂ ਇਹੋ ਹੈ ਕਿ ਕਿਵੇਂ ਨਾ ਕਿਵੇਂ ਮਨ ਵੱਸ ਵਿੱਚ ਕੀਤਾ ਜਾਵੇ। ਜਿਨ੍ਹਾਂ ਨੇ ਮਨ ਵੱਸ ਕੀਤਾ ਹੋਇਆ ਹੈ, ਉਹ ਸੌ ਸੁੱਖ ਭੋਗਦੇ ਹਨ। ਗੂੜ੍ਹੀਆਂ ਨੀਦਾਂ ਸੌਂਦੇ ਅਤੇ ਆਪਣੇ ਸਾਰੇ ਕੰਮ ਠੀਕ ਢੰਗ ਨਾਲ ਨਿਪਟਾ ਕੇ ਰੱਬ ਦਾ ਲੱਖ ਲੱਖ ਸ਼ੁਕਰ ਕਰਦੇ ਹਨ। ਕਈ ਲਿਖਾਰੀ ਕਿਸਮ ਦੇ ਬੰਦੇ ਮਨ ਨੂੰ ਵੀ ਆਪਣੀ ਕਲਾ ਵਿੱਚ ਹੀ ਸਮੋਅ ਲੈਂਦੇ ਹਨ। ਜਿਉਂ ਜਿਉਂ ਮਨ ਕਲਾ ਵਿੱਚ ਸਮੋਇਆ ਜਾਂਦਾ ਹੈ, ਕਲਾ ਵਿੱਚ ਨਿਖਾਰ ਆਉਂਦਾ ਹੈ। ਅੱਖਰਾਂ ਵਿੱਚ ਜਾਨ ਪੈਂਦੀ ਹੈ। ਕਲਾਕਾਰ ਦਾ ਨਾਂ ਚਮਕਦਾ ਹੈ।

ਇਲਮਾਂ ਵਾਲੇ ਇਸ ਮਨ ਦਾ ਭੇਤ ਪਾਉਂਦੇ ਪਾਉਂਦੇ ਥੱਕ ਗਏ, ਪਰ ਵੱਸ ਵਿੱਚ ਨਹੀਂ ਆਇਆ। ਕਦੇ ਇਹ ਮਨ ਪ੍ਰੀਤਾਂ ਵਿੱਚ ਏਨਾ ਗਲਤਾਨ ਹੋ ਜਾਂਦਾ ਹੈ ਕਿ ਆਪਣੇ ਆਪ ਦੀ ਖ਼ਬਰ ਸਾਰ ਨਹੀਂ ਰਹਿੰਦੀ। ਸੋ ਬਿਹਤਰ ਇਹ ਹੈ ਕਿ ਇਸ ਮਨ ਨੂੰ ਪਰਦੇਸੀਂ ਵੱਸਣ ਦਿੱਤਾ ਜਾਵੇ ਤੇ ਇਨਸਾਨ ਇਸ ਦੇ ਪਰਦੇਸੀਂ ਵੱਸਦਿਆਂ ਵੀ ਸੁੱਖ ਦੀ ਨੀਂਦ ਸੌਂਵੇਂ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਆਪਣੀ ਪਸੰਦ ਦੇ ਕੰਮ ਵਿੱਚ ਲਾ ਲਿਆ ਤਾਂ ਮੇਰਾ ਯਕੀਨ ਹੈ ਕਿ ਪਰਦੇਸੀ ਮਨ ਵੀ ਜ਼ਰੂਰ ਘਰ ਆ ਜਾਵੇਗਾ। ਉਂਜ ਇਸ ਦੇ ਫਿਕਰ ਕਰਨ ਦੀ ਕੋਈ ਖ਼ਾਸ ਗੱਲ ਨਹੀਂ। ਜਿੱਥੇ ਵਸਦਾ ਹੈ, ਵੱਸਣ ਦਿਓ। ਇੱਕ ਨਾ ਇੱਕ ਦਿਨ ਤਾਂ ਉਹ ਜ਼ਰੂਰ ਆਪਣੇ ਤਾਬੂਤ ਵਿੱਚ ਵਾਪਸ ਆ ਜਾਵੇਗਾ।

ਕੀ ਜ਼ਿੰਦਗੀ ਵਿੱਚ ਕੋਈ ਸਦੀਵੀ ਖ਼ੁਸ਼ੀ ਵੀ ਹੈ, ਜਿਸ ਦੇ ਹੁਲਾਰੇ ਵਿੱਚ ਇਨਸਾਨ ਆਪਾ ਭੁੱਲਿਆ ਸਦਾ ਖ਼ੁਸ਼ ਰਹਿ ਸਕਦਾ ਹੈ। ਇਸ ਦਾ ਜੁਆਬ ਇਨਸਾਨ ਦੇ ਪਵਿੱਤਰ ਮਨ ਵਿੱਚੋਂ ਲੱਭਿਆ ਜਾ ਸਕਦਾ ਹੈ। ਉਹ ਮਨ, ਜਿੱਥੇ ਕੋਈ ਝਰੀਟ ਨਾ ਹੋਵੇ ਤੇ ਉਹ ਮਨ ਜੋ ਝੀਲ ਦੇ ਨਿਰਮਲ ਪਾਣੀ ਵਾਂਗ ਟਿਕਿਆ ਹੋਇਆ ਅਤੇ ਸ਼ਾਂਤ ਹੋਵੇ। ਉਹੀ ਮਨ ਇਸ ਦਾ ਸਹੀ ਜੁਆਬ ਦੇ ਸਕਦਾ ਹੈ। ਅਸਲੀ ਖ਼ੁਸ਼ੀ ਇਨਸਾਨ ਦੇ ਅੰਦਰ ਹੀ ਜਨਮ ਲੈਂਦੀ ਹੈ। ਇਸ ਦੇ ਹੁਲਾਰੇ ਇਨਸਾਨ ਨੂੰ ਸੱਤਵੇਂ ਆਸਮਾਨ ’ਤੇ ਚੁੱਕੀ ਫਿਰਦੇ ਹਨ, ਪਰ ਇਹ ਸਦੀਵੀ ਖ਼ੁਸ਼ੀ ਤਦੇ ਪਾਈ ਜਾ ਸਕਦੀ ਹੈ ਜੇ ਇਨਸਾਨ ਆਪਣੀ ਜ਼ਿੰਦਗੀ ਦੇ ਸੁਆਰਥ ਤਿਆਗ ਦੇਵੇ। ਭਾਵ ਆਪਣੇ ਆਪ ਨੂੰ ਇਸ ਕਦਰ ਪਵਿੱਤਰ ਤੇ ਸਾਫ਼ ਕਰ ਲਵੇ ਕਿ ਮਨ ਦੇ ਕਮਲ ਸਦਾ ਖਿੜ ਖਿੜ ਪੈਣ। ਜਿਵੇਂ ਚਿੱਕੜ ਭਰੇ ਪਾਣੀਆਂ ਵਿੱਚ ਵੀ ਕਮਲ ਦਾ ਫੁੱਲ ਖਿੜ ਪੈਂਦਾ ਹੈ। ਅਜਿਹੀ ਦੁਰਲੱਭ ਤੇ ਸਦੀਵੀ ਖ਼ੁਸ਼ੀ ਪ੍ਰਾਪਤ ਕਰਨ ਲਈ ਇਨਸਾਨ ਨੂੰ ਸੁਆਰਥ ਦਾ ਪੱਲਾ ਛੱਡਣਾ ਪਏਗਾ, ਪਰ-ਸੁਆਰਥੀ ਹੋ ਕੇ ਅਜਿਹੇ ਕੰਮ ਕਰੋ, ਜਿਨ੍ਹਾਂ ਨਾਲ ਹੋਰਨਾਂ ਦਾ ਭਲਾ ਹੋਵੇ। ਕੋਈਅਜਿਹਾ ਕੰਮ ਕਰਕੇ ਵੇਖੋ। ਤੁਹਾਨੂੰ ਜ਼ਰੂਰ ਖ਼ੁਸ਼ੀ ਅਨੁਭਵ ਹੋਵੇਗੀ।

ਅਸੀਂ ਵੇਖਦੇ ਹਾਂ ਕਿ ਬੜੇ ਰਹਿਮ ਦਿਲ ਹਕੀਮ ਤੇ ਡਾਕਟਰ ਜੋ ਮਰੀਜ਼ ਨੂੰ ਰਾਜ਼ੀ ਕਰਕੇ ਖ਼ੁਸ਼ ਹੁੰਦੇ ਹਨ। ਫਿਰ ਵੀ ਹੈਰਾਨੀ ਦੀ ਗੱਲ ਹੈ ਕਿ ਅਜਿਹੇ ਕਈ ਹਕੀਮ, ਮਰੀਜ਼ ਤੋਂ ਫੀਸ ਵੀ ਕਬੂਲ ਨਹੀਂ ਕਰਦੇ। ਅਜਿਹੇ ਸਫ਼ਾਖ਼ਾਨੇ, ਮਰੀਜ਼ਾਂ ਨੂੰ ਰਾਜ਼ੀ ਕਰਕੇ ਆਪਣੀ ਅਸਲ ਪੂੰਜੀ ਤੇ ਅਸਲ ਖ਼ੁਸ਼ੀ ਪ੍ਰਾਪਤ ਕਰ ਲੈਂਦੇ ਹਨ। ਜਿਵੇਂ ਵਗਦੇ ਪਾਣੀ ਖੇਤਾਂ ਨੂੰ ਸਿੰਜ ਕੇ ਅੱਗੇ ਚਲੇ ਜਾਂਦੇ ਹਨ। ਇਸੇ ਤਰ੍ਹਾਂ ਤੁਸੀਂ ਕਿਸੇ ਨੂੰ ਖ਼ੁਸ਼ੀ ਵੰਡ ਕੇ ਤੁਰਦੇ ਬਣੋ। ਜਤਾਓ ਨਾ ਕਿ ਤੁਸੀਂ ਕਿਸੇ ਦਾ ਫਾਇਦਾ ਕੀਤਾ ਹੈ। ਸਾਰੀ ਗੜਬੜ ਜਤਾਉਣ ਨਾਲ ਹੁੰਦੀ ਹੈ। ਜਿਵੇਂ ਚਸ਼ਮਿਆਂ ਦੇ ਪਾਣੀ ਅਨੇਕਾਂ ਰਾਹੀਆਂ ਦੀ ਪਿਆਸ ਬੁਝਾ ਕੇ ਨਿਰੰਤਰ ਵਹਿੰਦੇ ਰਹਿੰਦੇ ਹਨ। ਇੰਜ ਹੀ ਤੁਸੀਂ ਚਸ਼ਮੇ ਬਣੋ। ਪਾਣੀਆਂ ਵਾਂਗ ਨਿਰਮਲ ਤੇ ਚਾਂਦੀ ਵੰਨੀ ਭਾਅ ਮਾਰਦੇ ਸਦੀਵੀ ਖ਼ੁਸ਼ੀ ਦੇ ਰਾਹਗੀਰ ਬਣੋ। ਜਿੱਥੇ ਕੋਈ ਤਿੜਕੀ ਹੋਈ ਭਾਵਨਾ ਨਹੀਂ, ਸਗੋਂ ਖਿੜੇ ਫੁੱਲਾਂ ਵਰਗੀ ਤਾਜ਼ਗੀ ਤੇ ਖੇੜਾ ਹੈ।

ਸਦੀਵੀ ਖ਼ੁਸ਼ੀ ਦਾ ਵਾਸਾ ਕੇਵਲ ਪਵਿੱਤਰ ਆਤਮਾ ਵਿੱਚ ਹੋ ਸਕਦਾ ਹੈ। ਉਹ ਰੂਹ ਜੋ ਫੁੱਲ ਵਾਂਗ ਖਿੜ ਖਿੜ ਕੇ ਰੌਸ਼ਨੀ ਵੰਡੇ, ਉਹ ਚਿਰਾਗ, ਜਿਸ ਦੀ ਨਿਰਮਲ ਤੇ ਪੁਰ ਨੂਰ ਆਭਾ ਵਿੱਚ ਇੱਕ ਸਦੀਵੀ ਚਾਨਣ ਵੱਸਦਾ ਹੋਵੇ। ਇਹ ਨਾ ਹੋਵੇ ਕਿ ਤੁਹਾਡਾ ਮਨ ਬਹੁਤ ਠੋਕਰਾਂ ਖਾ ਕੇ ਤੜਫਣ ਲੱਗ ਪਵੇ, ਸਗੋਂ ਨਿੱਕੀਆਂ, ਮੋਟੀਆਂ ਤਕਲੀਫ਼ਾਂ ਸਹਾਰ ਕੇ ਤੁਸੀਂ ਖ਼ੁਸ਼ੀਆਂ ਦੇ ਦੁਆਰ ਵੱਲ ਤੱਕਦੇ ਰਹੋ।

ਸਾਡੇ ਸਿਰ ’ਤੇ ਤਣਿਆ ਨੀਲਾ ਅੰਬਰ ਸਾਨੂੰ ਇਹੋ ਸਿੱਖਿਆ ਦਿੰਦਾ ਹੈ ਕਿ ਮੇਰੇ ਵਾਂਗ ਨਿਰਮਲ ਅਤੇ ਸ਼ਫਾਫ਼ ਬਣੋ। ਆਕਾਸ਼ ਜਿੰਨਾ ਨਿਰਮਲ ਤਾਂ ਇਨਸਾਨ ਤਦੇ ਬਣ ਸਕੇਗਾ, ਜੇ ਉਸ ਦੇ ਹਿਰਦੇ ਵਿੱਚ ਆਕਾਸ਼ ਜਿੰਨੀ ਖੁੱਲ੍ਹ ਸਮਾਈ ਹੋਵੇ ਤੇ ਆਕਾਸ਼ ਜਿੰਨਾ ਨੀਲੰਬਰੀ ਰੰਗ ਵੀ ਭਰਿਆ ਹੋਵੇ। ਸਦੀਵੀ ਖ਼ੁਸ਼ੀ ਪ੍ਰਾਪਤ ਕਰਨ ਲਈ ਆਪਣੇ ਹੱਥਾਂ ਨੂੰ ਸਦਾ ਕੰਮ ਵਿੱਚ ਰੁਝਾਈ ਰੱਖੋ, ਜਿਵੇਂ ਮਧੂ ਮੱਖੀਆਂ ਸ਼ਹਿਦ ਇਕੱਠਾ ਕਰਕੇ ਕੰਮ ਕਰਦੀਆਂ ਹਨ। ਜਿਵੇਂ ਨਿਰੋਲ ਕੀੜੇ ਤੇ ਸਮੁੰਦਰੀ ਜੀਵ ਹਰ ਪਲ, ਹਰ ਛਿਨ ਆਪਣੀ ਉਪਜੀਵਕਾ ਲਈ ਅਨਾਜ ਜਮ੍ਹਾਂ ਕਰੀ ਜਾ ਰਹੇ ਹਨ।

ਨਿਰੰਤਰਤਾ ਵਿੱਚ ਜ਼ਿੰਦਗੀ ਸਮਾਈ ਹੋਈ ਹੈ। ਭਲਾ ਤਾਰੇ, ਚੰਦ ਤੇ ਸੂਰਜ ਕਦੇ ਆਰਾਮ ਕਰਦੇ ਹੋਣਗੇ। ਇਹ ਤਾਂ ਸਦਾ ਤੋਂ ਆਪਣਾ ਫਰਜ਼ ਨਿਭਾਈ ਜਾਂਦੇ ਹਨ। ਇੰਜ ਇਨਸਾਨ ਦੇ ਕੁਝ ਸਦੀਵੀ ਫਰਜ਼ ਹਨ। ਇਨ੍ਹਾਂ ਫਰਜ਼ਾਂ ਦੀ ਪੰਡ ਚੁੱਕ ਕੇ ਜਦੋਂ ਕੋਈ ਤੁਰਦਾ ਹੈ ਤਾਂ ਮਾਣ ਮਹਿਸੂਸ ਕਰਦਾ ਹੈ। ਜਿਵੇਂ ਫੁੱਲਾਂ ਨੂੰ ਖੇੜੇ ਵੰਡ ਕੇ ਖ਼ੁਸ਼ੀ ਮਿਲਦੀ ਤੇ ਘਾਹ ਨੂੰ ਪੈਰਾਂ ਹੇਠ ਵਿਛ ਕੇ, ਇੰਜ ਹੀ ਤੁਸੀਂ ਆਪਣੀ ਖ਼ੁਸ਼ੀ ਲਈ ਫੁੱਲ ਬਣੋ ਜਾਂ ਘਾਹ ਜਾਂ ਰੁੱਖ ਬਣ ਕੇ ਠੰਢੀ ਛਾਂ ਵੰਡੋ। ਤੁਹਾਨੂੰ ਆਪਣੀ ਖ਼ੁਸ਼ੀ ਲਈ ਕੋਈ ਅਜਿਹੀ ਕੁਰਬਾਨੀ ਜ਼ਰੂਰ ਕਰਨੀ ਪਵੇਗੀ, ਤਦੇ ਤੁਸੀਂ ਅਸਲ ਖ਼ੁਸ਼ੀ ਦਾ ਭੇਤ ਜਾਣ ਸਕਦੇ ਹੋ।

# ਦਿਲ ਨੂੰ ਆਕਾਸ਼ ਵਾਂਗ ਸਾਫ਼ ਰੱਖੋ

ਜਿੰਨਾ ਚਿਰ ਇਨਸਾਨ ਦਿਲੋਂ ਸਾਫ਼ ਨਹੀਂ, ਉਸ ਦਾ ਦ੍ਰਿਸ਼ਟੀਕੋਣ ਸਪੱਸ਼ਟ ਨਹੀਂ, ਇਹ ਧੁੰਦਲਕੇ ਦੀ ਜ਼ਿੰਦਗੀ ਜੀਵੀ ਜਾਵੇਗਾ। ਉਸ ਨੂੰ ਜ਼ਿੰਦਗੀ ਦੇ ਮਾਅਨੇ ਹੋਰ ਔਖੇ ਲੱਗਣ ਲੱਗ ਪੈਣਗੇ ਤੇ ਉਹ ਇੱਕ ਕਮਜ਼ੋਰ ਵਿਦਿਆਰਥੀ ਵਾਂਗ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਫੇਲ੍ਹ ਹੋ ਜਾਵੇਗਾ। ਜ਼ਿੰਦਗੀ ਦੇ ਜਿਊਣ ਲਈ ਮਨ ਦਾ ਸਾਫ਼ ਹੋਣਾ ਅਤੇ ਦ੍ਰਿਸ਼ਟੀਕੋਣ ਸਪੱਸ਼ਟ ਹੋਣਾ ਬੜਾ ਜ਼ਰੂਰੀ ਹੈ। ਜਿਹੜਾ ਇਨਸਾਨ ਆਪਣੀ ਦ੍ਰਿਸ਼ਟੀ ਨੂੰ ਸਪੱਸ਼ਟ ਤੇ ਸਾਫ਼ ਰੱਖਦਾ ਹੈ, ਉਹ ਕਦੇ ਧੱਕੇ ਨਹੀਂ ਖਾਂਦਾ, ਸਗੋਂ ਮੰਜ਼ਿਲ ਦੀ ਤਰਫ਼ ਵਧਦਾ ਜਾਂਦਾ ਹੈ ਤੇ ਉਸ ਨੂੰ ਕੰਮ ਕਰਦਿਆਂ ਕੋਈ ਉਲਝਣ ਪੈਦਾ ਨਹੀਂ ਹੁੰਦੀ, ਪਰ ਜੇ ਦ੍ਰਿਸ਼ਟੀ ਸਾਫ਼ ਤੇ ਸਪੱਸ਼ਟ ਨਾ ਹੋਵੇ ਤਾਂ ਸਿੱਧੇ ਰਾਹ ਵੀ ਟੇਢੇ ਦਿੱਸਦੇ ਹਨ। ਉਸ ਨੂੰ ਸਮਝ ਨਹੀਂ ਪੈਂਦਾ ਕਿ ਉਹ ਆਪਣੇ ਅਕੇਵੇਂ ਦਾ ਕੀ ਕਰੇ? ਉਦਾਸੀ ਦਾ ਕੀ ਹੱਲ ਲੱਭੇ ਤੇ ਆਪਣਾ ਸੱਖਣੇਪਣ ਕਿਵੇਂ ਜ਼ਰੇ? ਆਪਣੀ ਅਰਥਹੀਣਤਾ ਨੂੰ ਕਿਵੇਂ ਬਰਦਾਸ਼ਤ ਕਰੇ? ਇਹੀ ਸਵਾਲ ਸਭ ਤੋਂ ਔਖਾ ਹੈ। ਇਸ ਨੂੰ ਹੱਲ ਕਰਨ ਲਈ ਇਨਸਾਨ ਨੂੰ ਆਪਣੀ ਜ਼ਿੰਦਗੀ ਦਾ ਮਨੋਰਥ ਲੱਭਣਾ ਪਵੇਗਾ। ਬਿਨਾਂ ਮਨੋਰਥ ਲੱਭਿਆਂ, ਜ਼ਿੰਦਗੀ ਜੀਵੀ ਨਹੀਂ ਜਾ ਸਕਦੀ। ਕਈ ਇਨਸਾਨ, ਇਨਸਾਨੀ ਭਲੇ ਲਈ ਕੰਮ ਕਰਦੇ ਹਨ। ਉਹ ਜ਼ਿੰਦਗੀ ਸੁਖਾਵੀਂ ਗੁਜ਼ਾਰਦੇ ਹਨ, ਹੋਰਨਾਂ ਦੀ ਜ਼ਿੰਦਗੀ ਵਿੱਚ ਵੀ ਰੂਹ ਤੇ ਖੇੜਾ ਭਰ ਦਿੰਦੇ ਹਨ। ਕਈ ਡਾਕਟਰ ਮਰੀਜ਼ਾਂ ਨੂੰ ਠੀਕ ਕਰਕੇ ਤਸੱਲੀ ਮੰਨਦੇ ਅਤੇ ਰੱਬ ਦਾ ਸ਼ੁਕਰਾਨਾ ਕਰਦੇ ਹਨ ਕਿ ਹੇ ਦਾਤਿਆ! ਜ਼ਿੰਦਗੀ ਵਿੱਚ ਹੋਰ ਕੰਮ ਕਰਨ ਦੀ ਤਾਕਤ ਬਖ਼ਸ਼ੀਂ। ਜ਼ਿੰਦਗੀ ਨੂੰ ਹੋਰ ਖੁਸ਼ਹਾਲੀ, ਸਹਿਣਸ਼ੀਲਤਾ ਤੇ ਖ਼ੂਬਸੂਰਤੀ ਦੇਵੀਂ। ਇਨ੍ਹਾਂ ਦੀ ਬੋਲੀ ਰੱਬੀ ਸੰਦੇਸ਼ ਵਾਂਗ ਹੁੰਦੀ ਹੈ। ਬੋਲਾਂ ਵਿੱਚ ਮਿਠਾਸ, ਮਧੁਰਤਾ ਤੇ ਰਸ ਵੀ ਹੁੰਦਾ ਹੈ। ਅਜਿਹੇ ਲੋਕ ਜ਼ਿੰਦਗੀ ਦੇ ਸਹੀ ਰਹਿਨੁਮਾ ਹੁੰਦੇ ਹਨ।

ਪ੍ਰਕਿਰਤੀ ਸੁੰਦਰਤਾ ਸਿਰਜਦੀ ਹੈ, ਪਰ ਇਨਸਾਨ ਕੂੜੇ ਦੇ ਢੇਰ ਜਮ੍ਹਾਂ ਕਰੀ ਜਾਂਦਾ ਹੈ। ਇਹੀ ਕਾਰਨ ਹੈ ਕਿ ਜਦੋਂ ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇ ਤਾਂ ਝੱਖੜ ਝੁੱਲਦੇ ਹਨ। ਕਈ ਵਾਰ ਵਧੇਰੇ ਮੀਂਹ ਨਾਲ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ। ਕਈ ਵਾਰ ਸੋਕਾ ਪੈਣ ਕਾਰਨ ਫ਼ਸਲਾਂ ਮਾਰੀਆਂ ਜਾਂਦੀਆਂ ਹਨ, ਪਰ ਕੁਦਰਤ ਵਾਤਾਵਰਨ ਦੇ ਸੰਤੁਲਨ ਨੂੰ ਕਾਇਮ ਰੱਖਣ ਦਾ ਯਤਨ ਕਰਦੀ ਹੈ। ਇੰਜ ਹੀ ਬਸੰਤ ਰੁੱਤ ਆਉਣ ’ਤੇ ਫੁੱਲ ਖਿੜਦੇ ਅਤੇ ਮਹਿਕ ਚਾਰ ਚੁਫ਼ੇਰੇ ਖਿੱਲਰ ਜਾਂਦੀ ਹੈ। ਰਾਹੀ, ਪਾਂਧੀ ਨੂੰ ਫੁੱਲ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਮਨ ਲੁਭਾਉਣੇ ਫੁੱਲ ਟਾਹਣੀਆਂ ’ਤੇ ਝੂਮਦੇ ਹਨ। ਇਨ੍ਹਾਂ ਫੁੱਲਾਂ ਦੀ ਪਰਿਕਰਮਾ ਕਰਦੀਆਂ ਤਿਤਲੀਆਂ ਕਿੰਨੀਆਂ ਖ਼ੂਬਸੂਰਤ ਲੱਗਦੀਆਂ ਹਨ।

ਕੋਈ ਸੋਹਣਾ ਨੌਜਵਾਨ ਆਪਣੀ ਪ੍ਰੇਮਿਕਾ ਦੇ ਚਿਹਰੇ ਨੂੰ ਫੁੱਲ ਨਾਲ ਤੁਲਨਾ ਦੇ ਕੇ ਉਸ ਦੀ ਸੁੰਦਰਤਾ ਵਿੱਚ ਵਾਧਾ ਕਰਦਾ ਹੈ। ਕਈ ਵਾਰ ਪ੍ਰੇਮਿਕਾ ਨੂੰ ਵੀ ਫੁੱਲ ਕਹਿ ਕੇ ਖੁਸ਼ ਹੁੰਦਾ ਹੈ। ਜਿਵੇਂ ਪ੍ਰੇਮਿਕਾ ਕੋਈ ਖਿੜਿਆ ਫੁੱਲ ਹੋਵੇ। ਮਹਿਕ ਵੰਡਦਾ ਗੁਲਾਬ ਹੋਵੇ। ਕਈ ਸੁੰਦਰ ਮੁਟਿਆਰਾਂ ਆਪਣੀ ਚੁੰਨੀ ਗੁਲਾਬ ਦੇ ਪੀਲੇ ਜਾਂ ਉਨਾਬੀ ਰੰਗ ਵਰਗੀ ਰੰਗ ਲੈਂਦੀਆਂ ਹਨ। ਜਿਵੇਂ ਉਹ ਪੀਲੇ ਰੰਗ ਦੀ ਚੁੰਨੀ ਲੈ ਕੇ ਸੱਚਮੁੱਚ ਹੀ ਕੋਈ ਪੀਲਾ ਗੁਲਾਬ ਬਣ ਗਈ ਹੋਵੇ। ਜਿੱਤੇ ਫੁੱਲ ਖਿੜਦੇ ਹਨ, ਉੱਥੇ ਖੇੜਾ, ਖੁਸ਼ੀ ਤੇ ਮਹਿਕ ਪਹਿਲਾਂ ਪਹੁੰਚ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਜਿਹੜੇ ਘਰ ਸੁੰਦਰ ਬਗੀਚੀ ਹੋਵੇਗੀ, ਉਸ ਦੇ ਜੀਅ ਆਪਣੇ ਮਨ ਵਿੱਚ ਵੀ ਬਗੀਚੀ ਦੀ ਸੁੰਦਰਤਾ, ਫੁੱਲਾਂ ਦੀ ਰੰਗੀਨੀ ਨੂੰ ਆਪਣੇ ਦਿਲਾਂ ਵਿੱਚ ਵਸਾ ਲੈਂਦੇ ਹਨ। ਕੋਈ ਵੀ ਇਨਸਾਨ ਫੁੱਲਾਂ ਕੋਲ ਮੂੰਹ ਸੁਜਾ ਕੇ ਨਹੀਂ ਬੈਠ ਸਕਦਾ। ਫੁੱਲਾਂ ਦੀ ਸੰਗਤ ਵਿੱਚ ਰਹਿਣਾ ਹੈ ਤਾਂ ਹੱਸਣਾ ਜ਼ਰੂਰ ਪਏਗਾ। ਫੁੱਲਾਂ ਦਾ ਹਾਸਾ ਮਨ ਵਿੱਚ ਵਸਾਉਣਾ ਪਏਗਾ। ਕਈ ਬਾਗਾਂ ਤੇ ਘਰਾਂ ਵਿੱਚ ਜਦੋਂ ਕਿਸੇ ਅੰਬ ਨੂੰ ਬੂਰ ਪਵੇ ਤਾਂ ਚੌਗਿਰਦਾ ਮਹਿਕਣ ਲੱਗਦਾ ਹੈ। ਅੰਬ ਦੇ ਰੁੱਖ ਨੂੰ ਪਿਆ ਬੂਰ ਮਨ ਵਿੱਚ ਵੀ ਪੁੰਗਰਦਾ ਹੈ। ਫਿਰ ਕਿਸੇ ਅੰਬ ਉੱਤੇ ਲੱਗੇ ਅੰਬ, ਇੰਜ ਲੱਗਦੇ ਹਨ ਜਿਵੇਂ ਬਹਿਸ਼ਤ ਇਸ ਧਰਤੀ ’ਤੇ ਉਤਰ ਆਈ ਹੋਵੇ।

ਕਿੱਥੇ ਗਿਆ ਉਹ ਜ਼ਮਾਨਾ, ਜਦੋਂ ਖੂਹ ਦੀਆਂ ਟਿੰਡਾਂ ਤੋਂ ਨਿਸਾਰ ਵਿੱਚ ਡਿੱਗਦਾ ਪਾਣੀ ਜ਼ਿੰਦਗੀ ਦਾ ਪ੍ਰਤੀਕ ਲੱਗਦਾ ਸੀ। ਖੂਹ ਤੋਂ ਠੰਢਾ ਪਾਣੀ ਪੀ ਕੇ ਰਾਹੀ ਪਾਂਧੀ ਸੰਘਣੀ ਛਾਂ ਵਿੱਚ ਆਰਾਮ ਕਰਦੇ ਸਨ। ਖੂਹ ’ਤੇ ਜੋੜੇ ਬਲਦ, ਆਪਣੀਆਂ ਟੱਲੀਆਂ ਨਾਲ ਵਾਤਾਵਰਨ ਵਿੱਚ ਸੰਗੀਤ ਘੋਲ ਦਿੰਦੇ ਤਾਂ ਕਿੰਨਾ ਸੁੰਦਰ ਦ੍ਰਿਸ਼ ਚਿੱਤਰ ਹੁੰਦਾ ਸੀ। ਜਦੋਂ ਖੂਹ ਵਿੱਚੋਂ ਨਿਸਾਰ ਵਿੱਚ ਪਾਣੀ ਡਿੱਗਦਾ ਤਾਂ ਅੰਮ੍ਰਿਤ ਰਸ ਖਾਲ ਵਿੱਚ ਵਗਦਾ ਹੋਇਆ ਸਾਰੇ ਖੇਤ ਨੂੰ ਠੰਢ ਬਖ਼ਸ਼ਦਾ ਸੀ। ਕਣਕਾਂ, ਮੱਕੀਆਂ ਤੇ ਹੋਰ ਫ਼ਸਲਾਂ ਸਭ ਖੂਹ ਦੇ ਪਾਣੀ ’ਤੇ ਨਿਰਭਰ ਸਨ। ਭੱਤਾ ਲੈ ਕੇ ਜਾਂਦੀ ਕੋਈ ਮੁਟਿਆਰ ਹੂਰ ਪਰੀ ਵਰਗੀ ਲੱਗਦੀ ਸੀ। ਹਾਲੀ ਦੇ ਤੜਕਸਾਰ ਖੇਤ ਵਿੱਚ ਗਾਏ ਗੀਤ ਤੇ ਉੱਚੀਆਂ ਹੇਕਾਂ ਮਨ ਨੂੰ ਸਕੂਨ ਬਖ਼ਸ਼ ਦਿੰਦੀਆਂ ਸਨ। ਇੰਜ ਜਾਪਦਾ ਜਿਵੇਂ ਧਰਤੀ ਗਾ ਰਹੀ ਹੋਵੇ। ਖੇਤ ਪੈਲਾਂ ਪਾ ਰਹੇ ਹੋਣ ਤੇ ਅਸਮਾਨ ਇਨ੍ਹਾਂ ਰਹਿਮਤਾਂ ’ਤੇ ਕਦੇ ਬੱਦਲ ਬਣ ਕੇ ਵਰਸਦਾ ਤੇ ਕਦੇ ਖਿੜੇ ਤਾਰਿਆਂ ਵਾਲੀ ਰਾਤ ਨਾਲ ਬਾਤਾਂ ਪਾਉਂਦਾ। ਕਈ ਵਾਰ ਖੂਹ ਨੇੜੇ ਕੋਈ ਕੇਸੂ ਦਾ ਰੁੱਖ ਪੂਰੀ ਛਬ-ਢੱਬ ਨਾਲ ਖਿੜ ਕੇ ਰੋਹੀ ਬੀਆਬਾਨ ਨੂੰ ਸੁੰਦਰਤਾ ਦੇਂਦਾ। ਕੇਸੂ ਦੇ ਫੁੱਲ ਲਾਲ-ਲਾਲ ਖਿੜ ਕੇ ਮਨ ਨੂੰ ਖੁਸ਼ੀਆਂ ਨਾਲ ਭਰ ਦਿੰਦੇ। ਟਿੱਬਿਆਂ ’ਤੇ ਖਿੜਿਆ ਕੇਸੂ ਕੋਈ ਰਿਸ਼ੀ ਜਾਪਦਾ। ਅੱਜ ਪਾਣੀ ਦੀ ਬੇਅਦਬੀ ਵਧ ਗਈ ਹੈ। ਇਸ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ, ਜਦ ਕਿ ਇਹ ਇਸ ਜ਼ਿੰਦਗੀ ਦਾ ਆਧਾਰ ਹੈ। ਜਦੋਂ ਕੋਈ ਸ਼ੁੱਭ ਕਾਰਜ ਕੀਤਾ ਜਾਂਦਾ ਹੈ ਤਾਂ ਪਾਣੀ ਦੀ ਗੜਵੀ ਲੈ ਕੇ ਸ਼ਗਨ ਮਨਾਇਆ ਜਾਂਦਾ ਹੈ। ਘਰ ਦੇ ਬੂਹੇ ਤੋਂ ਪਾਣੀ ਛਿੜਕਿਆ ਜਾਂਦਾ ਹੈ। ਪੁਰਾਣੀਆਂ ਸੁਆਣੀਆਂ ਘਰ ਨੂੰ ਸੁਆਰ ਕੇ ਹਰ ਥਾਂ ਪਾਣੀ ਛਿੜਕ ਦਿੰਦੀਆਂ ਸਨ। ਧਰਤੀ ਪਵਿੱਤਰ ਕਰਦੀਆਂ ਸਨ। ਅੱਜ ਦਾ ਇਨਸਾਨ ਇਸ ਅੰਮ੍ਰਿਤ ਵਰਗੀ ਚੀਜ਼ ਨੂੰ ਕੁਝ ਨਹੀਂ ਸਮਝਦਾ। ਸ਼ਹਿਰਾਂ ਵਿੱਚ ਚੱਲਦੀਆਂ ਟੂਟੀਆਂ ਖੁੱਲ੍ਹੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਪਾਣੀ ਵਗੀ ਜਾਂਦਾ ਹੈ। ਹੋਟਲ ਵਾਲਾ ਆਪਣੇ ਕੰਮ ਵਿੱਚ ਮਸਤ ਹੈ। ਕੋਈ ਅਹਿਸਾਸ ਨਹੀਂ ਕਿ ਫਾਲਤੂ ਪਾਣੀ ਵਗੀ ਜਾਂਦਾ ਹੈ। ਟੂਟੀ ਬੰਦ ਕੀਤੀ ਜਾਵੇ।

ਪਾਣੀ ਜਦੋਂ ਅੰਬਰਾਂ ਵਿੱਚੋਂ ਵਰਸਦਾ ਹੈ ਤਾਂ ਕੁੱਲ ਬਨਸਪਤੀ ਖਿੜ ਉੱਠਦੀ ਹੈ। ਸੁੱਕੇ ਡਾਲ ਹਰਿਆਲੀ ਨਾਲ ਭਰ ਜਾਂਦੇ ਹਨ। ਅੱਧ-ਸੁੱਕੇ ਡਾਲ ਹਰੇ ਹੋ ਜਾਂਦੇ ਹਨ। ਰੁੱਖਾਂ ’ਤੇ ਡਿੱਗਦੀਆਂ ਪਾਣੀ ਦੀਆਂ ਬੂੰਦਾਂ ਰੁੱਖ ਲਈ ਅੰਮ੍ਰਿਤ ਹੁੰਦੀਆਂ ਹਨ। ਉੱਚੀਆਂ ਪਹਾੜੀਆਂ ’ਤੇ ਉੱਗੇ ਨਿੱਕੇ-ਨਿੱਕੇ ਵੇਲ, ਬੂਟੇ, ਰੁੱਖ ਅਤੇ ਹਜ਼ਾਰਾਂ ਕਿਸਮ ਦੀਆਂ ਵੇਲਾਂ ਇਸ ਅੰਬਰ ਦੇ ਪਾਣੀ ਨੂੰ ਪੀ ਕੇ ਪਿਆਸ ਬੁਝਾਉਂਦੀਆਂ ਹਨ। ਪਾਣੀ ਜੀਵਨ ਹੈ। ਖੇੜਾ ਹੈ, ਮਹਿਕ ਹੈ ਤੇ ਜ਼ਿੰਦਗੀ ਦਾ ਨਾਚ ਵੀ ਪਾਣੀ ਨਾਲ ਹੀ ਸੰਭਵ ਹੈ। ਬਿਨਾਂ ਪਾਣੀ ਜੀਵਨ ਦੀ ਹੋਂਦ ਨਹੀਂ ਕਿਆਸੀ ਜਾ ਸਕਦੀ। ਜਦੋਂ ਕੋਈ ਮਰਨ ਵਰਤ ਰੱਖਦਾ ਹੈ ਤਾਂ ਕੁਝ ਦਿਨਾਂ ਵਿੱਚ ਉਹ ਮੁਰਝਾਅ ਜਾਂਦਾ ਹੈ, ਪਰ ਵਰਤ ਤੋੜਨ ਵੇਲੇ ਪਾਣੀ ਪਿਲਾ ਕੇ ਉਸ ਨੂੰ ਜੀਵਨ-ਰੌਂਅ ਵਿੱਚ ਫਿਰ ਸ਼ਾਮਲ ਕਰ ਲਿਆ ਜਾਂਦਾ ਹੈ। ਨਵੀਂ ਵਿਆਹੀ ਵਹੁਟੀ ਨੂੰ ਘਰ ਪ੍ਰਵੇਸ਼ ਕਰਨ ਸਮੇਂ ਪਾਣੀ ਵਾਰਿਆ ਜਾਂਦਾ ਹੈ। ਮੁੰਡੇ ਦੀ ਮਾਂ ਵਹੁਟੀ ਦੇ ਸਿਰ ਤੋਂ ਪਾਣੀ ਦੀ ਗੜਵੀ ਵਾਰਦੀ ਅਤੇ ਸ਼ਗਨ ਮਨਾਉਂਦੀ ਹੈ। ਕਿਸੇ ਸਫ਼ਰ ’ਤੇ ਤੁਰਨ ਵੇਲੇ ਵੀ ਪਾਣੀ ਦਾ ਗਲਾਸ ਪੀ ਕੇ ਤੁਰਦਾ ਹੈ ਤਾਂ ਕਿ ਸਫ਼ਰ ਸਫਲ ਹੋਵੇ। ਘਰ ਵਿੱਚ ਵੜਨ ਵੇਲੇ ਫਿਰ ਪਾਣੀ ਪੀਤਾ ਜਾਂਦਾ ਹੈ। ਅੱਜ ਵੀ ਵਹਿੰਦੇ ਦਰਿਆ, ਵਗਦੀਆਂ ਨਦੀਆਂ ਤੇ ਗਾਉਂਦੇ ਪਾਣੀ ਕਿੰਨੇ ਸੁੰਦਰ ਲੱਗਦੇ ਹਨ। ਬਿਫਰੇ ਸਮੁੰਦਰ ਛੱਲਾਂ ਨਾਲ ਕਿਨਾਰਿਆਂ ’ਤੇ ਪਟਕ ਪਟਕ ਕੇ ਜ਼ਿੰਦਗੀ ਦਾ ਰਾਗ ਅਲਾਪ ਰਹੇ ਹਨ। ਪਾਣੀ ਬਿਨਾਂ ਸਾਡੀ ਹੋਂਦ ਕੀ ਹੈ? ਕੁਝ ਵੀ ਨਹੀਂ।

ਸਿਆਣੇ ਕਹਿੰਦੇ ਹਨ ਕਿ ਜਿੰਨਾ ਅਸਰ ਤੁਹਾਡੀ ਮੁਸਕਰਾਹਟ ਕਰ ਸਕਦੀ ਹੈ, ਓਨਾ ਅਸਰ ਪੂਰਾ ਵਿਖਿਆਨ ਵੀ ਨਹੀਂ ਕਰੇਗਾ। ਅਸਲ ਵਿੱਚ ਮੁਸਕਰਾ ਕੇ ਅਸੀਂ ਦੂਜੇ ਦੀ ਰੂਹ ਨੂੰ ਛੂੰਹਦੇ ਜਾਂ ਪਕੜਦੇ ਹਾਂ। ਜਿਹੜਾ ਮੁਸਕਰਾਉਣਾ ਸਿੱਖ ਲਵੇ, ਉਸ ਨੂੰ ਲੰਬੀ ਇਬਾਰਤ ਦੀ ਲੋੜ ਨਹੀਂ ਪੈਂਦੀ। ਕਈ ਔਰਤਾਂ ਮੁਸਕਰਾ ਕੇ ਆਪਣੇ ਪਤੀ ਨੂੰ ਵੱਸ ਕਰ ਰੱਖਦੀਆਂ ਹਨ। ਇਸ ਮੁਸਕਰਾਹਟ ਨਾਲ ਉਹ ਘਰ ਵਾਲੇ ਦੇ ਸਾਰੇ ਗਿਲੇ-ਸ਼ਿਕਵੇ ਪਰੇ ਵਗਾਹ ਮਾਰਦੀਆਂ ਹਨ ਅਤੇ ਕਈ ਹੁਸਨ ਦੀਆਂ ਪਰੀਆਂ ਮੁਸਕਰਾ ਕੇ ਸੱਸੀ, ਸਾਹਿਬਾਂ ਵਾਂਗ ਕਿਸੇ ਪੁਨੂੰ ਜਾਂ ਮਿਰਜ਼ੇ ਨੂੰ ਸਾਰੀ ਉਮਰ ਦਾ ਰੋਗ ਚੰਬੇੜ ਦਿੰਦੀਆਂ ਹਨ। ਮੁਸਕਰਾਉਣ ਲਈ ਸਰੀਰ ਵਿੱਚ ਖੁਸ਼ੀ ਦੀਆਂ ਤਰੰਗਾਂ ਪੈਦਾ ਹੋਣ, ਤਦ ਚਿਹਰੇ ’ਤੇ ਮੁਸਕਰਾਹਟ ਆ ਸਕੇਗੀ। ਝੂਠੀ ਮੁਸਕਰਾਹਟ ਦਾ ਕੋਈ ਫ਼ਾਇਦਾ ਨਹੀਂ। ਜਿੰਨਾ ਚਿਰ ਦਿਲ ਦੇ ਅੰਦਰ ਫੁੱਲਝੜੀਆਂ ਨਾ ਚੱਲਦੀਆਂ ਹੋਣ।

ਆਪਣੇ ਦਿਲ ਨੂੰ ਆਕਾਸ਼ ਵਾਂਗ ਸਾਫ਼ ਰੱਖੋ ਤੇ ਖਿੜੇ ਫੁੱਲਾਂ ਦੀ ਆਭਾ ਤੁਹਾਡੇ ਚਿਹਰੇ ’ਤੇ ਰੂਪਵਾਨ ਹੋ ਜਾਵੇਗੀ। ਖਿੜੇ ਫੁੱਲਾਂ ਦੀ ਆਭਾ ਤੁਹਾਡੇ ਹਿਰਦੇ ਵਿੱਚ ਹੋਵੇ ਤਾਂ ਮੁਸਕਰਾਹਟ ਖ਼ੁਦ-ਬ-ਖ਼ੁਦ ਤੁਹਾਡੇ ਚਿਹਰੇ ’ਤੇ ਰੂਪਵਾਨ ਹੋਵੇਗੀ।

# ਕੀ ਖੱਟਿਆ ਅਕਾਲੀਆਂ ਨੇ ਪੰਜਾਬੀ ਸੂਬਾ ਲੈ ਕੇ ?




-ਮਨਮੋਹਨ

ਪੰਜਾਬੀ ਭਾਸ਼ਾ ਦੇ ਆਧਾਰ ’ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਲਈ ਸ਼੍ਰੋਮਣੀ ਅਕਾਲੀ ਦਲ ਨੇ ਲੰਮਾ ਅੰਦੋਲਨ ਵਿੱਢਿਆ। ਉਸ ਪਿੱਛੋਂ ਅਕਾਲੀ ਦਲ ਦੀਆਂ ਕਈ ਸਰਕਾਰਾਂ ਬਣੀਆਂ, ਪਰ ਮਾਰਚ 2022 ਬਣੀ ਸੋਲ੍ਹਵੀਂ ਅਸੈਂਬਲੀ ’ਚ ਉਸਦੀਆਂ ਸੀਟਾਂ ਘਟ ਕੇ ਸਿਰਫ਼ 3 ਰਹਿ ਗਈਆਂ ਤੇ ਦੇਸ਼ ਦੀ ਅਠ੍ਹਾਰਵੀਂ ਪਾਰਲੀਮੈਂਟ ’ਚ ਗਿਣਤੀ ਦੀ ਸਿਰਫ਼ 1 ਸੀਟ। ਪਿਛਲੀ ਵਾਰ ਪੰਦਰ੍ਹਵੀਂ ਪੰਜਾਬ ਵਿਧਾਨ ਸਭਾ ’ਚ ਅਕਾਲੀ ਦਲ ਦੇ 15 ਵਿਧਾਇਕ ਸਨ ਅਤੇ ਸਤ੍ਹਾਰਵੀਂ ਪਾਰਲੀਮੈਂਟ ’ਚ ਸਿਰਫ਼ 2 ਪਾਰਲੀਮੈਂਟ ਮੈਂਬਰ (ਐਮਪੀਜ਼)।

ਪੰਜਾਬੀ ਸੂਬਾ ਬਣਾਉਣ ਪਿੱਛੇ ਅਕਾਲੀਆਂ ਦੀ ਸੋਚ ਸੀ ਕਿ ਇਸ ਦੇ ਗਠਨ ਨਾਲ ਪੰਜਾਬ ’ਚ ਸਿੱਖ ਬਹੁ-ਗਿਣਤੀ ’ਚ ਆ ਜਾਣਗੇ। ਇਸ ਕਾਰਨ ਅਕਾਲੀਆਂ ਦਾ ਪੰਜਾਬ ’ਚ ਰਾਜ ਭਾਗ ਸਦਾ ਬਣਿਆ ਰਹੇਗਾ, ਪਰ ਇਹ ਵਿਚਾਰ ਉਨ੍ਹਾਂ ਦਾ ਭਰਮ ਸੀ। ਕਾਰਨ ਇਹ ਕਿ ਸਿੱਖ ਕੋਈ ਇਕਹਿਰੀ ਪਛਾਣ ਨਹੀਂ। ਸਗੋਂ ਬਹੁ-ਪਰਤੀ ਤੇ ਬਹੁ-ਪਾਸਾਰੀ ਪਛਾਣ ਹੈ। ਉਹ ਸਿਰਫ਼ ਅਕਾਲੀ ਨਹੀਂ, ਉਨ੍ਹਾਂ ਦੀ ਸ਼ਮੂਲੀਅਤ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ ’ਚ ਹੈ।

ਪੰਜਾਬੀ ਸੂਬੇ ਪਿੱਛੇ ਕਾਰਜਸ਼ੀਲ ਵਿਚਾਰਧਾਰਾਈ ਵਰਤਾਰੇ ਨੂੰ ਸਮਝਣ ਲਈ ਇਤਿਹਾਸ ਬਾਰੇ ਜਾਣਨਾ ਜ਼ਰੂਰੀ ਹੈ ਕਿਉਂਕਿ ਅਮਰੀਕਾ ਦਾ ਨਵ-ਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਕਹਿੰਦਾ ਹੈ ਕਿ ਵਰਤਮਾਨ ਨੂੰ ਸਮਝਣ ਲਈ ਇਤਿਹਾਸ ਵੱਲ ਪਰਤੋ...।

ਸੰਨ ਸੰਤਾਲੀ ਦੀ ਦੇਸ਼ ਵੰਡ ਵੇਲੇ ਸ਼੍ਰੋਮਣੀ ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਜਮਾਤ ਸਮਝਦਾ ਸੀ। ਆਜ਼ਾਦੀ ਮਗਰੋਂ ਚੜ੍ਹਦੇ ਪੰਜਾਬ ਦਾ ਪਹਿਲਾ ਮੁੱਖ ਮੰਤਰੀ ਕਾਂਗਰਸ ਦਾ ਗੋਪੀ ਚੰਦ ਭਾਰਗਵ ਬਣਿਆ। ਅਕਾਲੀਆਂ ਦੀ ਇਹ ਇੱਛਾ ਮਨ ’ਚ ਦੱਬੀ ਰਹਿ ਗਈ ਕਿ ਜੇ ਸਾਨੂੰ ‘ਸਿੱਖ ਹੋਮਲੈਂਡ’ ਨਹੀਂ ਮਿਲਿਆ ਤਾਂ ਕੋਈ ਗੱਲ ਨਹੀਂ, ਪੰਜਾਬ ’ਚ ਸਾਡਾ ਰਾਜ ਆਉਣਾ ਚਾਹੀਦਾ ਹੈ, ਕਿਉਂਕਿ ਪੰਜਾਬ ’ਤੇ ਸਿੱਖਾਂ ਦਾ ਪਹਿਲਾ ਹੱਕ ਹੈ। ਸੰਨ ਸਤਾਹਠ ਤੱਕ ਪੰਜਾਬ ’ਚ ਅੱਗੜ ਪਿੱਛੜ ਕਾਂਗਰਸ ਦੇ ਮੁੱਖ ਮੰਤਰੀ ਬਣਦੇ ਰਹੇ, ਜਿਵੇਂ ਭਾਰਗਵ ਤੋਂ ਬਾਅਦ ਭੀਮ ਸੈਨ ਸੱਚਰ, ਪ੍ਰਤਾਪ ਸਿੰਘ ਕੈਰੋਂ, ਰਾਮ ਕਿਸ਼ਨ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਆਦਿ। ਆਜ਼ਾਦੀ ਤੋਂ ਵੀਹ ਸਾਲ ਤੱਕ ਸ਼੍ਰੋਮਣੀ ਅਕਾਲੀ ਦਲ ਕਦੇ ਸੱਤਾ ’ਚ ਨਹੀਂ ਆਇਆ। ਇਸ ਕੁਝ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੋਂ-ਅੰਦਰ ਇਹ ਅਹਿਸਾਸ ਹੋਣ ਲੱਗਾ ਕਿ ਜਿੰਨੀ ਦੇਰ ਪੰਜਾਬ ’ਚ ਹਿੰਦੂਬਹੁ-ਗਿਣਤੀ ਹਨ, ਓਨੀ ਦੇਰ ਉਨ੍ਹਾਂ ਦਾ ਕਥਿਤ ਸਿੱਖ ਰਾਜ ਆਉਣਾ ਸੰਭਵ ਨਹੀਂ।

ਇਸ ਦੌਰਾਨ ਪਹਿਲੀ ਨਵੰਬਰ 1956 ਨੂੰ ਪੈਪਸੂ (ਪਟਿਆਲਾ ਐਂਡ ਈਸਟਰਨ ਪੰਜਾਬ ਸਟੇਟਸ ਯੂਨੀਅਨ) ਦਾ ਪੰਜਾਬ ਰਾਜ ਵਿਚ ਰਲੇਵਾਂ ਕਰ ਦਿੱਤਾ ਗਿਆ।ਓਦੋਂ ਪੈਪਸੂ ਦੇ ਰਾਜ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਸਨ ਅਤੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ। ਪੰਜਾਬੀ ਸੂਬੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੜੇ ਲੰਮੇ ਅੰਦੋਲਨ ਮਗਰੋਂ ਪਹਿਲੀ ਨਵੰਬਰ 1966 ਨੂੰ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਪੰਜਾਬ ਰਾਜ ਦਾ ਪੁਨਰਗਠਨ ਹੋਇਆ। ਪੰਜਾਬ ਰਾਜ ਬਣਨ ਪਿੱਛੋਂ ਹਰਿਆਣਾ ਦੇਸ਼ ਦਾ 17ਵਾਂ ਸੂਬਾ ਆਪਣੇ ਆਪ ਬਣ ਗਿਆ। ਪੰਜਾਬ ਸਿਰਫ਼ ਤੇਰ੍ਹਾਂ ਜ਼ਿਲ੍ਹਿਆਂ ਦਾ ਛੋਟਾ ਜਿਹਾ ਸੂਬਾ ਬਣ ਗਿਆ ਜੋ ਵਾਹਗੇ ਤੋਂ ਰਾਜਪੁਰੇ ਤੱਕ ਸਾਢੇ ਚਾਰ ਘੰਟਿਆਂ ’ਚ ਮੁੱਕ ਜਾਂਦਾ ਹੈ। ਕਾਂਗੜਾ ਜ਼ਿਲ੍ਹਾ ਜੋ ਪੰਜਾਬ ਦਾ ਹਿੱਸਾ ਸੀ, ਉਹ ਹਿਮਾਚਲ ਪ੍ਰਦੇਸ਼ ’ਚ ਚਲਿਆ ਗਿਆ। 1947 ਤੋਂ ਪਹਿਲਾਂ ਪੰਜਾਬ ਦਾ ਖੇਤਰਫਲ 2,56,0000 ਵਰਗ ਕਿਲੋਮੀਟਰ ਸੀ, ਜੋ 1947 ਦੀ ਦੇਸ਼-ਵੰਡ ਨਾਲ ਘਟ ਕੇ ਚੜ੍ਹਦੇ ਪੰਜਾਬ ਵਿਚ ਕੁਲ ਦਾ 47.85 ਫ਼ੀਸਦੀ, ਭਾਵ 1,22,000 ਵਰਗ ਕਿਲੋਮੀਟਰ ਰਹਿ ਗਿਆ। ਪਹਿਲੀ ਨਵੰਬਰ 1966 ਵਿਚ ਇਹ ਖੇਤਰਫਲ ਘਟ ਕੇ ਕੁੱਲ ਖੇਤਰ ਦਾ 19.6 ਫ਼ੀਸਦੀ ਭਾਵ 50,362 ਕਿਲੋਮੀਟਰ ਰਹਿ ਗਿਆ।

ਪੰਜਾਬ ਬਾਰੇ ਅੱਜ ਗੱਲ ਕਰਦੇ ਹਾਂ ਤਾਂ ਸਵਾਲ ਉੱਠਦਾ ਹੈ ਕਿ ਕਿਸ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਸਪਤ-ਸਿੰਧੂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਪੰਜ ਦਰਿਆਵਾਂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਇਬਨ-ਏ-ਬਤੂਤਾ ਵਾਲੇ ਪੰਜਾਬ ਬਾਰੇ ਸੋਚਿਆ ਜਾਵੇ? ਮੁਗ਼ਲਾਂ ਵਾਲੇ ਸੂਬਾ ਲਾਹੌਰ ਜਾਂ ਸੂਬਾ ਸਰਹਿੰਦ ਦਾ ਚਰਚਾ ਕਰੀਏ? ਕੀ ‘ਸਰਕਾਰ-ਏ-ਖ਼ਾਲਸਾ’ ਵਾਲੇ ਫਿਲੌਰ ਤੋਂ ਪਿਸ਼ਾਵਰ ਤੱਕ ਫੈਲੇ ਪੰਜਾਬ ਦੀ ਗੱਲ ਕੀਤੀ ਜਾਵੇ? ਅੰਗਰੇਜ਼ਾਂ ਦੇ ਅਟਕ ਤੋਂ ਦਿੱਲੀ ਤੱਕ ਫੈਲੇ ਪੰਜਾਬ ਦਾ ਜ਼ਿਕਰ ਕੀਤਾ ਜਾਵੇ? ਕੀ 1966 ਤੋਂ ਬਾਅਦ ਦੇ ਢਾਈ ਦਰਿਆਵਾਂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਕਾਰਨ ਸਨ ਕਿ ਏਡਾ ਵੱਡਾ ਪੰਜਾਬ ਅੱਜ ਛੋਟੇ ਛੋਟੇ ਤੇਈ ਜ਼ਿਲ੍ਹਿਆਂ ਵਾਲਾ ਪੰਜਾਬ ਹੋ ਗਿਆ? ਅੱਜ ਦੇ ਇਸ ਸੁੰਗੜੇ ਪੰਜਾਬ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਮੜ੍ਹੀ ਜਾਵੇ, ਇਸ ਬਾਰੇ ਸੋਚਣਾ ਅੱਜ ਬਹੁਤ ਜ਼ਰੂਰੀ ਹੈ।

ਪੰਜਾਬ ’ਚ ਭਾਸ਼ਾ ਦੇ ਮਸਲਿਆਂ ਤੇ ਇਸ ਨਾਲ ਜੁੜੀ ਸਿਆਸਤ ਦੀ ਸ਼ੁਰੂਆਤ ਅੰਗਰੇਜ਼ਾਂ ਦੀ ਆਮਦ ਨਾਲ ਹੋਈ। ਇਹ ਝਗੜੇ ਮਿਟਾਉਣ ਲਈ ਲਾਰਡ ਟੀਬੀ ਮੈਕਾਲੇ ਨੇ ਫਰਵਰੀ 1835 ਦੀ ‘ਦਿ ਮਿਨਟਸ ਆਫ਼ ਐਜੂਕੇਸ਼ਨ’ ਰਿਪੋਰਟ ਸੌਂਪੀ। ਇਸ ਰਿਪੋਰਟ ਨਾਲ ਨਾ ਸਿਰਫ਼ ਸੰਸਕ੍ਰਿਤ, ਅਰਬੀ, ਫ਼ਾਰਸੀ ਦਾ, ਸਗੋਂ ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਸਮੇਤ ਪੰਜਾਬੀ ਦਾ ਵੀ ਬੜਾ ਨੁਕਸਾਨ ਹੋਇਆ। ਅਗਲੇ ਸਮਿਆਂ ਵਿੱਚ ਪੰਜਾਬ ’ਚ ਅੰਗਰੇਜ਼ਾਂ ਦੇ ਰਾਜ ’ਚ ਇਸਾਈਅਤ ਦੇ ਵਧ ਰਹੇ ਪ੍ਰਭਾਵ ਨੂੰ ਠੱਲ੍ਹ ਪਾਉਣ ਵਾਸਤੇ ਆਰੀਆ ਸਮਾਜ, ਸਿੰਘ ਸਭਾ ਲਹਿਰ ਅਤੇ ਮੁਸਲਿਮ ਅਲੀਗੜ੍ਹ ਮੂਵਮੈਂਟ ਕਾਰਨ ਭਾਸ਼ਾਵਾਂ ਦਾ ਵੀ ਧਾਰਮਿਕੀਕਰਨ ਹੋਣ ਲੱਗਾ ਤਾਂ ਪੰਜਾਬੀ ਨੂੰ ਸਿੱਖਾਂ, ਉਰਦੂ ਨੂੰ ਮੁਸਲਮਾਨਾਂ ਅਤੇ ਹਿੰਦੀ ਨੂੰ ਹਿੰਦੂਆਂ ਦੀ ਭਾਸ਼ਾ ਗਰਦਾਨ ਦਿੱਤਾ ਗਿਆ। ਭਾਸ਼ਾ ਦੇ ਨਾਲ ਲਿੱਪੀਆਂ ਦਾ ਵੀ ਧਾਰਮਿਕੀਕਰਨ ਹੋ ਗਿਆ। ਗੁਰਮੁਖੀ ਸਿੱਖਾਂ, ਦੇਵਨਾਗਰੀ ਹਿੰਦੂਆਂ ਅਤੇ ਫ਼ਾਰਸੀ-ਅਰਬੀ ਲਿੱਪੀ ਮੁਸਲਮਾਨਾਂ ਦੀ ਹੋ ਗਈ।

ਅੰਗਰੇਜ਼ਾਂ ਨੇ ਹਿੰਦੋਸਤਾਨੀ ਸਮਾਜ ਦੀ ਰਚਨਾ ਸਮਝਣ ਹਿੱਤ ਸਭ ਤੋਂ ਪਹਿਲਾਂ 1831 ਵਿਚ ਜਨਗਣਨਾ ਕਰਵਾਈ। ਇਸ ਦਾ ਮਕਸਦ ਦੇਸ਼ ਦੀ ਜਨਸੰਖਿਆ ਜਾਣਨਾ ਸੀ, ਪਰ ਸਭ ਤੋਂ ਮਹੱਤਵਪੂਰਨ ਮਰਦਮਸ਼ੁਮਾਰੀ 1871 ਦੀ ਸੀ। ਇਸ ਵਿੱਚ ਧਰਮ ਅਤੇ ਜਾਤ ਦਾ ਇੰਦਰਾਜ ਸ਼ਾਮਿਲ ਕਰ ਦਿੱਤਾ ਗਿਆ। ਹਿੰਦੋਸਤਾਨੀ ਸਮਾਜ ਵਿੱਚ ਧਰਮ ਦੇ ਆਧਾਰ ’ਤੇ ਦੂਜੇ ਨੂੰ ਦੇਖਣ ਦੀ ਸਮਝ ਸ਼ੁਰੂ ਹੋਈ। ਇਸ ਤੋਂ ਪਹਿਲਾਂ ਧਰਮ ਸਨ, ਧਾਰਮਿਕ ਲੜਾਈਆਂ ਵੀ ਸਨ, ਪਰ ਧਰਮ ਦੇ ਆਧਾਰ ’ਤੇ ਦੂਜੇਪਣ ਦਾ ਘਿਣਾਉਣਾ ਰੂਪ ਸਾਹਮਣੇ ਨਹੀਂ ਸੀ ਆਇਆ। ਬਾਅਦ ਦੇ ਕੁਝ ਸਾਲਾਂ ਵਿੱਚ ਇਸੇ ਦੂਜੇਪਣ ਦੇ ਆਧਾਰ ਉੱਤੇ ‘ਦੋ ਕੌਮਾਂ ਦਾ ਸਿਧਾਂਤ’ ਸਾਹਮਣੇ ਆਇਆ, ਜਿਸ ਨੂੰ ਅੰਗਰੇਜ਼ਾਂ ਨੇ ਸ਼ਹਿ ਦੇ ਕੇ ਮਘਾਈ ਰੱਖਿਆ। ਇਸੇ ਦਾ ਨਤੀਜਾ ਭਾਰਤ ਪਾਕਿਸਤਾਨ ਦੀ ਵੰਡ ਦੇ ਰੂਪ ਵਿੱਚ ਸਾਹਮਣੇ ਆਇਆ। ਇਹ ਅੰਗਰੇਜ਼ ਦਾ ਹਿੰਦੋਸਤਾਨ ਨੂੰ ਧਰਮ ਦੇ ਆਧਾਰ ’ਤੇ ਕੋਲੋਨਾਈਜ਼ ਕਰਨ ਦਾ ਸ਼ਾਤਿਰ ਤਰੀਕਾ ਸੀ। ਇਸ ਨੀਤੀ ਦਾ ਸਭ ਤੋਂ ਵੱਧ ਸ਼ਿਕਾਰ ਪੰਜਾਬ ਹੋਇਆ।

ਹਿੰਦੋਸਤਾਨ ਦੇ ਤਿੰਨਾਂ ਮੁੱਖ ਧਰਮਾਂ ਭਾਵ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਵਿੱਚ ਇਸਾਈਅਤ ਵੱਲੋਂ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਅਤੇ ਆਪੋ ਆਪਣੇ ਧਰਮਾਂ ਤੇ ਪਛਾਣ ਨੂੰ ਬਚਾਉਣ ਦੀ ਧਰਮ ਸੁਧਾਰਕ ਭਾਵਨਾ ਦੀ ਪੁੱਠ ਚੜ੍ਹੀ ਰਾਜਨੀਤੀ ਦੇ ਆਰੰਭ ਲਈ ਸਿੰਘ ਸਭਾ ਲਹਿਰ ਦਾ ਗਠਨ 1873 ਵਿੱਚ, ਅਲੀਗੜ੍ਹ ਮੁਸਲਿਮ ਮੂਵਮੈਂਟ ਦਾ ਗਠਨ 1875ਤੇ ਆਰੀਆ ਸਮਾਜ ਦਾ ਗਠਨ 1881 ਵਿੱਚ ਹੋਇਆ। ਉਦੋਂ ਅੰਗਰੇਜ਼ਾਂ ਨੇ ਫਿਰਕੂ ਘੁਣਤਰੀ ਲਕੀਰਾਂ ਦਾ ਲਾਹਾ ਲੈਂਦਿਆਂ ਬਸਤੀਕਰਨ ਸ਼ੁਰੂ ਕੀਤਾ, ਜਿਸ ਦਾ ਸਭ ਤੋਂ ਪਹਿਲਾਂ ਤੇ ਸਾਰਿਆਂ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ। ਇਸ ਫਿਰਕੂ ਰਾਜਨੀਤੀ ਨੂੰ ਨਵਾਂ ਮੋੜ ਉਦੋਂ ਵੀ ਮਿਲਿਆ, ਜਦੋਂ ਸਿੰਘ ਸਭਾ ਲਹਿਰ ਨੇ ਸਿੱਖੀ ਦੀ ਹੋਂਦ ਬਚਾਉਣ ਦੇ ਏਜੰਡੇ ਹੇਠ ਸੰਨ 1920 ਵਿੱਚ ਮਹੰਤਾਂ ਖ਼ਿਲਾਫ਼ ਗੁਰਦੁਆਰਾ ਸੁਧਾਰ ਲਹਿਰ ਚਲਾਈ। ਇਸ ਦੀ ਪਿਛੋਕੜ ’ਚ 1905 ’ਚ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੇ ਭਾਈ ਕਾਹਨ ਸਿੰਘ ਨਾਭਾ ਦੀ ਸਿਧਾਂਤਕ-ਰਾਜਨੀਤਕ ਸੂਝ ਦੀ ਅਗਵਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਪਈਆਂ ਹਿੰਦੂ ਦੇਵੀ ਦੇਵਤਿਆਂ ਦੀ ਮੂਰਤੀਆਂ ਹਟਾਉਣ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਚਿੱਠੀ ਲਿਖੀ। 1920 ’ਚ ਬਣੇ ਅਕਾਲੀ ਦਲ ਵੱਲੋਂ ਵਿੱਢੀ ਗੁਰਦੁਆਰਾ ਸੁਧਾਰ ਲਹਿਰ ਦਾ ਅੰਤ ਸਿੱਖ ਗੁਰਦੁਆਰਾ ਐਕਟ 1925 ਨਾਲ ਹੋਇਆ। ਇਸ ਕਾਨੂੰਨ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ। ਅੰਗਰੇਜ਼ਾਂ ਨੇ ਬੜੀ ਬਾਰੀਕਬੀਨੀ ਨਾਲ ਸਿੱਖ ਸਭਿਆਚਾਰਕ ਕਦਰਾਂ ਵਿੱਚ ਪੱਛਮੀ ਲੋਕਤੰਤਰ ਪ੍ਰਣਾਲੀ ਦੀ ਪੁੱਠ ਚਾੜ੍ਹ ਦਿੱਤੀ ਕਿ ਸ਼੍ਰੋਮਣੀ ਕਮੇਟੀ ’ਚ ਸਿੱਖਾਂ ਦੇ ਸਿੱਖ ਸੰਗਤ ਵੱਲੋਂ ਚੁਣੇ ਨੁਮਾਇੰਦੇ ਹੀ ਹੋਣਗੇ। ਸਿੱਖ ਧਰਮ ਕੋਲ ਆਪਣਾ ਧਰਮ ਅਤੇ ਰਾਜਨੀਤੀ ਦੇ ਸੰਤੁਲਨ ਦਾ ਦ੍ਰਿਸ਼ਟੀਕੋਣ ਸੀ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ‘ਮੀਰੀ ਪੀਰੀ’ ਦੇ ਸੰਕਲਪ ਨਾਲ ਸ਼ੁਰੂ ਕੀਤਾ ਸੀ, ਜੋ ਸਮੇਂ ਨਾਲ;

**‘ਦੋ ਤਲਵਾਰਾਂ ਬੱਧੀਆਂ,**
**ਇਕ ਮੀਰੀ ਦੀ ਇੱਕ ਪੀਰੀ ਦੀ**
**ਇੱਕ ਅਜ਼ਮਤ ਦੀ ਇੱਕ ਰਾਜ ਦੀ,**
**ਇੱਕ ਰਾਖੀ ਕਰੇ ਵਜ਼ੀਰੀ ਦੀ’**

ਦੀ ਸਮਝ ਹੇਠ ਸਿੱਖ ਰਹਿਤਲ ਦਾ ਖਾਸਾ ਬਣ ਗਿਆ। ਇਸ ਵਿੱਚ ਸੰਗਤ ਦੀ ਭੂਮਿਕਾ ਦੇ ਨਾਲ ਸਰਬੱਤ ਖ਼ਾਲਸਾ ਦੀ ਪਰੰਪਰਾ ਬੜੀ ਮਹੱਤਵਪੂਰਨ ਸੀ, ਪਰ ਅੰਗਰੇਜ਼ਾਂ ਦੇ ਪੱਛਮੀ ਜਮਹੂਰੀ ਲਬਾਦੇ ਨੇ ਬੜੀ ਸ਼ਾਤਿਰਤਾ ਨਾਲ ਇਸ ’ਚ ਘੁਸਪੈਠ ਕੀਤੀ। ਸਿੱਖ ਸੰਗਤ ਨੂੰ ਅੱਗਿਓਂ ਅੰਮ੍ਰਿਤਧਾਰੀ, ਕੇਸਧਾਰੀ, ਸਹਿਜਧਾਰੀ, ਨਾਨਕ ਨਾਮ ਲੇਵਾ (ਜਿਵੇਂ ਸਿੰਧੀ ਅਤੇ ਹਿੰਦੂ ਖੱਤਰੀ) ਤੇ ਪਤਿਤ ਦੇ ਕਈ ਵਰਗਾਂ ਵਿੱਚ ਵੰਡ ਕੇ ‘ਸਿੱਖ’ ਤੋਂ ‘ਵੋਟਰ’ ਤੱਕ ਘਟਾ ਕੇ ਉਸ ਦੀ ਸ਼ਰਧਾ-ਆਸਥਾ ਨੂੰ ‘ਵੋਟ’ ਵਿੱਚ ਬਦਲ ਦਿੱਤਾ। ਇਸ ਨਾਲ ਸਿੱਖਾਂ ਦੇ ਅੰਦਰ ਵੰਡ ਦਰ ਵੰਡ ਪੈ ਗਈ ਅੱਗੇ ਧੜੇਬੰਦੀਆਂ ਦਾ ਆਧਾਰ ਬਣੀ। ਇਹ ਧੜੇਬੰਦੀ ਤੇ ਲੜਾਈ ਫਿਰ ਦਿੱਲੀ ਗੁਰਦੁਵਾਰਾ ਮੈਨੇਜਮੈਂਟ ਕਮੇਟੀ ਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿੱਚ ਅੱਗੇ ਆਈ।ਸਿੱਖਾਂ ਦੀ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦੀ ਮੁੱਖ ਮੰਗ ਅਜੇ ਪੈਂਡਿੰਗ ਹੈ।

ਅੰਗਰੇਜ਼ਾਂ ਦੀ ਬਸਤੀਵਾਦੀ ਨੀਤੀ ਨੇ ਨਾ ਸਿਰਫ਼ ਪੰਜਾਬ ਵਿੱਚ ਮੁਸਲਮਾਨ ਤੇ ਹਿੰਦੂ+ਸਿੱਖਾਂ ਵਿੱਚ ਪਾੜ ਪਾਇਆ ਸਗੋਂ ਅੰਦਰਖਾਤੇ ਹਿੰਦੂ ਤੇ ਸਿੱਖਾਂ ਵਿੱਚ ਵੀ ਪਾੜ ਦਾ ਬੀਜ ਉਦੋਂ ਹੀ ਬੀਜਿਆ ਗਿਆ, ਜਦ ਅੰਮ੍ਰਿਤਸਰ ਸ਼ਹਿਰ ਦੀ ਹਿੰਦੂ ਮਹਾਸਭਾ ਨੇ 1925 ’ਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੋਂ ਸਿੰਘ ਸਭਾ ਦੇ ਦਬਾਓ ਹੇਠ ਹਟਾਈਆਂ ਮੂਰਤੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਆਰਕੀਟੈਕਚਰ ਵਰਗਾ ਦੁਰਗਿਆਣਾ ਮੰਦਰ ਬਣਾ ਕੇ ਉਸ ਵਿੱਚ ਸਥਾਪਤ ਕਰ ਦਿੱਤੀਆਂ। ਇਹੋ ਅੰਤਰੀਵੀ ਧਾਰਮਿਕ ਵਿਰੋਧ ਅਗਲੇ ਸਮੇਂ ਵਿੱਚ ਹਿੰਦੂ ਸਿੱਖ ਵਿਰੋਧ ਵਜੋਂ ਪੰਜਾਬੀ ਸੂਬੇ ਵੇਲੇ ਪ੍ਰਗਟ ਹੋਇਆ ਜਦ ਹਿੰਦੂ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ।

ਅੰਗਰੇਜ਼ਾਂ ਦਾ ਧਰਮ ਦੇ ਆਧਾਰ ’ਤੇ ਘੜੇ ‘ਦੋ ਕੌਮਾਂ ਦੇ ਸਿਧਾਂਤ’ ਦਾ ਨਤੀਜਾ ਇਹ ਨਿਕਲਿਆ ਕਿ ਹਿੰਦੋਸਤਾਨ ਤੇ ਪਾਕਿਸਤਾਨ ਨੂੰ ਧਰਮਾਂ ਦੇ ਆਧਾਰ ’ਤੇ ਆਜ਼ਾਦੀ ਮਿਲ ਗਈ, ਪਰ ਪੰਜਾਬ ਅਤੇ ਬੰਗਾਲ ਨੂੰ ਅਣਚਾਹੀ ਵੰਡ ਝੱਲਣੀ ਪਈ। ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ ਅਤੇ ਹਿੰਦੂਆਂ ਨੂੰ ਭਾਰਤ, ਪਰ ਸਿੱਖਾਂ ਦੇ ਮਨ ’ਚ ਇਹ ਟੀਸ ਸਦਾ ਕਾਇਮ ਰਹੀ ਕਿ ਉਹ ‘ਸਿੱਖ ਹੋਮਲੈਂਡ’ ਤੋਂ ਵਿਰਵੇ ਰਹਿ ਗਏ। ਦਰਅਸਲ ਪੰਜਾਬੀ ਸੂਬੇ ਦੀ ਮੰਗ ਅਤੇ ਸਥਾਪਤੀ ਲਈ ਅੰਦੋਲਨ ਪਿੱਛੇ ਲੁਕਵੇਂ ਰੂਪ ਵਿੱਚ ਇਹੋ ਟੀਸ ਤੇ ਵਿਰਵੇਪਣ ਦਾ ਅਹਿਸਾਸ ਹੈ।

ਸੰਨ ਸੰਤਾਲੀ ’ਚ ਦੋਵੇਂ ਪਾਸੇ ਦੇ ਪੰਜਾਬ ’ਚ ਵਢਾਂਗਾ ਤੇ ਉਜਾੜਾ ਹੋਇਆ। ਇਸ ਦੀ ਪਹਿਲਾਂ ਸ਼ੁਰੂਆਤ ਜਨਵਰੀ 1945-ਮਾਰਚ 1947 ਵਿਚਾਲੇ ਵਾਪਰੀਆਂ ਫਿਰਕੂ ਤਣਾਅ ਦੀਆਂ ਘਟਨਾਵਾਂ ਨਾਲ ਹੋਈ। ਫਿਰ ਇਹ ਤਣਾਅ ਹੌਲੀ ਹੌਲੀ ਖ਼ੂਨੀ ਟਕਰਾਓ ਵਿੱਚ ਬਦਲਦਾ ਗਿਆ। ਇਸ ਫਿਰਕੂ ਟਕਰਾਅ ਦਾ ਦੂਜਾ ਦੌਰ ਅਪਰੈਲ 1947 ਤੋਂ 14 ਅਗਸਤ 1947 ਤੱਕ ਵਾਪਰਿਆ। ਤੀਜਾ ਤੇ ਅੰਤਿਮ ਦੌਰ ਸੰਪਰਦਾਇਕ ਸਫ਼ਾਏ ਦਾ ਸੀ, ਜੋ 15 ਅਗਸਤ ਤੋਂ ਦਸੰਬਰ ਦੇ ਆਖ਼ਰੀ ਸਮੇਂ ਤੱਕ ਵਾਪਰਿਆ। ਪੰਜਾਬ ਵਿੱਚ ਦੋਹਾਂ ਦੇਸ਼ਾਂ ਵਿਚਾਲੇ ਕੌਮਾਂਤਰੀ ਸਰਹੱਦ ਮਿਥਣਵਾਲੇ ਰੈਡਕਲਿਫ ਫ਼ੈਸਲੇ ਦਾ ਜਨਤਕ ਐਲਾਨ 17 ਅਗਸਤ ਨੂੰ ਕੀਤਾ ਗਿਆ। ਇਸ ਪਿੱਛੋਂ ਪੰਜਾਬ ’ਚ ਦੋਵੇਂ ਪਾਸੇ ਕਤਲੇਆਮ ਹੋਣ ਲੱਗੇ, ਜੋ ਨਸਲਕੁਸ਼ੀ ਦੀ ਹੱਦ ਤੱਕ ਪਹੁੰਚ ਗਏ। ਇਸ ਦੇ ਪ੍ਰਤੀਕਰਮ ਵਜੋਂ ਫਿਰ ਪੂਰਬੀ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਨਾਲ ਨਾਲ ਪੂਰਬੀ ਪੰਜਾਬ ਦੀਆਂ ਰਜਵਾੜਾਸ਼ਾਹੀ ਰਿਆਸਤਾਂ ਵਿੱਚੋਂ ਬਹੁਤ ਵੱਡੇ ਪੱਧਰ ’ਤੇ ਮੁਸਲਮਾਨਾਂ ਦਾ ਉਜਾੜਾ, ਨਸਲਕੁਸ਼ੀ ਤੇ ਸੰਪਰਦਾਇਕ ਸਫ਼ਾਇਆ ਹੋਇਆ। ਇਨ੍ਹਾਂ ਕਾਰਵਾਈਆਂ ਪਿੱਛੇ ਰਿਆਸਤਾਂ ਦੇ ਰਾਜਿਆਂ, ਅਕਾਲੀ ਜਥੇਦਾਰਾਂ ਦੀ ਪ੍ਰਤੱਖ ਅਪ੍ਰਤੱਖ ਸ਼ਹਿ ਦੇ ਚਰਚੇ ਮਗਰੋਂ ਭਾਰਤ ਤੇ ਪਾਕਿਸਤਾਨ ’ਚ ਲਿਖੀਆਂ ਇਤਿਹਾਸ ਦੀ ਕਈ ਕਿਤਾਬਾਂ ’ਚ ਅਕਸਰ ਮਿਲਦੇ ਹਨ। ਸਿੱਖਾਂ ਦੇ ਮਨ ’ਚ ਆਪਣਾ ਸਿੱਖ ਰਾਜ ਨਾ ਮਿਲਣ ਦਾ ਰੰਜ ਸੀ। ਪੰਜਾਬ ਵਿੱਚ ਸਿੱਖਾਂ ਦਾ ਦਬਦਬਾ ਤਦੇ ਕਾਇਮ ਹੋ ਸਕਦਾ ਸੀ, ਜੇ ਸਾਰੇ ਮੁਸਲਮਾਨ ਪਾਕਿਸਤਾਨ ’ਚ ਜ਼ਬਰਦਸਤੀ ਧੱਕ ਦਿੱਤੇ ਜਾਂਦੇ। ਇਸ ਖ਼ਾਤਰ ਡਰ ਅਤੇ ਭੈਅ ਪੈਦਾ ਕਰਨ ਲਈ ਵਢਾਂਗਾ ਅਤੇ ਨਸਲੀ ਸਫ਼ਾਇਆ ਜ਼ਰੂਰੀ ਸੀ। ਇਸ ਦੇ ਨਤੀਜੇ ਵਜੋਂ ਪੰਜ-ਛੇ ਲੱਖ ਦੇ ਕਰੀਬ ਗ਼ਰੀਬ ਗ਼ੁਰਬਾ ਮੁਸਲਮਾਨ, ਜਿਸ ’ਚ ਤੇਲੀ, ਨਾਈ, ਘੁਮਿਆਰ, ਅਰਾਈਂ, ਦਰਜ਼ੀ ਆਦਿ ਸ਼ਾਮਿਲ ਸਨ, ਮਾਰ ਦਿੱਤੇ ਗਏ।

ਪੰਜਾਬ ਦੀ ਵੰਡ ਪਿੱਛੋਂ ਪੰਜਾਬ ’ਚ ਦੋ ਤਰ੍ਹਾਂ ਦਾ ਰਾਜ ਸੀ। ਪੈਪਸੂ ਅਧੀਨ ਪੰਜਾਬ ਦੀਆਂ ਰਿਆਸਤਾਂ ਦਾ ਗਠਬੰਧਨ ਬਣਾਇਆ ਗਿਆ, ਜਿਸ ਦਾ ਰਾਜ ਪ੍ਰਮੁੱਖ ਪਟਿਆਲਾ ਦਾ ਮਹਾਰਾਜਾ ਯਾਦਵਿੰਦਰ ਸਿੰਘ ਸੀ ਅਤੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ। ਸਿੱਖਾਂ ਖ਼ਾਸਕਰ ਅਕਾਲੀਆਂ ਦੀ ਆਸ ’ਤੇ ਉਦੋਂ ਪਾਣੀ ਫਿਰਿਆ ਜਾਪਣ ਲੱਗਾ। ਦਿੱਲੀ ’ਚ ਸੀਨੀਅਰ ਅਕਾਲੀ ਜਥੇਦਾਰਾਂ ਦੀ ਡਾ. ਭੀਮ ਰਾਓ ਅੰਬੇਡਕਰ ਨਾਲ ਇੱਕ ਮੁਲਾਕਾਤ ਵਿੱਚ ‘ਸਿੱਖ ਹੋਮਲੈਂਡ’ ਦੇ ਮਸਲੇ ’ਤੇ ਵਿਚਾਰ ਹੋਈ ਤਾਂ ਡਾ. ਅੰਬੇਡਕਰ ਨੇ ਸੁਝਾਅ ਦਿੱਤਾ ਕਿ ਅਕਾਲੀਆਂ ਨੇ ਪੰਜਾਬ ਵਿੱਚ ਆਪਣੀ ਵਜ਼ਾਰਤ ਬਣਾਉਣੀ ਹੈ ਤਾਂ ਪੰਜਾਬੀ ਸੂਬੇ ਦੀ ਮੰਗ ਉਠਾਉਣ। ਇਹ ਸੁਝਾਅ ਅਕਾਲੀ ਜਥੇਦਾਰਾਂ ਨੂੰ ਰਾਸ ਆ ਗਿਆ। ਉਨ੍ਹਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਕਰ ਦਿੱਤਾ। ਪੰਜਾਬ ’ਚ ਹਿੰਦੂ-ਸਿੱਖਾਂ, ਜੋ ਵੰਡ ਤੋਂ ਪਹਿਲਾਂ ਮੁਸਲਮਾਨਾਂ ਵਿਰੁੱਧ ਇਕੱਠੇ ਸਨ, ਵਿਚਾਲੇ ਭਾਸ਼ਾ ਦੇ ਆਧਾਰ ’ਤੇ ਪਾੜਾ ਵਧਣ ਲੱਗਾ, ਕਿਉਂਕਿ ਭਾਸ਼ਾ ਦੇ ਆਧਾਰ ’ਤੇ ਹੋਈ ਮਰਦਮਸ਼ੁਮਾਰੀ ਵਿੱਚ ਜਨਸੰਘ, ਆਰੀਆ ਸਮਾਜ ਅਤੇ ਕਾਂਗਰਸ ਦੇ ਪ੍ਰਭਾਵ ਅਧੀਨ ਪੰਜਾਬ ਦੇ ਕਈ ਹਿੰਦੂਆਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ। ਇਸ ਕਾਰਨ ਬਹੁਤੇ ਸਿੱਖ ਇਲਾਕੇ ਹਰਿਆਣਾ ’ਚ ਜਾਣ ਕਰਕੇ ਪੰਜਾਬੀ ਸੂਬੇ ਤੋਂ ਬਾਹਰ ਰਹਿ ਗਏ।

ਅੰਤ 1 ਨਵੰਬਰ 1966 ਨੂੰ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਪੰਜਾਬ ਦਾ ਪੁਨਰਗਠਨ ਹੋਇਆ। ਪੰਜਾਬ ਵਿੱਚੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਭਾਰਤ ਦੇ ਨਵੇਂ ਰਾਜ ਬਣੇ। ਪੰਜਾਬ ਦੇ ਜਿਹੜੇ ਹਿੰਦੂ ਸਿੱਖ ਧਰਮ ਦੇ ਆਧਾਰ ’ਤੇ ਪਾਕਿਸਤਾਨ ਦੇ ਵਿਚਾਰ ਵਿਰੁੱਧ ਮੁਸਲਮਾਨਾਂ ਖਿਲਾਫ਼ ਮਿਲ ਕੇ ਲੜੇ ਸਨ, ਉਹੀ ਆਪੋ ਵਿੱਚ ਭਾਸ਼ਾ ਦੇ ਆਧਾਰ ’ਤੇ ਲੜ ਮਰੇ ਅਤੇ ਇਹ ਲੜਾਈ ਅੰਦਰਖਾਤੇ ਅਜੇ ਵੀ ਸੁਲਗ ਰਹੀ ਹੈ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਵਿੱਚ ਅਕਾਲੀ ਦਲ ਦੀ ਪੰਜ ਛੇ ਵਾਰ ਸਰਕਾਰ ਬਣੀ। ਪਹਿਲੀ ਸਰਕਾਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਸੀਪੀਆਈ ਨਾਲ ਗੱਠਜੋੜ ਦੀ ਬਣੀ। ਦੂਜੀ ਵਾਰ ਭਾਰਤੀ ਜਨਸੰਘ ਨਾਲ ਮਿਲ ਕੇ ਸਰਕਾਰ ਬਣੀ। ਤੀਜੀ ਵਾਰ ਪ੍ਰਕਾਸ਼ ਸਿੰਘ ਬਾਦਲ ਨੇ ਜਨਸੰਘ ਨਾਲ ਮਿਲ ਕੇ ਸਰਕਾਰ ਬਣਾਈ। ਫਿਰ ਇਕ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਜਨਤਾ ਪਾਰਟੀ ਅਤੇ ਸੀਪੀ ਐੱਮ ਨਾਲ ਮਿਲ ਕੇ ਸਰਕਾਰ ਬਣਾਈ। ਫਿਰ ਬਲਿਊ ਸਟਾਰ ਅਪਰੇਸ਼ਨ ਪਿੱਛੋਂ ਸੁਰਜੀਤ ਸਿੰਘ ਬਰਨਾਲਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ। ਫਿਰ ਕਾਂਗਰਸ ਸਰਕਾਰਾਂ ਮਗਰੋਂ ਅਕਾਲੀ ਦਲ ਨੇ ਤਿੰਨ ਵਾਰ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਸਰਕਾਰਾਂ ਬਣਾਈਆਂ। ਕਹਿਣ ਦਾ ਭਾਵ ਹੈ ਕਿ ਅਕਾਲੀ ਦਲ ਦੀ ਉਸ ਦੇ ਸੁਫ਼ਨੇ ਅਨੁਸਾਰ ਕਦੇ ਵੀ ਸਿੱਖ ਬਹੁ-ਗਿਣਤੀ ਵਾਲੀ ਸਰਕਾਰ ਨਹੀਂ ਬਣੀ। ਪੰਜਾਬੀ ਸੂਬਾ ਬਣਨ ਮਗਰੋਂ ਪਿਛਲੀਆਂ ਸੋਲ੍ਹਾਂ ਅਸੈਂਬਲੀਆਂ ’ਚ ਸ਼੍ਰੋਮਣੀ ਅਕਾਲੀ ਦਲ ਦੀਆਂ ਸੀਟਾਂ ਦੀ ਗਿਣਤੀ ਘੱਟ ਤੋਂ ਘੱਟ 24 ਤੋਂ ਲੈ ਕੇ ਵੱਧ ਤੋਂ ਵੱਧ 58 ਦਰਮਿਆਨ ਰਹੀ। ਸਿਰਫ਼ ਪੰਜਾਬ ਸੰਕਟ ਦੇ ਦੌਰ ’ਚ ਗਰਮਖ਼ਿਆਲੀ ਸਿਆਸਤ ਦੇ ਪ੍ਰਭਾਵ ਹੇਠ ਅਕਾਲੀਆਂ ਹਿੱਸੇ ਸੰਨ 1985 ’ਚ 73 ਅਤੇ ਸੰਨ 1997 ’ਚ 75 ਸੀਟਾਂ ਆਈਆਂ।

ਪਹਿਲੇ ਦਿਨ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਪੰਜਾਬੀ ਸੂਬੇ ਦੇ ਗਠਨ ਤੋਂ ਸੰਤੁਸ਼ਟ ਨਹੀਂ ਸੀ। ਲੰਮੇ ਅੰਦੋਲਨ ਬਾਅਦ ਪੰਜਾਬੀ ਸੂਬਾ ਬਣਨ ’ਤੇ ਵੀ ਉਨ੍ਹਾਂ ਦੀ ਨਾਰਾਜ਼ਗੀ ਬਣੀ ਰਹੀ, ਕਿਉਂਕਿ ਇਸ ਨਾਲ ਬਹੁਤ ਸਾਰੇ ਇਲਾਕੇ ਹਰਿਆਣਾ ’ਚ ਚਲੇ ਗਏ। ਪੰਜਾਬ ਦੀ ਜ਼ਮੀਨ ’ਤੇ ਬਣੇ ਚੰਡੀਗੜ੍ਹ ਨੂੰ ਯੂਨੀਅਨ ਟੈਰੀਟਰੀ (ਕੇਂਦਰੀ ਪ੍ਰਦੇਸ਼) ਬਣਾ ਕੇ ਪੰਜਾਬ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ ਗਿਆ। ਹਾਈ ਕੋਰਟ ਵੀ ਦੋਹਾਂ ਰਾਜਾਂ ਦੀ ਸਾਂਝੀ ਰਹੀ। ਪੰਜਾਬ ਦੇ ਦਰਿਆਈ ਪਾਣੀਆਂ, ਇਲਾਕਿਆਂ ਅਤੇ ਸਰੋਤਾਂ ਦੀ ਵੰਡ ਦੇ ਮਸਲਿਆਂ ਦਾ ਹੱਲ ਨਾ ਹੋਣ ਕਾਰਨ ਇਸੇ ਅਸੰਤੁਸ਼ਟੀ ਵਿੱਚੋਂ ਪੈਦਾ ਹੋ ਕੇ ਪੰਜਾਬ ਵਿੱਚ ਅਕਾਲੀਆਂ ਦੇ ‘ਆਨੰਦਪੁਰ ਸਾਹਿਬ ਦੇ ਮਤੇ’ ਨੂੰ ਲਾਗੂ ਕਰਨ ਵਾਸਤੇ ਧਰਮ ਯੁੱਧ ਮੋਰਚਾ ਲੱਗਾ ਅਤੇ ਸੰਨ 1984 ਮਗਰੋਂ ਦਹਿਸ਼ਤ ਦਾ ਲਗਪਗ ਵੀਹ ਸਾਲਾ ਦੌਰ ਚੱਲਿਆ ਜਿਸ ’ਚ ਅਨੇਕਾਂ ਬੇਦੋਸ਼ੇ ਪੰਜਾਬੀ ਮਾਰੇ ਗਏ। ਵੱਡਾ ਜਾਨੀ ਅਤੇ ਮਾਲੀ ਨੁਕਸਾਨ ਤਾਂ ਹੋਇਆ ਹੀ, ਪੰਜਾਬ ਕਈ ਸਾਲਾਂ ਲਈ ਜੀਵਨ ਦੇ ਸਾਰੇ ਖੇਤਰਾਂ ਵਿੱਚ ਪੱਛੜ ਗਿਆ। ਇਸ ਸਥਿਤੀ ਦੀ ਤਰਜ਼ਮਾਨੀ ਮੁਜ਼ੱਫ਼ਰ ਰਜ਼ਮੀ ਦਾ ਇਹ ਸ਼ਿਅਰ ਬੜੇ ਸੰਜੀਦਾ ਅੰਦਾਜ਼ ਵਿੱਚ ਕਰਦਾ ਹੈ:

ਯਹ ਜਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ,
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।

ਪੁਨਰਗਠਨ ਦੇ ਆਧਾਰ ’ਤੇ ਪੰਜਾਬ 23 ਛੋਟੇ ਛੋਟੇ ਜ਼ਿਲ੍ਹਿਆਂ ਵਾਲਾ ਨਿੱਕਾ ਜਿਹਾ ਸੂਬਾ ਬਣ ਗਿਆ ਹੈ। ਵਿਅੰਗ ਨਾਲ ਇਸ ਨੂੰ ਸੂਬੀ ਕਿਹਾ ਜਾਂਦਾ ਰਿਹਾ। ਜੇ ਧਿਆਨ ਨਾਲ ਸੋਚੀਏ ਤਾਂ ਪੰਜਾਬੀ ਸੂਬਾ ਬਣਨ ਤੋਂ ਜੋ ਵੀ ਅਣਚਾਹੇ ਨਤੀਜੇ ਨਿਕਲੇ ਹਨ, ਉਸ ਵਿੱਚੋਂ ਸਬਕ ਮਿਲਦਾ ਹੈ ਕਿ ਨਕਾਰਾਤਮਕਤਾ, ਘਟਾਉਵਾਦ ਅਤੇ ਬਾਹਰੀਕਰਨ ਦਾ ਅੰਤ ਵੀ ਹਮੇਸ਼ਾ ਨਾਂਹ-ਪੱਖੀ ਅਤੇ ਘਟਾਉਵਾਦੀ ਹੀ ਹੁੰਦਾ ਹੈ।




# 40 ਤੋਂ ਬਾਅਦ ਮਰਦਾਂ ਲਈ ਜ਼ਰੂਰੀ ਮੈਡੀਕਲ ਟੈਸਟ



45 ਸਾਲਾ ਜੈ ਪਾਰੇਖ ਸਿਹਤ ਖੇਤਰ 'ਚ ਕੰਮ ਕਰਨ ਵਾਲੇ ਇੱਕ ਪੇਸ਼ੇਵਰ ਹਨ। ਉਹ ਮਰੀਜ਼ਾਂ ਨੂੰ ਨਿਯਮਿਤ ਜਾਂਚ, ਜਲਦੀ ਇਲਾਜ ਅਤੇ ਰੋਕਥਾਮ ਵਾਲੀ ਸਿਹਤ ਸੰਭਾਲ ਦੀ ਮਹੱਤਤਾ ਬਾਰੇ ਲਗਾਤਾਰ ਸਲਾਹ ਮਸ਼ਵਰਾ ਪ੍ਰਦਾਨ ਕਰਦੇ ਸਨ।

ਪਰ ਉਨ੍ਹਾਂ ਨੇ ਆਪਣੀ ਹੀ ਸਿਹਤ ਨੂੰ ਅਣਦੇਖਿਆ ਕੀਤਾ। ਕੰਮ ਦੇ ਤਣਾਅ, ਯਾਤਰਾ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਦੇ ਕਾਰਨ ਉਨ੍ਹਾਂ ਨੇ ਆਪਣੀ ਸਿਹਤ ਜਾਂਚ ਵੱਲ ਧਿਆਨ ਨਾ ਦਿੱਤਾ। ਮੁੰਬਈ ਦੇ ਰਹਿਣ ਵਾਲੇ ਜੈ ਸਰੀਰ 'ਚ ਕਿਸੇ ਵੀ ਬਿਮਾਰੀ ਦੇ ਲੱਛਣ ਵੀ ਪ੍ਰਗਟ ਨਹੀਂ ਹੋਏ ਸਨ। ਨਾ ਛਾਤੀ 'ਚ ਦਰਦ, ਨਾ ਸਾਹ ਚੜ੍ਹਨਾ ਅਤੇ ਨਾ ਹੀ ਥਕਾਵਟ।

ਪਰ ਉਨ੍ਹਾਂ ਦੀ ਬਿਮਾਰੀ ਦਾ ਪਤਾ ਬਹੁਤ ਹੀ ਨਾਟਕੀ ਢੰਗ ਅਤੇ ਅਚਾਨਕ ਲੱਗਿਆ। ਖ਼ੂਨ ਦਾ ਨਮੂਨਾ ਲੈਣ ਦੀ ਸਿਖਲਾਈ ਦੌਰਾਨ ਉਨ੍ਹਾਂ ਨੇ ਆਪਣੇ ਖ਼ੂਨ ਦਾ ਨਮੂਨਾ ਦਿੱਤਾ। ਉਸ ਸਮੇਂ ਐਚਬੀ ਏ1ਸੀ ਜਾਂਚ 'ਚ ਉਨ੍ਹਾਂ ਦੀ ਸ਼ੂਗਰ ਦਾ ਪੱਧਰ 8.8 ਆਇਆ। ਇਹ ਪੱਧਰ ਬੇਕਾਬੂ ਅਤੇ ਬੇਹਿਸਾਬੀ ਸ਼ੂਗਰ ਵੱਲ ਸੰਕੇਤ ਕਰਦਾ ਹੈ।

ਇਸ ਤੋਂ ਬਾਅਦ ਹੀ ਉਨ੍ਹਾਂ ਨੇ ਪੂਰੀ ਸਰੀਰਕ ਜਾਂਚ ਕਰਵਾਈ ਅਤੇ ਇਸ ਜਾਂਚ 'ਚ ਉਨ੍ਹਾਂ ਦਾ ਕੋਲੈਸਟ੍ਰੋਲ ਅਤੇ ਟ੍ਰਾਈਗਲਿਸਰਾਈਡਜ਼ ਦਾ ਪੱਧਰ ਵੀ ਬਹੁਤ ਜ਼ਿਆਦਾ ਆਇਆ। ਜਦੋਂ ਸੀਟੀ ਸਕੈਨ ਕੀਤਾ ਗਿਆ ਤਾਂ ਦਿਲ ਦੀਆਂ ਖ਼ੂਨ ਦੀਆਂ ਨਾੜੀਆਂ 'ਚ ਵੱਡੇ ਪੱਧਰ 'ਤੇ ਪਲੇਕ ਦੀ ਪਰਤ ਵੇਖੀ ਗਈ, ਜਦੋਂ ਕਿ ਐਂਜੀਓਗ੍ਰਾਫੀ 'ਚ ਦੋ ਵੱਡੇ ਬਲੌਕੇਜ ਲਗਭਗ 90% ਤੱਕ ਪਾਏ ਗਏ।

ਤੁਰੰਤ ਉਪਾਅ ਵਜੋਂ ਉਨ੍ਹਾਂ ਦੀ ਐਂਜੀਓਪਲਾਸਟੀ ਕੀਤੀ ਗਈ। ਚਿੰਤਾ ਦੀ ਗੱਲ ਇਹ ਸੀ ਕਿ ਇਹ ਗੰਭੀਰ ਸਥਿਤੀ ਬਿਨਾਂ ਕਿਸੇ ਲੱਛਣ ਦੇ ਹੌਲੀ-ਹੌਲੀ ਲਗਾਤਾਰ ਵੱਧ ਰਹੀ ਸੀ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਈ ਬਿਮਾਰੀਆਂ ਬਿਨਾਂ ਕਿਸੇ ਸਪੱਸ਼ਟ ਸੰਕੇਤ ਦੇ ਸਰੀਰ 'ਚ ਵੱਧਦੀਆਂ ਰਹਿੰਦੀਆਂ ਹਨ ਅਤੇ ਸਾਨੂੰ ਕੰਨੋ-ਕੰਨ ਖ਼ਬਰ ਵੀ ਨਹੀਂ ਹੁੰਦੀ।

ਜੈ ਦੀ ਮਿਸਾਲ ਤੋਂ ਇਹ ਸਮਝ ਆਉਂਦਾ ਹੈ ਕਿ 40 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ , ਵਿਸ਼ੇਸ਼ ਤੌਰ 'ਤੇ ਉੱਚ ਜੋਖ਼ਮ ਵਾਲੇ ਲੋਕਾਂ ਲਈ ਨਿਯਮਤ ਸਿਹਤ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ। ਕਿਉਂਕਿ ਕਈ ਵਾਰ ਕੋਈ ਵੱਡਾ ਖ਼ਤਰਾ ਬਿਨਾਂ ਕਿਸੇ ਚੇਤਾਵਨੀ ਦੇ ਹੀ ਸਾਹਮਣੇ ਆ ਸਕਦਾ ਹੈ।

ਜੈ ਪਾਰੇਖ ਦਾ ਇਲਾਜ ਕਰਨ ਵਾਲੀ ਡਾ. ਪੱਲਵੀ ਮਾਗਰੇ, ਜੋ ਕਿ ਮੁਬੰਈ ਦੇ ਐਨ ਐਮ ਮੈਡੀਕਲ ਸੈਂਟਰ 'ਚ ਆਪਣੀਆਂ ਡਾਕਟਰੀ ਸੇਵਾਵਾਂ ਦੇ ਰਹੇ ਹਨ, ਨੇ ਬੀਬੀਸੀ ਨੂੰ ਇਸ ਸਬੰਧੀ ਹੋਰ ਜਾਣਕਾਰੀ ਵੀ ਦਿੱਤੀ।

ਡਾਕਟਰ ਪੱਲਵੀ ਨੇ ਦੱਸਿਆ, " ਜਦੋਂ ਜੈ ਪਾਰੇਖ ਸੀਟੀ ਕੋਰੋਨਰੀ ਐਂਜੀਓਗ੍ਰਾਫੀ ਲਈ ਆਏ ਸਨ, ਉਸ ਸਮੇਂ ਉਨ੍ਹਾਂ ਦਾ ਕੈਲਸ਼ੀਅਮ ਸਕੋਰ 571.8 ਸੀ। ਜੋ ਕਿ ਬਹੁਤ ਖ਼ਤਰਨਾਕ ਹੈ। ਇਸ ਤੋਂ ਬਾਅਦ ਦਿਲ ਦੀ ਐਂਟੀਰੀਅਰ ਡਿਸੈਂਡਿੰਗ ਆਰਟਰੀ 90 ਪ੍ਰਤੀਸ਼ਤ ਤੱਕ ਸੁੰਘੜੀ ਵੇਖੀ ਗਈ। ਇਸ ਦੇ ਨਾਲ ਹੀ ਓਐਮ2 ਧਮਣੀ 'ਚ ਵੀ ਸੁੰਘੜਨ ਦੀ ਸਥਿਤੀ ਵੇਖੀ ਗਈ। ਮਹਿਜ਼ 44 ਸਾਲ ਦੀ ਉਮਰ 'ਚ ਇੰਨਾ ਜ਼ਿਆਦਾ ਸੁੰਘੜਿਆਪਣ ਹੈਰਾਨ ਕਰਨ ਵਾਲੀ ਸਥਿਤੀ ਹੈ। ਇੱਕ ਉੱਚ ਅਹੁਦੇ 'ਤੇ ਕੰਮ ਕਰਨ ਵਾਲੇ, ਪੜ੍ਹੇ ਲਿਖੇ ਵਿਅਕਤੀ 'ਚ ਅਜਿਹੀ ਗੰਭੀਰ ਬਿਮਾਰੀ ਦਾ ਉਜਾਗਰ ਹੋਣਾ ਇਹ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਦੀ ਸਾਵਧਾਨੀ ਵਰਤਣ ਦੀ ਲੋੜ ਹੈ।"

ਜੀਵਨ ਸ਼ੈਲੀ, ਖੁਰਾਕ ਪ੍ਰਤੀ ਜਾਗਰੂਕਤਾ ਅਤੇ ਕਸਰਤ ਦਾ ਬਹੁਤ ਮਹੱਤਵ ਹੈ। ਡਾ. ਪੱਲਵੀ ਦਾ ਕਹਿਣਾ ਹੈ ਕਿ ਘਰ ਦੇ ਖਾਣੇ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ ਅਤੇ ਬਾਹਰ ਦੇ ਖਾਣੇ ਤੋਂ ਜਿੰਨਾ ਹੋ ਸਕੇ ਪਰਹੇਜ ਕਰਨਾ ਚਹੀਦਾ ਹੈ। ਇਸ ਦੇ ਨਾਲ ਹੀ ਨਿਯਮਤ ਕਸਰਤ ਅਤੇ ਆਪਣੇ ਭਾਰ 'ਤੇ ਕਾਬੂ ਪਾਉਣਾ ਚਾਹੀਦਾ ਹੈ। ਇਹ ਸਭ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਪੈਸਾ ਕਮਾਉਣ ਲਈ ਕੀਤੀ ਜਾਣ ਵਾਲੀ ਮਿਹਨਤ ਜ਼ਰੂਰੀ ਹੈ।

ਚਾਲੀ ਦੀ ਉਮਰ 'ਚ ਦਾਖ਼ਲ ਹੋਣਾ ਸਿਰਫ 40 ਦਾ ਅੰਕੜਾ ਪਾਰ ਕਰਨਾ ਹੀ ਨਹੀਂ ਹੁੰਦਾ, ਸਗੋਂ ਇਸੇ ਸਮੇਂ ਇੱਕ ਆਦਮੀ ਦੀਆਂ ਆਦਤਾਂ ਜਿਵੇਂ ਉਸ ਦਾ ਖਾਣ-ਪਾਣ, ਕਸਰਤ , ਜੀਵਨਸ਼ੈਲੀ ਆਦਿ ਦਾ ਉਸ ਦੇ ਸਰੀਰ 'ਤੇ ਅਸਰ ਵਿਖਾਈ ਦੇਣ ਲੱਗ ਜਾਂਦਾ ਹੈ। ਹਾਈਪਰਟੈਂਸ਼ਨ, ਸ਼ੂਗਰ, ਉੱਚ ਕੋਲੈਸਟਰੋਲ ਜਾਂ ਕਾਇਡੋਵਸਕੁਲਰ ਵਰਗੀਆਂ ਬਿਮਾਰੀਆਂ ਦੇ ਲੱਛਣ ਵੀ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

ਪਹਿਲਾਂ ਤਾਂ ਇਹ ਬਿਮਾਰੀਆਂ 50-60 ਸਾਲ ਦੀ ਉਮਰ ਪਾਰ ਕਰ ਚੁੱਕੇ ਲੋਕਾਂ 'ਚ ਹੀ ਵੇਖੀਆ ਜਾਂਦੀਆਂ ਸਨ। ਪਰ ਹੁਣ ਪਿਛਲੇ ਦੋ ਦਹਾਕਿਆਂ 'ਚ ਇਹ ਸਥਿਤੀ 35 ਤੋਂ 40 ਸਾਲ ਦੀ ਉਮਰ ਦੇ ਲੋਕਾਂ 'ਚ ਵਿਖਈ ਦੇਣ ਲੱਗ ਪਈ ਹੈ।

ਇਸ ਪੜਾਅ 'ਤੇ ਹੀ ਜੇਕਰ ਸਰੀਰਕ ਜਾਂਚ ਕਰਵਾ ਲਈ ਜਾਵੇ ਤਾਂ ਕਈ ਸੰਭਾਵੀ ਸਿਹਤ ਸੰਕਟ ਟਾਲੇ ਜਾ ਸਕਦੇ ਹਨ। ' ਮੈਂ ਫਿੱਟ ਹਾਂ' , 'ਮੈਂ ਫਿੱਟ ਦਿਖਦਾ ਹਾਂ' ਅਜਿਹੀ ਧਾਰਨਾ ਜ਼ਿਆਦਾਤਰ ਮਰਦਾਂ 'ਚ ਆਮ ਹੀ ਵਿਖਾਈ ਦਿੰਦੀ ਹੈ। ਪਰ ਇਹ ਧਾਰਨਾ ਸਹੀ ਹੈ ਜਾਂ ਨਹੀਂ, ਇਹ ਸਿਰਫ ਸਰੀਰਕ ਜਾਂਚਾਂ ਤੋਂ ਹੀ ਸਿੱਧ ਹੋ ਸਕਦਾ ਹੈ।

ਮਾਹਰਾਂ ਦੇ ਅਨੁਸਾਰ, ਸਮੇਂ ਸਿਰ ਜਾਂਚ ਕਰਵਾਉਣ ਨਾਲ ਇਸ ਤਰ੍ਹਾਂ ਦੀਆਂ ਕਈ ਬਿਮਾਰੀਆਂ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਪਛਾਣਿਆ ਜਾ ਸਕਦਾ ਹੈ ਅਤੇ ਢੁੱਕਵੇਂ ਇਲਾਜ ਅਤੇ ਪਰਹੇਜ ਨਾਲ ਉਨ੍ਹਾਂ 'ਤੇ ਕਾਬੂ ਪਾਉਣਾ ਵੀ ਸੁਖਾਲਾ ਹੋ ਜਾਂਦਾ ਹੈ। ਨਿਯਮਤ ਸਿਹਤ ਜਾਂਚ ਨਾਲ ਸਿਰਫ ਬਿਮਾਰੀਆਂ ਦੀ ਹੀ ਪਛਾਣ ਨਹੀਂ ਹੁੰਦੀ ਸਗੋਂ ਜੀਵਨ ਸ਼ੈਲੀ ਨੂੰ ਸੁਧਾਰਨ ਦਾ ਮੌਕਾ ਵੀ ਮਿਲਦਾ ਹੈ।

ਇਸ ਲਈ ਮਰਦਾਂ ਨੂੰ 40 ਦੀ ਉਮਰ ਤੋਂ ਬਾਅਦ ਕੁਝ ਮਹੱਤਵਪੂਰਨ ਡਾਕਟਰੀ ਜਾਂਚਾਂ ਨੂੰ ਨਜ਼ਰਅੰਦਾਜ ਕੀਤੇ ਬਿਨਾਂ ਨਿਯਮਤ ਤੌਰ 'ਤੇ ਕਰਵਾਉਣਾ ਲਾਜ਼ਮੀ ਹੈ। ਇਹ ਸਾਵਧਾਨੀ ਭਵਿੱਖ 'ਚ ਸਿਹਤਮੰਦ ਅਤੇ ਸਰਗਰਮ ਜੀਵਨ ਨੂੰ ਕਾਇਮ ਰੱਖਣ ਦੀ ਕੁੰਜੀ ਸਾਬਤ ਹੋ ਸਕਦੀ ਹੈ।

ਜਾਂਚ ਕਿਉਂ ਜ਼ਰੂਰੀ?

ਮਾਹਰ 40 ਸਾਲ ਦੀ ਉਮਰ ਤੋਂ ਬਾਅਦ ਕੁਝ ਨਿਯਮਤ ਡਾਕਟਰੀ ਜਾਂਚਾਂ ਕਰਵਾਉਣ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਸਭ ਤੋਂ ਪਹਿਲਾਂ ਬਲੱਡ ਪ੍ਰੈਸ਼ਰ ਦੀ ਜਾਂਚ ਮਹੱਤਵਪੂਰਨ ਮੰਨੀ ਜਾਂਦੀ ਹੈ, ਕਿਉਂਕਿ ਹਾਈ ਬਲੱਡ ਪ੍ਰੈਸ਼ਰ ਦਾ ਕੋਈ ਸਪੱਸ਼ਟ ਸੰਕੇਤ ਪਹਿਲਾਂ ਨਹੀਂ ਮਿਲਦਾ ਹੈ। ਇਸ ਦੇ ਨਾਲ ਹੀ ਖਾਲੀ ਪੇਟ ਅਤੇ ਰੋਟੀ ਖਾਣ ਤੋਂ ਬਾਅਦ ਬਲੱਡ ਸ਼ੂਗਰ ਦੀ ਜਾਂਚ ਡਾਇਬਟੀਜ਼ ਦੇ ਖ਼ਤਰੇ ਦੀ ਪਛਾਣ ਕਰਨ ਲਈ ਜ਼ਰੂਰੀ ਹੁੰਦੀ ਹੈ।

ਕੋਲੇਸਟ੍ਰੋਲ ਅਤੇ ਟ੍ਰਾਈਗਲਿਸਰਾਈਡ ਦਾ ਪੱਧਰ ਵੇਖਣ ਲਈ ਲਿਪਿਡ ਪ੍ਰੋਫਾਈਲ ਦੀ ਜਾਂਚ ਸਾਲ 'ਚ ਇੱਕ ਵਾਰ ਕਰਵਾਉਣੀ ਲਾਭਦਾਇਕ ਹੁੰਦੀ ਹੈ।

ਦਿਲ ਦੀ ਬਿਮਾਰੀ ਦੇ ਜੋਖ਼ਮ ਨੂੰ ਭਾਂਪਣ ਲਈ ਸਟ੍ਰੈਸ ਟੈਸਟ ਅਤੇ 2ਡੀ ਇਕੋਕਾਰਡੀਓਗ੍ਰਾਫੀ ਜਾਂਚ ਵੀ ਉਪਯੋਗੀ ਹੁੰਦੀ ਹੈ। ਇਸ ਤੋਂ ਇਲਾਵਾ ਗੁਰਦੇ ਦੇ ਕੰਮਕਾਜ ਦਾ ਮੁਲਾਂਕਣ ਕਰਨ ਲਈ ਸੀਰਮ ਕ੍ਰੀਏਟੀਨਾਈਨ ਟੈਸਟ ਅਤੇ ਇਸ ਦੇ ਨਾਲ ਹੀ ਜਿਗਰ ਅਤੇ ਪ੍ਰੋਸਟੈਟ ਦਾ ਅਲਟਰਾਸਾਊਂਡ ਸਕੈਨ , ਸ਼ੁਰੂਆਤੀ ਬਦਲਾਵਾਂ ਦੀ ਪਛਾਣ ਕਰਨ 'ਚ ਮਦਦ ਕਰਦੇ ਹਨ।

40 ਸਾਲ ਦੀ ਉਮਰ ਤੋਂ ਬਾਅਦ ਪ੍ਰੋਸਟੈਟ ਸੰਬੰਧੀ ਦਿੱਕਤਾਂ ਬਾਰੇ ਪਤਾ ਲਗਾਉਣ ਲਈ ਪੀਐਸਏ ਟੈਸਟ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਸਿਰਫ਼ ਸਰੀਰ ਦੇ ਭਾਰ 'ਤੇ ਨਿਰਭਰ ਨਾ ਰਹਿ ਕੇ ਲੱਕ ਦੇ ਘੇਰੇ ਅਤੇ ਸਰੀਰ 'ਚ ਚਰਬੀ ਦੀ ਮਾਤਰਾ ਨੂੰ ਧਿਆਨ 'ਚ ਰੱਖਣਾ ਵੀ ਜ਼ਰੂਰੀ ਹੁੰਦਾ ਹੈ, ਕਿਉਂਕਿ ਪੇਟ ਦੇ ਨੇੜੇ ਵਧੀ ਹੋਈ ਜਾਂ ਇੱਕਠੀ ਹੋਈ ਵਾਧੂ ਚਰਬੀ ਸ਼ੂਗਰ, ਦਿਲ ਦੀ ਬਿਮਾਰੀ ਅਤੇ ਹੋਰ ਬਿਮਾਰੀਆਂ ਨੂੰ ਸੱਦਾ ਦੇ ਸਕਦੀ ਹੈ। ਇਸ ਲਈ ਨਿਯਮਤ ਜਾਂਚ ਅਤੇ ਜੀਵਨ ਸ਼ੈਲੀ 'ਚ ਬਦਲਾਵ ਇੱਕ ਚੰਗੀ ਸਿਹਤ ਕਾਇਮ ਰੱਖਣ ਲਈ ਮਹੱਤਵਪੂਰਨ ਹੋ ਸਕਦੇ ਹਨ।

ਮੁੰਬਈ ਦੇ ਕੋਕੀਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਦੇ ਇੰਟਰਨਲ ਮੈਡੀਸਨ ਅਤੇ ਐਗਜ਼ੀਕਿਊਟਿਵ ਹੈਲਥ ਚੈੱਕਅਪ ਵਿਭਾਗ ਦੇ ਸਲਹਕਾਰ ਡਾ. ਸੰਦੀਪ ਦੋਸ਼ੀ ਨੇ ਇਸ ਵਿਸ਼ੇ ਦੇ ਬਾਰੇ 'ਚ ਵਧੇਰੇ ਜਾਣਕਾਰੀ ਦਿੰਦਿਆਂ ਕਿਹਾ, "ਤੰਦਰੁਸਤ ਮਹਿਸੂਸ ਕਰਨਾ ਅਤੇ ਅਸਲ 'ਚ ਤੰਦਰੁਸਤ ਹੋਣਾ ਦੋ ਵੱਖ-ਵੱਖ ਗੱਲਾਂ ਹੋ ਸਕਦੀਆਂ ਹਨ। 40 ਸਾਲ ਦੀ ਉਮਰ ਤੋਂ ਬਾਅਦ ਹਰ ਆਦਮੀ ਨੂੰ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ, ਐਲਐਫਟੀ, ਕੇਐਫਟੀ ਵਰਗੇ ਬੁਨਿਆਦੀ ਟੈਸਟ ਕਰਵਾਉਣੇ ਚਾਹੀਦੇ ਹਨ। ਇਸ ਦੇ ਨਾਲ ਹੀ ਯੂਰਿਕ ਐਸਿਡ ਅਤੇ ਟੈਸਟੋਸਟੀਰੋਨ ਦੇ ਵੀ ਟੈਸਟ ਕਰਵਾਉਣੇ ਚਾਹੀਦੇ ਹਨ।"

"ਦਿਲ (ਹਾਰਟ) ਦੀ ਤੰਦਰੁਸਤ ਕਾਰਜਸ਼ੈਲੀ ਵੇਖਣ ਲਈ ਸਟ੍ਰੈਸ ਟੈਸਟ ਅਤੇ 2ਡੀ ਇਕੋ ਕਰਵਾਉਣਾ ਸਹੀ ਹੋਵੇਗਾ। ਪ੍ਰੋਸਟੇਟ, ਜਿਗਰ ਅਤੇ ਕਿਡਨੀ ਦੇ ਲਈ ਅਲਟਰਾਸਾਊਂਡ ਸਕੈਨ ਕਰਵਾਉਣ ਨਾਲ ਇਹ ਪਤਾ ਲਗਾਉਣ 'ਚ ਮਦਦ ਮਿਲਦੀ ਹੈ ਕਿ ਸਰੀਰ 'ਚ ਕਿਸੇ ਬਿਮਾਰੀ ਦੇ ਲੱਛਣ ਮੌਜੂਦ ਹਨ ਜਾਂ ਨਹੀਂ।"

ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਅਤੇ ਕੋਲੈਸਟ੍ਰੋਲ ਦੀ ਜਾਂਚ ਕਿੰਨੇ ਸਮੇਂ ਬਾਅਦ ਮੁੜ ਕਰਵਾਉਣੀ ਚਾਹੀਦੀ ਹੈ?

ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਅਤੇ ਕੋਲੈਸਟ੍ਰੋਲ ਦੀ ਜਾਂਚ ਕਿੰਨੇ ਸਮੇਂ ਬਾਅਦ ਮੁੜ ਕਰਵਾਉਣੀ ਚਾਹੀਦੀ ਹੈ?ਇਸ ਸਵਾਲ ਦੇ ਜਵਾਬ 'ਚ ਡਾ. ਦੋਸ਼ੀ ਨੇ ਕਿਹਾ, " 40 ਸਾਲ ਤੋਂ ਵੱਧ ਉਮਰ ਦੇ ਮਰਦਾਂ ਨੂੰ ਹਰ ਤਿੰਨ ਮਹੀਨਿਆਂ 'ਚ ਬਲੱਡ ਪ੍ਰੈਸ਼ਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਬਲੱਡ ਸ਼ੂਗਰ ਅਤੇ ਐਲਐਫਟੀ ਦੀ ਜਾਂਚ ਸਾਲ 'ਚ ਇੱਕ ਵਾਰ ਕਰਵਾਉਣੀ ਚਾਹੀਦੀ ਹੈ। ਕੋਲੇਸਟ੍ਰੋਲ ਅਤੇ ਟ੍ਰਾਈਗਲਿਸਰਾਈਡ ਦਾ ਪੱਧਰ ਜਾਣਨ ਨਾਲ ਜੀਵਨ ਸ਼ੈਲੀ 'ਚ ਬਦਲਾਅ ਕਰਨ ਅਤੇ ਦਿਲ ਨੂੰ ਹੋਣ ਵਾਲੇ ਸੰਭਾਵੀ ਖਤਰੇ ਨੂੰ ਟਾਲਣ ਲਈ ਕਾਫ਼ੀ ਸਮਾਂ ਮਿਲ ਜਾਂਦਾ ਹੈ।"

ਇਨ੍ਹਾਂ ਸਾਰੇ ਟੈਸਟਾਂ ਦੇ ਨਾਲ ਇੱਕ ਹੋਰ ਮਹੱਤਵਪੂਰਨ ਜਾਂਚ ਹੈ- ਟੈਸਟੋਸਟੀਰੋਨ। 40 ਸਾਲ ਦੀ ਉਮਰ ਤੋਂ ਬਾਅਦ ਟੈਸਟੋਸਟੀਰੋਨ ਦਾ ਪੱਧਰ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ। ਉਮਰ ਦਾ ਵਧਣਾ, ਤਣਾਅ, ਭਾਰ ਵੱਧਣਾ, ਮੈਟਾਬੋਲਿਜ਼ਮ 'ਚ ਬਦਲਾਅ ਹੋਣ ਦੇ ਕਾਰਨ ਜੇਕਰ ਲਗਾਤਾਰ ਥਕਾਵਟ, ਮਾਸਪੇਸ਼ੀਆਂ ਦੇ ਆਕਾਰ 'ਚ ਕਮੀ, ਸੈਕਸ ਡ੍ਰਾਈਵ 'ਚ ਕਮੀ, ਲਿੰਗ ਸ਼ਕਤੀ 'ਚ ਕਮੀ, ਸਟੈਮਿਨਾ ਘੱਟ ਹੋਣਾ, ਮੂਡ ਸਵਿੰਗ ਹੋਣ ਵਰਗੇ ਲੱਛਣ ਵਿਖਾਈ ਦੇਣ ਤਾਂ ਟੈਸਟੋਸਟੀਰੋਨ ਦੇ ਪੱਧਰ ਦੀ ਜਾਂਚ ਕਰਵਾਉਣੀ ਜ਼ਰੂਰੀ ਹੈ।

ਜੇਕਰ ਇਹ ਪੱਧਰ ਤੈਅ ਸੰਖਿਆ ਤੋਂ ਘੱਟ ਹੋਵੇ ਤਾਂ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਜ਼ਿਆਦਾਤਰ ਲੋਕ ਸਿਰਫ ਭਾਰ ਨੂੰ ਹੀ ਇਕੋ ਇੱਕ ਮਾਪਦੰਡ ਮੰਨਦੇ ਹਨ, ਪਰ ਭਾਰ ਦੇ ਅੰਕੜੇ ਸਰੀਰ ਦੀ ਮੁਕੰਮਲ ਸਥਿਤੀ ਨੂੰ ਪ੍ਰਗਟ ਨਹੀਂ ਕਰਦੇ ਹਨ। ਪੇਟ ਦੇ ਆਸ-ਪਾਸ ਦੀ ਚਰਬੀ, ਕਮਰ ਦਾ ਘੇਰਾ ਵੇਖਣ ਨਾਲ ਮੈਟਾਬੋਲਿਜ਼ਮ ਦੀ ਸਥਿਤੀ ਬਾਰੇ ਪਤਾ ਲੱਗਦਾ ਹੈ।

ਭਾਰ ਦੇ ਨਾਲ-ਨਾਲ ਇਨ੍ਹਾਂ ਸਾਰੇ ਬਦਲਾਵਾਂ ਦਾ ਇਨਸੁਲਿਨ ਰੇਜਿਸਟੈਂਸ, ਟਾਈਪ 2 ਸ਼ੂਗਰ, ਫੈਟੀ ਲੀਵਰ, ਕਿਡਨੀ ਦੀ ਬਿਮਾਰੀ ਦਿਲ ਦੀ ਬਿਮਾਰੀ ਅਤੇ ਨਿਊਰੋਪੈਥੀ ਨਾਲ ਡੂੰਘਾ ਸਬੰਧ ਹੁੰਦਾ ਹੈ। ਸਰੀਰ 'ਚ ਚਰਬੀ ਦੀ ਪ੍ਰਤੀਸ਼ਤਤਾ ਅਤੇ ਵਿਸ਼ੇਸ਼ ਕਰਕੇ ਮੋਟਾਪੇ 'ਤੇ ਧਿਆਨ ਦੇਣਾ ਭਵਿੱਖ ਦੀਆਂ ਸੰਭਾਵੀ ਸਿਹਤ ਸਮੱਸਿਆਵਾਂ ਦਾ ਸੰਕੇਤ ਦੇ ਸਕਦਾ ਹੈ।

ਡਾ. ਦੋਸ਼ੀ ਦੱਸਦੇ ਹਨ ਕਿ 40 ਸਾਲ ਦੀ ਉਮਰ ਤੋਂ ਬਾਅਦ ਕੈਂਸਰ ਨਾਲ ਸਬੰਧਿਤ ਸਕ੍ਰੀਨਿੰਗ ਵੀ ਮੈਡੀਕਲ ਤੌਰ 'ਤੇ ਵਧੇਰੇ ਖਾਸ ਹੋ ਜਾਂਦੀ ਹੈ। ਪੀਐਸਏ, ਸੀਈਏ, ਸੀਏ 19-9 ਅਤੇ ਅਲਫਾ- ਫੀਟੋਪ੍ਰੋਟੀਨ ਵਰਗੇ ਬਲੱਡ ਟੈਸਟ ਇਹ ਜਾਣਨ 'ਚ ਮਦਦ ਕਰਦੇ ਹਨ ਕਿ ਅੱਗੇ ਦੀ ਜਾਂਚ ਦੀ ਜ਼ਰੂਰਤ ਕਿਸ ਨੂੰ ਹੈ।

45 ਸਾਲ ਦੀ ਉਮਰ ਤੋਂ ਬਾਅਦ ਕੋਲੋਨੋਸਕੋਪੀ ਮਰਦਾਂ ਲਈ ਇੱਕ ਮਹੱਤਵਪੂਰਨ ਟੈਸਟ ਮੰਨਿਆ ਜਾਂਦਾ ਹੈ, ਕਿਉਂਕਿ ਇਸ ਨਾਲ ਵੱਡੀ ਅੰਤੜੀ ਦੇ ਪੋਲੀਪਸ ਅਤੇ ਕੋਲੋਰੇਕਟਲ ਕੈਂਸਰ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਫੜਿਆ ਜਾ ਸਕਦਾ ਹੈ।

ਸਿਗਰਟਨੋਸ਼ੀ ਕਰਨ ਵਾਲੇ ਜਾਂ ਉੱਚ ਜੋਖਮ ਵਾਲੇ ਵਿਅਕਤੀਆਂ ਨੂੰ ਫੇਫੜਿਆਂ ਦੇ ਉੱਚ-ਰੈਜ਼ੋਲਿਊਸ਼ਨ ਸੀਟੀ ਸਕੈਨ ਦੇ ਬਾਰੇ 'ਚ ਡਾਕਟਰ ਨਾਲ ਸਲਾਹ ਮਸ਼ਵਰਾ ਕਰਨਾ ਸਹੀ ਰਹਿੰਦਾ ਹੈ।

ਪ੍ਰੋਸਟੇਟ ਕੈਂਸਰ ਦੇ ਜੋਖ਼ਮ ਨੂੰ ਵੇਖਦੇ ਹੋਏ ਡਾ. ਸੌਰਭ ਪਾਟਿਲ ਵਿਸ਼ੇਸ਼ ਸਲਾਹ ਦਿੰਦੇ ਹਨ। ਉਹ ਮੁਲੁੰਡ ਸਥਿਤ ਯੂਰੋਲੋਜੀ ਅਤੇ ਯੂਰੋ-ਆਨਕੋਲੋਜੀ ਵਿਭਾਗ 'ਚ ਸੀਨੀਅਰ ਕੰਸਲਟੈਂਟ ਹਨ। ਉਹ ਦੱਸਦੇ ਹਨ ਕਿ ਪ੍ਰੋਸਟੇਟ ਨਾਲ ਸਬੰਧਤ ਆਮ ਸਮੱਸਿਆਵਾਂ ਆਮ ਤੌਰ 'ਤੇ 50-55 ਸਾਲ ਦੀ ਉਮਰ ਤੋਂ ਬਾਅਦ ਪ੍ਰਗਟ ਹੁੰਦੀਆਂ ਹਨ, ਜਦਕਿ ਪ੍ਰੋਸਟੇਟ ਕੈਂਸਰ ਦਾ ਪਤਾ ਅਕਸਰ 60-65 ਸਾਲ ਦੀ ਉਮਰ ਤੋਂ ਬਾਅਦ ਹੀ ਲਗਾਇਆ ਜਾ ਸਕਦਾ ਹੈ।

ਪਰ ਜਿਨ੍ਹਾਂ ਲੋਕਾਂ ਦੇ ਪਰਿਵਾਰ 'ਚ ਪ੍ਰੋਸਟੇਟ ਕੈਂਸਰ ਦਾ ਸਪੱਸ਼ਟ ਇਤਿਹਾਸ ਮੌਜੂਦ ਹੈ ਜਾਂ ਜਿਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਪ੍ਰੋਸਟੇਟ, ਛਾਤੀ ਜਾਂ ਅੰਡਕੋਸ਼ ਦਾ ਕੈਂਸਰ ਹੋਇਆ ਹੈ ਤਾਂ ਉਨ੍ਹਾਂ ਨੂੰ 45 ਸਾਲ ਦੀ ਉਮਰ 'ਚ ਜਾਂ ਇਸ ਤੋਂ ਵੀ ਪਹਿਲਾਂ ਇਸ ਦਾ ਟੈਸਟ ਕਰਵਾਉਣ 'ਤੇ ਵਿਚਾਰ ਕਰਨੀ ਚਾਹੀਦੀ ਹੈ।

ਇਨ੍ਹਾਂ ਟੈਸਟਾਂ 'ਚ ਪੀਐਸਏ ਬਲੱਡ ਟੈਸਟ, ਯੂਰੋਲੋਜਿਸਟ ਨਾਲ ਸਲਾਹ-ਮਸ਼ਵਰਾ ਅਤੇ ਸਰੀਰਕ ਜਾਂਚ ਸ਼ਾਮਲ ਹੁੰਦੀ ਹੈ। ਜਿਨ੍ਹਾਂ ਮਰਦਾਂ ਨੂੰ ਵਾਧੂ ਜੋਖ਼ਮ ਨਹੀਂ ਹੁੰਦਾ ਹੈ, ਉਨ੍ਹਾਂ ਲਈ ਪੀਐਸਏ ਜਾਂਚ ਆਮ ਤੌਰ 'ਤੇ 50-55 ਸਾਲ ਦੀ ਉਮਰ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਜੇਕਰ ਸ਼ੁਰੂਆਤੀ ਪੀਐਸਏ ਰਿਪੋਰਟ ਨੌਰਮਲ ਹੈ ਤਾਂ ਹਰ 2-3 ਸਾਲਾਂ 'ਚ ਇਸ ਟੈਸਟ ਨੂੰ ਮੁੜ ਕਰਵਾਉਣਾ ਚਾਹੀਦਾ ਹੈ।

ਜੇਕਰ ਕਿਸੇ ਨੇ 40 ਸਾਲ ਦੀ ਉਮਰ ਤੱਕ ਕਦੇ ਵੀ ਪੂਰੇ ਸਰੀਰ ਦੀ ਜਾਂਚ ਨਹੀਂ ਕਰਵਾਈ ਹੈ ਤਾਂ ਕੀ ਕਰਨਾ ਚਾਹੀਦਾ ਹੈ?

40 ਸਾਲ ਦੀ ਉਮਰ ਤੋਂ ਬਾਅਦ ਪ੍ਰੀਵੇਂਟਿਵ ਹੈਲਥ ਚੈਕਅਪ ਦਾ ਮਹੱਤਵ ਵੱਧ ਜਾਂਦਾ ਹੈ, ਕਿਉਂਕਿ ਬੈਠੀ ਰਹਿਣ ਵਾਲੀ ਜੀਵਨ ਸ਼ੈਲੀ ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਸ਼ੂਗਰ, ਉੱਚ ਕੋਲੈਸਟ੍ਰੋਲ, ਦਿਲ ਦੀ ਬਿਮਾਰੀ, ਮੋਟਾਪਾ ਅਤੇ ਕੁਝ ਕਿਸਮਾਂ ਦੇ ਕੈਂਸਰ ਅਕਸਰ ਇਸੇ ਉਮਰ 'ਚ ਹੀ ਵਿਕਸਤ ਹੁੰਦੇ ਹਨ ਅਤੇ ਕਈ ਵਾਰ ਤਾਂ ਇਨ੍ਹਾਂ ਦੇ ਸਪੱਸ਼ਟ ਲੱਛਣ ਵੀ ਪ੍ਰਗਟ ਨਹੀਂ ਹੁੰਦੇ ਹਨ। ਸਮੇਂ ਸਿਰ ਜਾਂਚ ਕਰਵਾਉਣ ਨਾਲ ਇਨ੍ਹਾਂ ਬਿਮਾਰੀਆਂ ਨੂੰ ਸ਼ੁਰੂਆਤੀ ਪੜਾਅ 'ਤੇ ਰੋਕਿਆ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਪ੍ਰਭਾਵਸ਼ਾਲੀ ਪ੍ਰਬੰਧਨ, ਨਿਯੰਤਰਣ ਜਾਂ ਇਲਾਜ ਸੰਭਵ ਹੁੰਦਾ ਹੈ।

ਇਸ ਤੋਂ ਇਲਾਵਾ ਇਸ ਉਮਰ 'ਚ ਮਰਦ ਆਪਣੇ ਕੰਮਕਾਜ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਮੱਦੇਨਜ਼ਰ ਆਪਣੇ ਸਰੀਰ ਵੱਲੋਂ ਦਿੱਤੇ ਜਾ ਰਹੇ ਸੰਕੇਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਿਸ ਨਾਲ ਬਿਮਾਰੀ ਵੱਧ ਜਾਂਦੀ ਹੈ।

ਇਸ ਲਈ ਲੱਛਣ ਨਾ ਹੋਣ 'ਤੇ ਵੀ 40 ਸਾਲ ਦੀ ਉਮਰ ਤੋਂ ਹੀ ਮੁੱਢਲੀ ਸਿਹਤ ਜਾਂਚ ਕਰਵਾਉਣਾ ਲਾਜ਼ਮੀ ਹੈ।

ਡਾ. ਸੌਰਭ ਪਾਟਿਲ ਦੱਸਦੇਹਨ, " ਅਜਿਹੀ ਸਥਿਤੀ 'ਚ ਸਭ ਤੋਂ ਪਹਿਲ ਮੁੱਢਲੀ ਸਿਹਤ ਜਾਂਚ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇਸ 'ਚ ਬਲੱਡ ਸ਼ੂਗਰ, ਐਲਐਫਟੀ, ਬਲੱਡ ਪ੍ਰੈਸ਼ਰ, ਕੇਐਫਟੀ, ਲਿਪਿਡ ਪ੍ਰੋਫਾਈਲ ਅਤੇ ਯੂਰਿਨ ਜਾਂਚ ਸ਼ਾਮਲ ਹੋਣੀ ਚਾਹੀਦੀ ਹੈ।"

40 ਸਾਲ ਦੀ ਉਮਰ ਤੋਂ ਬਾਅਦ ਕਿਵੇਂ ਕੀਤੀ ਜਾਵੇ ਅੱਖਾਂ ਦੀ ਦੇਖਭਾਲ?

40 ਸਾਲ ਦੀ ਉਮਰ 'ਚ ਭਾਵੇਂ ਹੀ ਕੋਈ ਲੱਛਣ ਸਾਹਮਣੇ ਨਾ ਆਵੇ ਅਤੇ ਨਜ਼ਰ ਵੀ ਸਹੀ ਹੋਵੇ, ਫਿਰ ਵੀ ਅਮੈਰੀਕਨ ਅਕੈਡਮੀ ਆਫ਼ ਓਫਥਲਮੋਲੋਜੀ ਦੇ ਅਨੁਸਾਰ ਇਸ ਉਮਰ 'ਚ ਇੱਕ ਵਾਰ ਅੱਖਾਂ ਦੀ ਵਿਆਪਕ ਜਾਂਚ ਜ਼ਰੂਰੀ ਹੈ, ਕਿਉਂਕਿ ਗਲੂਕੋਮਾ, ਮੋਤੀਆਬਿੰਦ, ਮੈਕੂਲਰ ਡੀਜੇਨੇਰੇਸ਼ਨ ਅਤੇ ਡਾਇਬੀਟਿਕ ਰੈਟੀਨੋਪੈਥੀ ਦੇ ਸ਼ੁਰੂਆਤੀ ਲੱਛਣ ਇਸੇ ਉਮਰ 'ਚ ਵਿਖਾਈ ਦੇ ਸਕਦੇ ਹਨ। ਡਾ. ਹਿਮਾਸ਼ੂ ਸ਼ੇਖਰ ਏਐਸਜੀ ਆਈ ਹਸਪਤਾਲ ਦੇ ਗਰੁੱਪ ਚੀਫ਼ ਸਟ੍ਰੈਟਜੀ ਅਤੇ ਕਲੀਨਿਕਲ ਅਫ਼ਸਰ ਹਨ। ਉਹ ਦੱਸਦੇ ਹਨ ਕਿ ਅੱਖਾਂ ਦੀ ਜਾਂਚ ਉਮਰ ਅਤੇ ਜੋਖ਼ਮ ਕਾਰਕਾਂ 'ਤੇ ਨਿਰਭਰ ਕਰਦੀ ਹੈ।

ਡਾ. ਸ਼ੇਖਰ ਕਹਿੰਦੇ ਹਨ ਕਿ 40 ਸਾਲ ਦੀ ਉਮਰ ਤੋਂ ਬਾਅਦ ਆਪਣੀ ਜੀਵਨ ਸ਼ੈਲੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਬਲੱਡ ਪ੍ਰੈਸ਼ਰ 130/80 ਤੋਂ ਘੱਟ ਰੱਖਣਾ ਚਾਹੀਦਾ ਹੈ, ਨਿਯਮਿਤ ਕਸਰਤ ਕਰਨੀ ਚਾਹੀਦੀ ਹੈ, ਯੂਵੀ ਪ੍ਰੋਟੈਕਟਿਵ ਐਨਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਭਾਰ ਕਾਬੂ 'ਚ ਰੱਖਣਾ ਚਾਹੀਦਾ ਹੈ।

ਉਹ ਸਲਾਹ ਦਿੰਦੇ ਹਨ ਹੇਠ ਲਿਖੇ ਵਰਗਾਂ ਨੂੰ ਕਿੰਨੇ ਅੰਤਰਾਲ ਤੋਂ ਬਾਅਦ ਸਿਹਤ ਜਾਂਚ ਕਰਵਾ ਲੈਣੀ ਚਾਹੀਦੀ ਹੈ

40-45 ਸਾਲ : ਹਰ 2-4 ਸਾਲ 'ਚ

55-64 ਸਾਲ : ਹਰ 1-3 ਸਾਲ 'ਚ

65 ਸਾਲ ਤੋਂ ਬਾਅਦ : ਹਰ 1-2 ਸਾਲ 'ਚ

ਉੱਚ ਜੋਖ਼ਮ ਵਾਲੇ ਵਿਅਕਤੀ : ਹਰ ਸਾਲ ਜਾਂ 1-2 ਸਾਲ 'ਚ

ਉਹ ਅੱਗੇ ਦੱਸਦੇ ਹਨ ਕਿ ਜੇਕਰ ਅਚਾਨਕ ਫਲੋਟਰਸ ਵਿਖਾਈ ਦੇਣਾ, ਰੌਸ਼ਨੀ ਚਮਕਣਾ, ਅੱਖਾਂ ਸਾਹਮਣੇ ਕਾਲਾ ਪਰਦਾ ਛਾਉਣਾ, ਇੱਕ ਅੱਖ ਤੋਂ ਅਚਾਨਕ ਵਿਖਾਈ ਦੇਣਾ ਬੰਦ ਹੋਣਾ, ਅੱਖ 'ਚ ਤੇਜ਼ ਦਰਦ, ਉਲਟੀ ਆਉਣਾ, ਲਾਈਟ ਦੇ ਆਲੇ ਦੁਆਲੇ ਘੇਰਾ ਵਿਖਾਈ ਦੇਣਾ, ਸਿੱਧੀਆਂ ਰੇਖਾਵਾਂ ਟੇਢੀਆਂ ਵਿਖਾਈ ਦੇਣੀਆਂ, ਸਾਈਡ ਨਜ਼ਰ 'ਚ ਕਮੀ, ਦੋਹਰਾ ਨਜ਼ਰ ਆਉਣਾ ਜਾਂ ਧੁੰਦਲਾ ਵਿਖਾਈ ਦੇਣਾ ਵਰਗੀਆਂ ਸਮੱਸਿਆਵਾਂ ਹੋਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਇਹ ਲੱਛਣ ਤਣਾਅ, ਚਿੰਤਾ ਜਾਂ ਲੰਮੇ ਸਮੇਂ ਤੱਕ ਤਣਾਅ ਰਹਿਣ ਕਰਕੇ ਹੋ ਸਕਦੇ ਹਨ। ਇਸ ਲਈ ਮਾਨਸਿਕ ਸਿਹਤ ਮਾਹਰ ਨਾਲ ਸਲਾਹ ਕਰਨਾ ਜ਼ਰੂਰੀ ਹੈ।

ਜੀਵਨ ਸ਼ੈਲੀ 'ਚ ਕੋਈ ਵੀ ਵੱਡਾ ਬਦਲਾਅ- ਜਿਵੇਂ ਖਾਣ-ਪਾਣ, ਦਵਾਈ ਜਾਂ ਕਸਰਤ ਕਰਨ ਤੋਂ ਪਹਿਲਾਂ ਡਾਕਟਰ ਜਾਂ ਸਿਖਲਾਈ ਪ੍ਰਾਪਤ ਮਾਹਰ ਤੋਂ ਸਲਾਹ ਲੈ ਲੈਣੀ ਚਾਹੀਦੀ ਹੈ। ਡਾਕਟਰ ਦੀ ਸਲਾਹ ਤੋਂ ਬਿਨ੍ਹਾਂ ਸਵੈ-ਇਲਾਜ ਕਈ ਵਾਰ ਭਾਰੀ ਵੀ ਪੈ ਸਕਦਾ ਹੈ।

# ਕੀ ਤੁਸੀਂ ਵੀ ਆਪਣਾ ਫ਼ੋਨ ਟਾਇਲਟ 'ਚ ਲੈ ਕੇ ਜਾਂਦੇ ਹੋ?





ਕੀ ਤੁਸੀਂ ਵੀ ਹਮੇਸ਼ਾ ਆਪਣਾ ਫ਼ੋਨ ਆਪਣੇ ਨਾਲ ਹੀ ਰੱਖਦੇ ਹੋ? ਖਾਣਾ ਖਾਂਦੇ ਸਮੇਂ, ਰਾਤ ਨੂੰ ਸੌਂਦੇ ਸਮੇਂ ਅਤੇ ਸਵੇਰੇ ਉੱਠਣ ਤੋਂ ਤੁਰੰਤ ਬਾਅਦ, ਬਿਨਾਂ ਆਪਣਾ ਫ਼ੋਨ ਦੇਖੇ ਤੁਹਾਨੂੰ ਚੈਨ ਨਹੀਂ ਪੈਂਦੀ? ਸਿਰਫ਼ ਇੰਨਾ ਹੀ ਨਹੀਂ, ਸਗੋਂ ਤੁਸੀਂ ਆਪਣਾ ਮੋਬਾਈਲ ਆਪਣੇ ਨਾਲ ਟਾਇਲਟ 'ਚ ਵੀ ਲੈ ਕੇ ਜਾਂਦੇ ਹੋ। ਤਾਂ ਇਹ ਫਿਰ ਚਿੰਤਾ ਦਾ ਵਿਸ਼ਾ ਹੈ।

ਮੋਬਾਈਲ ਫ਼ੋਨ 'ਤੇ ਸੋਸ਼ਲ ਮੀਡੀਆ ਦੀ ਲਗਾਤਾਰ ਵਰਤੋਂ, ਫ਼ੋਨ ਕਾਲਾਂ, ਈਮੇਲਾਂ, ਸੁਨੇਹੇ, ਰੀਲਾਂ ਆਦਿ ਹੀ ਆਪਣਾ ਫ਼ੋਨ ਟਾਇਲਟ ਵਿੱਚ ਵੀ ਲੈ ਜਾਣ ਨੂੰ ਮਜਬੂਰ ਕਰ ਦਿੰਦੀਆਂ ਹਨ।

ਬਹੁਤ ਸਾਰੇ ਲੋਕਾਂ ਨੂੰ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਆਪਣੇ ਫ਼ੋਨਾਂ ਨਾਲ ਥੋੜ੍ਹਾ ਜਿਹਾ ਸਮਾਂ ਬਿਤਾਉਣ ਨਾਲ ਹੀ ਬਹੁਤ ਸਾਰੀਆਂ ਖ਼ਤਰਨਾਕ ਚੀਜ਼ਾਂ ਦੇ ਸੰਪਰਕ ਵਿੱਚ ਆ ਜਾਂਦੇ ਹਨ।

ਇਸ ਰਿਪੋਰਟ ਵਿੱਚ ਅਸੀਂ ਇਸੇ ਵਿਸ਼ੇ ਬਾਰੇ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਜਦੋਂ ਤੁਸੀਂ ਆਪਣਾ ਮੋਬਾਈਲ ਫ਼ੋਨ ਟਾਇਲਟ ਲੈ ਕੇ ਜਾਂਦੇ ਹੋ ਤਾਂ ਤੁਹਾਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਸਮੱਸਿਆ ਅਸਲ ਵਿੱਚ ਹੈ ਕੀ?

ਸਾਡੇ ਵਿੱਚੋਂ ਬਹੁਤ ਸਾਰੇ, ਖਾਸ ਕਰਕੇ ਨੌਜਵਾਨਾਂ ਨੂੰ ਆਪਣੇ ਫ਼ੋਨ ਟਾਇਲਟ ਵਿੱਚ ਵੀ ਲੈ ਕੇ ਜਾਣ ਦੀ ਆਦਤ ਹੈ। ਜਿਹੜੇ ਲੋਕ ਟਾਇਲਟ ਵਿੱਚ ਅੱਧੇ ਘੰਟੇ ਤੋਂ ਵੱਧ ਸਮਾਂ ਬਿਤਾਉਂਦੇ ਹਨ, ਉਨ੍ਹਾਂ ਨੂੰ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ।

ਇਹ ਲੋਕ ਆਪਣੇ ਮੋਬਾਈਲ ਫ਼ੋਨਾਂ ਵੱਲ ਦੇਖਦੇ ਹੋਏ ਲੰਬੇ ਸਮੇਂ ਤੱਕ ਇੱਕ ਥਾਂ 'ਤੇ ਬੈਠੇ ਰਹਿੰਦੇ ਹਨ। ਇਸ ਨਾਲ ਗੁਦਾ ਦੇ ਨੇੜੇ ਦੀਆਂ ਮਾਸਪੇਸ਼ੀਆਂ, ਜੋ ਮਲ-ਮੂਤਰ ਤਿਆਗਣ ਵਿੱਚ ਮਦਦ ਕਰਦੀਆਂ ਹਨ, 'ਤੇ ਵਾਧੂ ਦਬਾਅ ਪੈਂਦਾ ਹੈ।

ਜ਼ਬਰਦਸਤੀ ਮਲ ਤਿਆਗਣ ਨਾਲ ਇਨ੍ਹਾਂ ਸਾਰੇ ਅੰਗਾਂ ਨਾਲ ਸਬੰਧਿਤ ਕਈ ਬਿਮਾਰੀਆਂ ਹੋ ਸਕਦੀਆਂ ਹਨ। ਇਨ੍ਹਾਂ ਵਿੱਚ ਬਵਾਸੀਰ, ਕਬਜ, ਫਿਸਟੁਲਾਸ ਅਤੇ ਫਿਸ਼ਰਸ ਵਰਗੀਆਂ ਕਈ ਬਿਮਾਰੀਆਂ ਸ਼ਾਮਲ ਹਨ।

ਇੱਕ ਥਾਂ 'ਤੇ ਲੰਬੇ ਸਮੇਂ ਤੱਕ ਬੈਠਣ ਨਾਲ ਖ਼ੂਨ ਦੇ ਦੌਰੇ ਵਿੱਚ ਵੀ ਵਿਘਨ ਪੈਂਦਾ ਹੈ। ਇਸੇ ਸਥਿਤੀ ਵਿੱਚ ਬੈਠਣ ਅਤੇ ਮਲ ਤਿਆਗਣ ਲਈ ਜ਼ੋਰ ਲਗਾਉਣ ਨਾਲ ਕਬਜ ਅਤੇ ਮਲ ਦੇ ਸਖ਼ਤ ਹੋਣ ਦੀ ਪ੍ਰਵਿਰਤੀ ਵਧ ਜਾਂਦੀ ਹੈ।

ਇਹ ਦਬਾਅ, ਗੁਦਾ ਦੇ ਨੇੜੇ ਦੀਆਂ ਨਾੜੀਆਂ 'ਤੇ ਦਬਾਅ ਪਾਉਂਦਾ ਹੈ, ਜਿਸ ਕਾਰਨ ਉਹ ਸੁੱਜ ਜਾਂਦੀਆਂ ਹਨ ਅਤੇ ਉੱਥੇ ਕਈ ਤਰ੍ਹਾਂ ਦੇ ਇਨਫੈਕਸ਼ਨ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਅਜਿਹੇ ਲੋਕਾਂ ਨੂੰ ਬਾਅਦ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦਰਅਸਲ, ਇੱਕ ਕਮੋਡ-ਕਿਸਮ ਦਾ ਟਾਇਲਟ ਸੁਭਾਵਿਕ ਤੌਰ 'ਤੇ ਤੁਹਾਡੇ ਗੁਦਾ ਖੇਤਰ ਅਤੇ ਉੱਥੋਂ ਦੀਆਂ ਮਾਸਪੇਸ਼ੀਆਂ 'ਤੇ ਦਬਾਅ ਪਾਉਂਦਾ ਹੈ।

ਇਸ ਤੋਂ ਇਲਾਵਾ, ਜੇ ਅਸੀਂ ਉੱਥੇ ਜ਼ਿਆਦਾ ਦੇਰ ਤੱਕ ਬੈਠੇ ਰਹੀਏ ਤਾਂ ਦਬਾਅ ਹੋਣ ਦੀ ਸੰਭਾਵਨਾ ਹੋਰ ਜ਼ਿਆਦਾ ਵਧ ਜਾਂਦੀ ਹੈ।

ਫਿਰ ਇਸੇ ਸਿਲਸਿਲੇ ਵਿੱਚ ਜਦੋਂ ਮਲ-ਮੂਤਰ ਤਿਆਗਣ ਵਿੱਚ ਦੇਰੀ ਹੋਣ ਲੱਗਦੀ ਹੈ ਤਾਂ ਇਹ ਦਿੱਕਤ ਹੋਰ ਵਧ ਜਾਂਦੀ ਹੈ ਕਿਉਂਕਿ ਲੋਕ ਹੋਰ ਜ਼ੋਰ ਲਗਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਤਰ੍ਹਾਂ ਨਾਲ ਉਹ ਕਈ ਸਮੱਸਿਆਵਾਂ ਦੇ ਚੱਕਰ ਵਿੱਚ ਫਸ ਜਾਂਦੇ ਹਨ।

ਇਸ ਲਈ ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਘੱਟ ਤੋਂ ਘੱਟ ਸਮੇਂ ਵਿੱਚ ਮਲ ਤਿਆਗਣ ਦੀ ਕੋਸ਼ਿਸ਼ ਕਰੋ ਅਤੇ ਉੱਥੇ ਫ਼ੋਨ ਦੀ ਵਰਤੋਂ ਨਾ ਕਰੋ।

ਟਾਇਲਟ ਸੀਟ 'ਤੇ ਜ਼ਿਆਦਾ ਦੇਰ ਬੈਠ ਕੇ ਆਪਣੇ ਫ਼ੋਨ ਵੱਲ ਦੇਖਣ ਨਾਲ ਤੁਹਾਡੇ ਦੂਜੇ ਅੰਗਾਂ 'ਤੇ ਵੀ ਦਬਾਅ ਪੈਂਦਾ ਹੈ- ਜਿਵੇਂ ਕਿ ਗਰਦਨ ਅਤੇ ਪਿੱਠ ਦਰਦ ਹੋਣਾ।

ਹੱਥਾਂ ਵਿੱਚ ਝਰਨਾਹਟ, ਪੈਰਾਂ ਵਿੱਚ ਝਰਨਾਹਟ, ਲੱਤਾਂ ਵਿੱਚ ਭਾਰੀਪਣ, ਜਾਂ ਹੱਥਾਂ ਨੂੰ ਇੱਕ ਹੀ ਸਥਿਤੀ ਵਿੱਚ ਰੱਖਣ ਕਾਰਨ ਕੁਝ ਸਮੇਂ ਲਈ ਅੰਗਾਂ ਨੂੰ ਹਿਲਾਉਣ ਵਿੱਚ ਅਸਮਰੱਥਾ ਹੋ ਸਕਦੀ ਹੈ।

ਲੰਮੇ ਸਮੇਂ ਤੱਕ ਝੁਕ ਕੇ ਬੈਠਣ ਅਤੇ ਮੋਬਾਈਲ ਫੋਨ ਵੱਲ ਦੇਖਣ ਨਾਲ ਗਰਦਨ ਵਿੱਚ ਖਿਚਾਅ ਅਤੇ ਪਿੱਠ ਵਿੱਚ ਦਰਦ ਹੋ ਸਕਦਾ ਹੈ।

ਕੋਵਿਡ ਕਾਲ ਤੋਂ ਬਾਅਦ ਪਿਛਲੇ ਪੰਜ ਸਾਲਾਂ ਵਿੱਚ, ਬੈਠਣ ਵਾਲੀ ਜੀਵਨ ਸ਼ੈਲੀ ਦੇ ਪ੍ਰਭਾਵ ਵਧੇਰੇ ਸਪੱਸ਼ਟ ਹੋ ਗਏ ਹਨ। ਲਗਾਤਾਰ ਬੈਠਣਾ, ਬੈਠੇ ਹੋਏ ਕੰਮ ਕਰਨਾ, ਘਰੋਂ ਨਾ ਨਿਕਲਣਾ, ਕਸਰਤ ਜਾਂ ਯੋਗ ਦੀ ਘਾਟ, ਫਾਸਟ ਫੂਡ ਅਤੇ ਪੈਕ ਕੀਤੇ ਭੋਜਨ ਖਾਣ ਦੀ ਆਦਤ ਵਧ ਗਈ ਹੈ।

ਇਸ ਤੋਂ ਇਲਾਵਾ, ਮੋਬਾਈਲ ਦੀ ਵਰਤੋਂ ਵੀ ਵਧੀ ਹੈ ਕਿਉਂਕਿ ਜ਼ਿਆਦਾਤਰ ਲੈਣ-ਦੇਣ ਮੋਬਾਈਲ 'ਤੇ ਹੀ ਹੁੰਦੇ ਹਨ। ਫ਼ੋਨ ਦੀ ਲਗਾਤਾਰ ਵਰਤੋਂ ਕਾਰਨ ਬਹੁਤ ਸਾਰੇ ਲੋਕਾਂ ਨੂੰ ਫ਼ੋਨ ਟਾਇਲਟ 'ਚ ਲੈ ਜਾਣ ਦੀ ਆਦਤ ਪੈ ਗਈ ਹੈ।

ਇੱਕ ਥਾਂ 'ਤੇ ਬੈਠਣ ਨਾਲ ਦਿਲ ਦੀ ਬਿਮਾਰੀ, ਸ਼ੂਗਰ, ਮੋਟਾਪਾ, ਗਰਦਨ ਅਤੇ ਪਿੱਠ ਦਰਦ, ਮਾਸਪੇਸ਼ੀਆਂ ਦੀ ਕਮਜ਼ੋਰੀ, ਵੈਰੀਕੋਜ਼ ਨਾੜੀਆਂ, ਸਟ੍ਰੋਕ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਪਰ ਇਸ ਤੋਂ ਵੀ ਜ਼ਿਆਦਾ, ਪੇਟ ਫੁੱਲਣਾ, ਬੇਲੋੜਾ ਭਾਰ ਵਧਣਾ, ਅਤੇ ਹੌਲੀ ਮੈਟਾਬੋਲਿਜ਼ਮ ਵਰਗੀਆਂ ਸਮੱਸਿਆਵਾਂ ਮਾਨਸਿਕ ਸਿਹਤ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਇਹ ਬੈਠਣ ਵਾਲੀ ਜੀਵਨ ਸ਼ੈਲੀ ਚਿੰਤਾ, ਉਦਾਸੀ, ਤਣਾਅ, ਜਾਂ ਖਾਣ-ਪੀਣ ਦੀਆਂ ਬਿਮਾਰੀਆਂ ਦਾ ਕਾਰਨ ਬਣ

### ਜਦੋਂ ਤੁਸੀਂ ਇੱਕੋ ਥਾਂ ਬੈਠੇ ਰਹਿੰਦੇ ਹੋ ਤਾਂ ਕੀ ਹੁੰਦਾ ਹੈ?

ਬੈਠਣ ਵਾਲੀ ਜੀਵਨ ਸ਼ੈਲੀ ਅਤੇ ਬਿਨਾਂ ਕਿਸੇ ਸਰੀਰਕ ਗਤੀਵਿਧੀ ਦੇ ਲੰਬੇ ਸਮੇਂ ਤੱਕ ਇੱਕ ਜਗ੍ਹਾ 'ਤੇ ਬੈਠਣਾ ਤੁਹਾਡੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨਾਲ ਕਈ ਸਿਹਤ ਸਮੱਸਿਆਵਾਂ ਦਾ ਜੋਖਮ ਵਧਦਾ ਹੈ।

ਲੰਬੇ ਸਮੇਂ ਤੱਕ ਬੈਠਣ ਨਾਲ ਸਰੀਰ ਦੀ ਬਲੱਡ ਸ਼ੂਗਰ ਅਤੇ ਇੰਸੁਲਿਨ ਦੇ ਪੱਧਰਾਂ ਨੂੰ ਕੰਟਰੋਲ ਕਰਨ ਦੀ ਸਮਰੱਥਾ ਵਿੱਚ ਵੀ ਵਿਘਨ ਪੈਂਦਾ ਹੈ, ਜਿਸ ਨਾਲ ਟਾਈਪ 2 ਸ਼ੂਗਰ, ਚਿੰਤਾ ਅਤੇ ਤਣਾਅ, ਮੋਟਾਪਾ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ, ਬਲੱਡ ਪ੍ਰੈਸ਼ਰ ਅਤੇ ਕੋਲੇਸਟ੍ਰੋਲ ਦੇ ਪੱਧਰ ਵਿੱਚ ਵਾਧਾ, ਨਾਲ ਹੀ ਸਟ੍ਰੋਕ ਅਤੇ ਦਿਲ ਦੀ ਬਿਮਾਰੀ ਹੁੰਦੀ ਹੈ।

ਇੱਕ ਥਾਂ 'ਤੇ ਲੰਬੇ ਸਮੇਂ ਤੱਕ ਬੈਠਣ ਨਾਲ ਪਿੱਠ ਦੀਆਂ ਮਾਸਪੇਸ਼ੀਆਂ 'ਤੇ ਵੀ ਦਬਾਅ ਪੈਂਦਾ ਹੈ ਅਤੇ ਰੀੜ੍ਹ ਦੀ ਹੱਡੀ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਅਜਿਹੀ ਜੀਵਨ ਸ਼ੈਲੀ ਪਿੱਠ ਦਰਦ, ਗਰਦਨ ਦਰਦ, ਓਸਟੀਓਪੋਰੋਸਿਸ ਅਤੇ ਵੈਰੀਕੋਜ਼ ਨਾੜੀਆਂ ਵਰਗੀਆਂ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ।

### ਟਾਇਲਟ ਵਿੱਚ ਮੋਬਾਈਲ ਦੀ ਵਰਤੋਂ ਕਰਨ ਦੀ ਆਦਤ ਕਿਵੇਂ ਛੱਡੀ ਜਾਵੇ?

ਹੁਣ ਗੱਲ ਕਰਦੇ ਹਾਂ ਕਿ ਮੋਬਾਈਲ ਫ਼ੋਨ ਨੂੰ ਹਰ ਜਗ੍ਹਾ ਵਰਤਣ ਦੀ ਇਸ ਆਦਤ ਨੂੰ ਛੱਡਿਆ ਕਿਵੇਂ ਜਾਵੇ।

ਅਸੀਂ ਇਹ ਸਵਾਲ ਮੁੰਬਈ ਦੇ ਲੀਲਾਵਤੀ ਹਸਪਤਾਲ ਦੇ ਜਨਰਲ ਸਰਜਨ ਡਾਕਟਰ ਨਰਿੰਦਰ ਨਿਕਮ ਨੂੰ ਪੁੱਛਿਆ।

ਡਾਕਟਰ ਨਿਕਮ ਨੇ ਕਿਹਾ, "ਟਾਇਲਟ ਸੀਟ 'ਤੇ ਲੰਬੇ ਸਮੇਂ ਤੱਕ ਬੈਠਣ ਨਾਲ ਸਾਡੀਆਂ ਪੇਡੂ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਸ ਨਾਲ ਪਿਸ਼ਾਬ ਅਤੇ ਮਲ ਨੂੰ ਕੰਟਰੋਲ ਕਰਨ ਵਿੱਚ ਵੀ ਸਮੱਸਿਆਵਾਂ ਆਉਂਦੀਆਂ ਹਨ।"

"ਇਸ ਲਈ ਤੁਹਾਨੂੰ ਟਾਇਲਟ 'ਤੇ ਪੰਜ ਤੋਂ ਦਸ ਮਿੰਟ ਤੋਂ ਵੱਧ ਨਹੀਂ ਬਿਤਾਉਣੇ ਚਾਹੀਦੇ। ਸਰੀਰ ਦੇ ਇਸ ਹਿੱਸੇ 'ਤੇ ਜ਼ਿਆਦਾ ਤਣਾਅ ਨਾ ਪਾਓ। ਇਸ ਸਥਿਤੀ ਤੋਂ ਬਚਣ ਲਈ, ਤੁਹਾਨੂੰ ਹਰ ਰੋਜ਼ ਦੋ ਤੋਂ ਤਿੰਨ ਲੀਟਰ ਪਾਣੀ ਪੀਣਾ ਚਾਹੀਦਾ ਹੈ ਅਤੇ ਨਿਯਮਿਤ ਤੌਰ 'ਤੇ ਕਸਰਤ ਕਰਨੀ ਚਾਹੀਦੀ ਹੈ। ਤੁਹਾਡੀ ਖੁਰਾਕ ਵਿੱਚ ਫਾਈਬਰ ਦੀ ਮਾਤਰਾ ਜ਼ਿਆਦਾ ਹੋਣੀ ਚਾਹੀਦੀ ਹੈ।"

ਡਾਕਟਰ ਇਹ ਵੀ ਕਹਿੰਦੇ ਹਨ ਕਿ ਜੇਕਰ ਤੁਹਾਨੂੰ ਪੇਟ ਖਰਾਬ ਹੋਣ ਜਾਂ ਪੇਟ ਦਰਦ ਵਰਗੇ ਲੱਛਣ ਹਨ, ਜੋ ਦੋ ਦਿਨਾਂ ਤੋਂ ਵੱਧ ਸਮੇਂ ਤੱਕ ਰਹਿੰਦੇ ਹਨ, ਤਾਂ ਡਾਕਟਰ ਨੂੰ ਜ਼ਰੂਰ ਸੰਪਰਕ ਕਰੋ।

### ਫ਼ੋਨ ਫ੍ਰੀ ਜ਼ੋਨ

ਏਮਜ਼ ਹਸਪਤਾਲ, ਡੋਂਬੀਵਲੀ ਵਿਖੇ ਕੰਮ ਕਰਦੇ ਜਨਰਲ ਸਰਜਨ ਡਾਕਟਰ ਸ਼ਾਹਿਦ ਪਰਵੇਜ਼ ਵੀ ਕਈ ਗੱਲਾਂ ਵੱਲ ਧਿਆਨ ਦਿਵਾਉਂਦੇ ਹਨ।

ਉਹ ਕਹਿੰਦੇ ਹਨ, "ਬਵਾਸੀਰ ਜਾਂ ਇਸ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਸਿਰਫ ਘੱਟ ਰੇਸ਼ੇਦਾਰ ਭੋਜਨ ਖਾਣਾ ਨਹੀਂ ਹੈ ਸਗੋਂ ਲੰਬੇ ਸਮੇਂ ਤੱਕ ਟਾਇਲਟ ਸੀਟ 'ਤੇ ਬੈਠਣ ਅਤੇ ਉੱਥੇ ਫ਼ੋਨ ਦੀ ਵਰਤੋਂ ਕਰਨ ਵਰਗੀਆਂ ਆਦਤਾਂ ਵੀ ਇਸ ਦਾ ਕਾਰਨ ਬਣਦੀਆਂ ਹਨ।"

"ਇਸ ਨਾਲ ਗੁਦਾ ਦੇ ਨੇੜੇ ਨਾੜੀਆਂ 'ਤੇ ਦਬਾਅ ਪੈਂਦਾ ਹੈ ਅਤੇ ਵਿਅਕਤੀ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਬਵਾਸੀਰ ਵਿੱਚੋਂ ਖ਼ੂਨ ਵਗਣਾ ਸ਼ੁਰੂ ਹੋ ਜਾਵੇ ਤਾਂ ਇਹ ਬਹੁਤ ਪਰੇਸ਼ਾਨੀ ਵਾਲੀ ਗੱਲ ਹੈ। ਨਾਲ ਹੀ, ਜੇਕਰ ਮੋਬਾਈਲ ਫੋਨ 'ਤੇ ਮੌਜੂਦ ਕੀਟਾਣੂ ਤੁਹਾਡੇ ਚਿਹਰੇ ਅਤੇ ਹੱਥਾਂ ਦੇ ਸੰਪਰਕ ਵਿੱਚ ਆਉਂਦੇ ਹਨ, ਤਾਂ ਪੇਟ ਵਿੱਚ ਇਨਫੈਕਸ਼ਨ ਹੋਣ ਦੀ ਸੰਭਾਵਨਾ ਹੁੰਦੀ ਹੈ।"

ਡਾਕਟਰ ਪਰਵੇਜ਼ ਕਹਿੰਦੇ ਹਨ ਕਿ ਤੁਹਾਨੂੰ ਆਪਣੇ ਘਰ ਵਿੱਚ ਫ਼ੋਨ-ਮੁਕਤ ਜ਼ੋਨ ਬਣਾਉਣਾ ਚਾਹੀਦਾ ਹੈ। ਇਸ ਖੇਤਰ ਵਿੱਚ ਫ਼ੋਨਾਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਇਸ ਵਿੱਚ ਸੌਣ ਅਤੇ ਖਾਣ ਵਾਲੀ ਜਗ੍ਹਾ ਸ਼ਾਮਲ ਹੋਣੀ ਚਾਹੀਦੀ ਹੈ, ਅਤੇ ਤੁਸੀਂ ਟਾਇਲਟ ਵਿੱਚ ਆਪਣੇ ਫ਼ੋਨ ਦੀ ਵਰਤੋਂ ਨਾ ਕਰਕੇ ਵੀ ਅਨੁਸ਼ਾਸਨ ਲਾਗੂ ਕਰ ਸਕਦੇ ਹੋ।

ਉਨ੍ਹਾਂ ਦਾ ਕਹਿਣਾ ਹੈ ਕਿ ਤੁਸੀਂ ਫ਼ੋਨ ਦੀ ਵਰਤੋਂ ਨੂੰ ਸੀਮਿਤ ਕਰ ਸਕਦੇ ਹੋ। ਇਹ ਲਗਾਤਾਰ ਬੈਠਣ ਦੀ ਆਦਤ ਨੂੰ ਤੋੜਨ ਵਿੱਚ ਵੀ ਮਦਦ ਕਰ ਸਕਦਾ ਹੈ। ਪੜ੍ਹਾਈ ਦੌਰਾਨ ਬ੍ਰੇਕ ਲੈਣ ਲਈ ਤੁਸੀਂ ਆਪਣੀ ਕੁਰਸੀ ਤੋਂ ਉੱਠੋ ਅਤੇ ਆਪਣੀਆਂ ਲੱਤਾਂ-ਬਾਹਾਂ ਨੂੰ ਹਿਲਾਓ। ਇਸੇ ਤਰ੍ਹਾਂ ਜੇਕਰ ਤੁਸੀਂ ਸਕ੍ਰੀਨ ਦੀ ਵਰਤੋਂ ਕਰਕੇ ਕੰਮ ਕਰ ਰਹੇ ਹੋ ਤਾਂ ਆਪਣੀਆਂ ਅੱਖਾਂ ਨੂੰ ਆਰਾਮ ਦੇਣ ਲਈ ਕੁਝ ਕਰ ਸਕਦੇ ਹੋ।

### ਕਬਜ ਕਾਰਨ ਬਵਾਸੀਰ ਅਤੇ ਹੋਰ ਗੰਭੀਰ ਦਿੱਕਤਾਂ

ਕਬਜ ਜਾਂ ਸਮੁੱਚੀ ਮਲ ਤਿਆਗ ਪ੍ਰਕਿਰਿਆ ਵਿੱਚ ਰੁਕਾਵਟ ਹੇਠ ਲਿਖੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਇੱਕ ਵਾਰ ਪਾਚਨ ਕਿਰਿਆ ਵਿਗੜ ਜਾਣ 'ਤੇ ਗੁਦਾ 'ਤੇ ਦਬਾਅ ਪੈਂਦਾ ਹੈ, ਜਿਸ ਨਾਲ ਬਵਾਸੀਰ ਹੋ ਸਕਦੀ ਹੈ ਅਤੇ ਗੁਦਾ ਦੇ ਟਿਸ਼ੂਆਂ 'ਤੇ ਦਰਾਰਾਂ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਖਾਸ ਕਰਕੇ 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਇਹ ਸਮੱਸਿਆ ਹੁੰਦੀ ਹੈ।

ਇਨ੍ਹਾਂ ਮਰੀਜ਼ਾਂ ਵਿੱਚ ਬਵਾਸੀਰ ਅਤੇ ਐਨਲ ਫਿਸ਼ਰ (ਗੁਦਾ ਦੇ ਟਿਸ਼ੂਆਂ 'ਤੇ ਦਰਾਰਾਂ) ਵਰਗੀਆਂ ਦਿੱਕਤਾਂ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਅਕਸਰ ਗੰਭੀਰ ਮਾਮਲਿਆਂ ਵਿੱਚ, ਗੁਦਾ 'ਤੇ ਜ਼ਿਆਦਾ ਦਬਾਅ ਦੇ ਕਾਰਨ ਹੋਈ ਕਬਜ ਖ਼ੂਨ ਦੇ ਥੱਕੇ ਦਾ ਕਾਰਨ ਬਣ ਸਕਦੀ ਹੈ। ਜਿਸ ਨਾਲ ਦਿਲ ਦਾ ਦੌਰਾ ਅਤੇ ਸਟ੍ਰੋਕ ਦਾ ਖ਼ਤਰਾ ਵਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ, ਭਵਿੱਖ ਵਿੱਚ ਹੋਣ ਵਾਲੀਆਂ ਪੇਚੀਦਗੀਆਂ ਤੋਂ ਬਚਣ ਲਈ ਕਬਜ ਦਾ ਤੁਰੰਤ ਇਲਾਜ ਕਰਨਾ ਮਹੱਤਵਪੂਰਨ ਹੈ।

ਜਦੋਂ ਅੰਤੜੀਆਂ ਇੱਕ ਹਫ਼ਤੇ ਜਾਂ ਵੱਧ ਸਮੇਂ ਲਈ ਸਾਫ਼ ਨਹੀਂ ਹੁੰਦੀਆਂ ਤਾਂ ਇਸ ਨੂੰ ਲੰਮੇ ਸਮੇਂ ਵਾਲੀ ਕਬਜ ਕਿਹਾ ਜਾਂਦਾ ਹੈ। ਇਸ ਦੇ ਲੱਛਣਾਂ ਵਿੱਚ ਪੇਟ ਫੁੱਲਣਾ, ਪੇਟ ਵਿੱਚ ਦਰਦ, ਮਲ ਤਿਆਗਣ ਵੇਲੇ ਖਿਚਾਅ, ਅਤੇ ਮਲ ਪੂਰੀ ਤਰ੍ਹਾਂ ਨਾਲ ਨਿਕਾਸ ਨਾ ਹੋਣ ਦੀਆਂ ਸਮੱਸਿਆ ਸ਼ਾਮਲ ਹਨ।

ਜੇਕਰ ਤੁਰੰਤ ਇਲਾਜ ਨਾ ਕੀਤਾ ਜਾਵੇ, ਤਾਂ ਬਹੁਤ ਜ਼ਿਆਦਾ ਦਬਾਅ ਗੁਦਾ ਦੇ ਟਿਸ਼ੂਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਜਿਸ ਨਾਲ ਬਵਾਸੀਰ ਅਤੇ ਦਰਾਰਾਂ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜੋ ਦਰਦ ਅਤੇ ਖ਼ੂਨ ਵਗਣ ਦਾ ਕਾਰਨ ਬਣਦੀਆਂ ਹਨ।

ਇਸ ਬਾਰੇ ਹੋਰ ਜਾਣਕਾਰੀ ਲਈ ਅਸੀਂ ਹੋਰ ਡਾਕਟਰਾਂ ਨਾਲ ਵੀ ਗੱਲਬਾਤ ਕੀਤੀ।

ਮੁੰਬਈ ਦੇ ਅਪੋਲੋ ਸਪੈਕਟਰਾ ਹਸਪਤਾਲ ਦੇ ਜਨਰਲ ਸਰਜਨ ਡਾਕਟਰ ਲੈਕਿਨ ਵੀਰਾ ਨੇ ਕਿਹਾ, "ਪੁਰਾਣੀ ਕਬਜ ਦੇ ਕਾਰਨ – ਖੁਰਾਕ ਵਿੱਚ ਫਾਈਬਰ ਦੀ ਘਾਟ, ਕਸਰਤ ਦੀ ਘਾਟ, ਪ੍ਰੋਸੈਸਡ ਭੋਜਨਾਂ ਦਾ ਸੇਵਨ, ਕੁਝ ਦਵਾਈਆਂ, ਚਿੜਚਿੜਾ ਆਂਤ ਸਿੰਡਰੋਮ ਗਰਭ ਅਵਸਥਾ ਅਤੇ ਬੁਢਾਪੇ ਦੌਰਾਨ ਅੰਤੜੀਆਂ ਵਿੱਚ ਰੁਕਾਵਟਾਂ ਹਨ।"

ਉਨ੍ਹਾਂ ਦੱਸਿਆ ਕਿ "ਪੁਰਾਣੀ ਕਬਜ, ਗੁਦਾ ਵਿੱਚ ਨਾੜੀਆਂ 'ਤੇ ਵਾਧੂ ਦਬਾਅ ਪਾਉਂਦੀ ਹੈ, ਜਿਸ ਨਾਲ ਸੋਜ ਅਤੇ ਬਵਾਸੀਰ ਹੁੰਦੀ ਹੈ। ਲਗਾਤਾਰ ਤਣਾਅ ਮਰੀਜ਼ ਦੇ ਗੁਦਾ ਵਿੱਚ ਅਲਸਰ ਜਾਂ ਜਖਮ ਦਾ ਕਾਰਨ ਵੀ ਬਣ ਸਕਦਾ ਹੈ। ਇਹ ਅਲਸਰ ਗੁਦਾ ਦੇ ਅੰਦਰ ਅਤੇ ਬਾਹਰ ਦੋਵੇਂ ਤਰ੍ਹਾਂ ਹੋ ਸਕਦੇ ਹਨ। ਜੇਕਰ ਸਥਿਤੀ ਹੋਰ ਗੰਭੀਰ ਹੋ ਜਾਂਦੀ ਹੈ, ਤਾਂ ਇਹ ਖ਼ੂਨ ਵਗਣ ਅਤੇ ਦਰਦ ਦਾ ਕਾਰਨ ਵੀ ਬਣ ਸਕਦੇ ਹਨ।"

ਡਾਕਟਰ ਵੀਰਾ ਕਹਿੰਦੇ ਹਨ, "45-65 ਸਾਲ ਦੀ ਉਮਰ ਦੇ ਲਗਭਗ 20 ਫੀਸਦੀ ਲੋਕ ਕਬਜ ਦੀ ਸ਼ਿਕਾਇਤ ਨਾਲ ਹਸਪਤਾਲ ਵਿੱਚ ਦਾਖਲ ਹੁੰਦੇ ਹਨ। ਹਰ ਰੋਜ਼, 10 ਵਿੱਚੋਂ 2 ਲੋਕ ਕਬਜ ਤੋਂ ਪੀੜਤ ਹੁੰਦੇ ਹਨ, ਜਿਸ ਨਾਲ ਗੁਦਾ 'ਤੇ ਦਬਾਅ ਪੈਂਦਾ ਹੈ ਅਤੇ ਉਨ੍ਹਾਂ ਨੂੰ ਬਵਾਸੀਰ ਅਤੇ ਫਿਸ਼ਰ ਦਾ ਜੋਖ਼ਮ ਵਧ ਜਾਂਦਾ ਹੈ। ਮਰੀਜ਼ਾਂ ਨੂੰ ਬਵਾਸੀਰ ਅਤੇ ਫਿਸ਼ਰ ਵਿਚਕਾਰ ਆਪਸੀ ਸਬੰਧਾਂ ਬਾਰੇ ਜਾਣੂ ਕਰਵਾਉਂਦੇ ਹੋਏ, ਸਟੂਲ ਸਾਫਟਨਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।"

ਇਸ ਤੋਂ ਬਾਅਦ ਮੁੰਬਈ ਦੇ ਜ਼ੈਨੋਵਾ ਸ਼ਾਲਬੀ ਹਸਪਤਾਲ ਦੇ ਜਨਰਲ ਅਤੇ ਲੈਪਰੋਸਕੋਪਿਕ ਸਰਜਨ ਡਾਕਟਰ ਹੇਮੰਤ ਪਟੇਲ ਨੇ ਕਿਹਾ ਕਿ ਇਸ ਸਮੇਂ ਸਾਡੇ ਕੋਲ ਆਉਣ ਵਾਲੇ ਜ਼ਿਆਦਾਤਰ ਮਰੀਜ਼ ਕਬਜ ਤੋਂ ਪੀੜਤ ਹਨ।

ਉਨ੍ਹਾਂ ਦੱਸਿਆ ਕਿ 45 ਤੋਂ 65 ਸਾਲ ਦੀ ਉਮਰ ਦੇ ਲਗਭਗ 15 ਫੀਸਦੀ ਲੋਕਾਂ ਨੂੰ ਰੋਜ਼ਾਨਾ ਕਬਜ, ਪੇਟ ਫੁੱਲਣਾ ਅਤੇ ਪੇਟ ਦਰਦ ਦੀਆਂ ਸ਼ਿਕਾਇਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਡਾਕਟਰ ਪਟੇਲ ਮੁਤਾਬਕ, "ਕਬਜ ਦਾ ਸਮੇਂ ਸਿਰ ਇਲਾਜ ਬਵਾਸੀਰ ਅਤੇ ਫਿਸ਼ਰ ਵਰਗੀਆਂ ਸਮੱਸਿਆਵਾਂ ਨੂੰ ਰੋਕ ਸਕਦਾ ਹੈ। ਕੇਲੇ, ਸੇਬ, ਚੀਆ ਬੀਜ, ਗਾਜਰ ਅਤੇ ਚੁਕੰਦਰ ਸਮੇਤ ਫਾਈਬਰ ਨਾਲ ਭਰਪੂਰ ਖੁਰਾਕ, ਨਿਯਮਤ ਸਰੀਰਕ ਗਤੀਵਿਧੀ, ਅਤੇ ਚੰਗੀ ਮਾਤਰਾ ਵਿੱਚ ਪਾਣੀ ਪੀਣ ਨਾਲ ਅੰਤੜੀਆਂ ਦੇ ਕੰਮ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲਦੀ ਹੈ।"

ਉਹ ਕਹਿੰਦੇ ਹਨ ਕਿ "ਮਲ ਤਿਆਗਣ ਦੌਰਾਨ ਵਧੇਰੇ ਦਬਾਅ ਨਹੀਂ ਦੇਣਾ ਚਾਹੀਦਾ ਅਤੇ ਆਪਣੀ ਖੁਰਾਕ ਵਿੱਚ ਪ੍ਰੋਬਾਇਓਟਿਕਸ ਨੂੰ ਸ਼ਾਮਲ ਕਰਨ ਚਾਹੀਦਾ ਹੈ ਤਾਂ ਜੋ ਅੰਤੜੀਆਂ ਦੀ ਚੰਗੀ ਸਿਹਤ ਬਣਾਈ ਰੱਖਣ ਵਿੱਚ ਮਦਦ ਮਿਲ ਸਕੇ। ਸਮੇਂ ਸਿਰ ਇਲਾਜ ਲੰਬੇ ਸਮੇਂ ਲਈ ਹੋਣ ਵਾਲੀਆਂ ਸਮੱਸਿਆਵਾਂ ਨੂੰ ਰੋਕ ਸਕਦਾ ਹੈ ਅਤੇ ਬਵਾਸੀਰ ਅਤੇ ਗੁਦਾ ਦੇ ਟਿਸ਼ੂ ਨੂੰ ਨੁਕਸਾਨ ਵਰਗੀਆਂ ਪੇਚੀਦਗੀਆਂ ਦੇ ਜੋਖਮ ਨੂੰ ਘਟਾ ਸਕਦਾ ਹੈ।"

ਬੇਸ਼ੱਕ, ਜੇਕਰ ਤੁਸੀਂ ਆਪਣੀ ਜੀਵਨ ਸ਼ੈਲੀ ਵਿੱਚ ਕੋਈ ਮਹੱਤਵਪੂਰਨ ਬਦਲਾਅ ਲਿਆਉਣਾ ਚਾਹੁੰਦੇ ਹੋ, ਆਪਣੀ ਖੁਰਾਕ ਬਦਲਣਾ ਚਾਹੁੰਦੇ ਹੋ, ਜਾਂ ਸਰੀਰਕ ਕਸਰਤ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ ਡਾਕਟਰ ਅਤੇ ਮਾਹਿਰ ਟ੍ਰੇਨਰ ਦੀ ਮਦਦ ਲੈਣਾ ਜ਼ਰੂਰੀ ਹੈ। ਡਾਕਟਰ ਤੋਂ ਆਪਣੇ ਸਰੀਰ ਅਤੇ ਲੱਛਣਾਂ ਦੀ ਸਹੀ ਢੰਗ ਨਾਲ ਜਾਂਚ ਕਰਵਾਉਣਾ ਅਤੇ ਉਨ੍ਹਾਂ ਦੀ ਸਲਾਹ ਦੇ ਆਧਾਰ 'ਤੇ ਜੀਵਨਸ਼ੈਲੀ ਵਿੱਚ ਬਦਲਾਅ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ।



## ਦੁਨੀਆਦਾਰੀ



# ਅਮਰੀਕਾ-ਇਜ਼ਰਾਇਲ ਵਿਰੁੱਧ ਈਰਾਨ: ਹਜ਼ਾਰਾਂ ਮੌਤਾਂ, ਪਰ ਅਸਲ ਅੰਕੜੇ ਅਜੇ ਵੀ ਅਸਪਸ਼ਟ!



ਈਰਾਨ ਦੇ ਨਾਲ ਅਮਰੀਕਾ-ਈਜ਼ਰਾਇਲ ਦੀ ਜੰਗ ਖ਼ਤਮ ਕਰਨ ਦੇ ਲਈ ਹੁਣ ਸਮਝੌਤਾ ਹੋ ਗਿਆ ਹੈ ਅਤੇ ਅਧਿਕਾਰਤ ਅੰਕੜੇ ਦੱਸਦੇ ਹਨ ਕਿ ਫਰਵਰੀ ਤੋਂ ਸ਼ੁਰੂ ਹੋਈ ਇਸ ਜੰਗ ਵਿੱਚ ਪੂਰੇ ਮੱਧ ਪੂਰਬ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ।

28 ਫਰਵਰੀ ਤੋਂ ਈਰਾਨ ਅਤੇ ਲੇਬਨਾਨ ਵਿੱਚ 7,300 ਤੋਂ ਜ਼ਿਆਦਾ ਲੋਕ ਮਾਰੇ ਗਏ ਹਨ।

ਦੋਵੇਂ ਦੇਸ਼ਾਂ ਦੀਆਂ ਅਧਿਕਾਰਤ ਰਿਪੋਰਟਾਂ ਅਨੁਸਾਰ ਇਨ੍ਹਾਂ ਵਿੱਚ ਸੈਂਕੜੇ ਬੱਚੇ ਅਤੇ ਦਰਜਨਾਂ ਸਿਹਤ ਕਰਮੀ ਸ਼ਾਮਲ ਹਨ। ਇਸ ਤੋਂ ਇਲਾਵਾ ਇਲਾਕੇ ਦੇ ਹੋਰ ਹਿੱਸਿਆਂ ਵਿੱਚ ਕਈ ਲੋਕ ਮਾਰੇ ਗਏ ਹਨ।

ਹਾਲਾਂਕਿ ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਲਗਭਗ ਨਿਸ਼ਚਿਤ ਰੂਪ ਤੋਂ ਘੱਟ ਹਨ।

ਮਾਹਰਾਂ ਨੇ ਬੀਬੀਸੀ ਵੈਰੀਫਾਈ ਨੂੰ ਦੱਸਿਆ ਕਿ ਇੰਟਰਨੈੱਟ, ਮੀਡੀਆ ਅਤੇ ਸਰਕਾਰੀ ਪਾਬੰਦੀਆਂ ਦੇ ਨਾਲ-ਨਾਲ ਕੁਝ ਖੇਤਰਾਂ ਵਿੱਚ ਹਥਿਆਰਬੰਦ ਸਮੂਹਾਂ ਦੀ ਮੌਜੂਦਗੀ ਦੇ ਕਾਰਨ ਅਵਿਸ਼ਵਾਸਯੋਗ ਅੰਕੜਿਆਂ ਅਤੇ ਪਾਬੰਦੀਆਂ ਦੇ ਕਾਰਨ ਸਹੀ ਰਿਪੋਰਟ ਸਾਹਮਣੇ ਨਹੀਂ ਆ ਰਹੀ ਹੈ।

ਯੂਕੇ ਸਥਿਤ ਚੈਰਿਟੀ 'ਐਕਸ਼ਨ ਆਨ ਆਰਮਡ ਵਾਇਲੈਂਸ' ਦੇ ਕਾਰਜਕਾਰੀ ਨਿਰਦੇਸ਼ਕ ਡਾਕਟਰ ਇਆਨ ਓਵਰਟਨ ਨੇ ਕਿਹਾ ਕਿ ਕਈ ਦੇਸ਼ਾਂ ਵਿੱਚ ਚੱਲ ਰਹੇ ਟਕਰਾਅ ਦਾ ਮਤਲਬ ਹੈ ਕਿ ਮਾਰੇ ਗਏ ਲੋਕਾਂ ਦੇ ਅੰਕੜੇ "ਅਕਸਰ ਅਧੂਰੇ, ਦੇਰੀ ਨਾਲ ਮਿਲਦੇ ਹਨ ਜਾਂ ਇਨ੍ਹਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕਰਨਾ ਅਸੰਭਵ" ਹੁੰਦਾ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ 'ਅੰਤਿਮ ਮੌਤਾਂ ਦਾ ਅੰਕੜਾ ਸ਼ਾਇਦ ਸੰਘਰਸ਼ ਖਤਮ ਹੋਣ ਦੇ ਸਾਲਾਂ ਬਾਅਦ ਵੀ ਵਿਵਾਦਤ ਰਹੇਗਾ।'

### ਈਰਾਨ

ਈਰਾਨੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਦੀ ਸ਼ੁਰੂਆਤ ਤੋਂ ਅਪ੍ਰੈਲ ਦੇ ਮੱਧ ਤੱਕ ਘੱਟੋ-ਘੱਟ 3,468 ਈਰਾਨੀ ਮਾਰੇ ਗਏ, ਜਿਨ੍ਹਾਂ ਵਿੱਚ 499 ਔਰਤਾਂ ਸ਼ਾਮਲ ਸਨ।

ਸਰਕਾਰੀ ਸਮਾਚਾਰ ਏਜੰਸੀ ਆਈਆਰਐੱਨਏ ਨੇ 26 ਅਪ੍ਰੈਲ ਨੂੰ ਰਿਪੋਰਟ ਦਿੱਤੀ ਕਿ ਇਸ ਅੰਕੜੇ ਵਿੱਚ 1,460 ਨਾਗਰਿਕ ਅਤੇ 2,008 ਫੌਜੀ ਕਰਮਚਾਰੀ ਸ਼ਾਮਲ ਹਨ।

ਪਰ ਯੂਐਸ-ਅਧਾਰਤ ਮਨੁੱਖੀ ਅਧਿਕਾਰ ਕਾਰਕੁਨ ਸਮਾਚਾਰ ਏਜੰਸੀ ਐੱਚਆਰਏਐੱਨਏ ਨੇ ਕਿਹਾ ਕਿ ਉਨ੍ਹਾਂ ਦੇ ਅਨੁਸਾਰ ਇਹ ਅੰਕੜਾ ਵੱਡਾ ਹੈ, 3,636 ਮੌਤਾਂ ਹੋਈਆਂ ਹਨ।

18 ਮਈ ਨੂੰ ਜਾਰੀ ਕੀਤੀ ਇੱਕ ਰਿਪੋਰਟ ਵਿੱਚ ਐੱਚਆਰਏਐੱਨਏ ਨੇ ਕਿਹਾ ਕਿ ਉਨ੍ਹਾਂ ਦੇ ਅੰਕੜਿਆਂ ਵਿੱਚ 1,701 ਨਾਗਰਿਕ ਸ਼ਾਮਲ ਹਨ, ਜਿਨ੍ਹਾਂ ਵਿੱਚ 307 ਬੱਚੇ, 1,221 ਫੌਜੀ ਕਰਮਚਾਰੀ ਅਤੇ 714 ਲੋਕ ਸ਼ਾਮਲ ਹਨ ਜਿਨ੍ਹਾਂ ਦੀ ਪਛਾਣ ਜਾਂ ਸਥਿਤੀ ਦੀ ਪੁਸ਼ਟੀ ਨਹੀਂ ਹੋ ਸਕੀ।

ਸੰਸਥਾ ਨੇ ਕਿਹਾ ਕਿ ਉਨ੍ਹਾਂ ਦੁਆਰਾ ਦਰਜ ਕੀਤੇ ਗਏ ਅੰਕੜਿਆਂ ਨੂੰ 'ਘੱਟੋ-ਘੱਟ' ਮੰਨੇ ਜਾਣ ਕਿਉਂਕਿ ਮੌਤਾਂ ਬਾਰੇ ਜਾਣਕਾਰੀ ਇਕੱਠੀ ਕਰਨਾ ਬੇਹੱਦ ਮੁਸ਼ਕਲ ਰਿਹਾ ਹੈ।

ਇਸਦਾ ਕਾਰਨ ਮੌਕਿਆਂ ਤੱਕ ਪਹੁੰਚਣ ਵਿੱਚ ਮੁਸ਼ਕਲ, ਸਰਕਾਰ ਦੁਆਰਾ ਲਗਾਏ ਗਏ ਇੰਟਰਨੈੱਟ ਬਲੈਕਆਉਟ ਅਤੇ ਰਾਜਨੀਤਿਕ ਦਮਨ ਹੈ।

ਸੰਸਥਾ ਦੇ ਡਿਪਟੀ ਡਾਇਰੈਕਟਰ, ਸਕਾਈਲਰ ਥੌਮਸਨ ਨੇ ਕਿਹਾ, "ਅਧਿਕਾਰੀਆਂ ਵੱਲੋਂ ਮਾਰੇ ਗਏ ਲੋਕਾਂ ਬਾਰੇ ਜਾਣਕਾਰੀ ਅਕਸਰ ਰੋਕੀ ਜਾਂਦੀ ਹੈ ਅਤੇ ਪਰਿਵਾਰਾਂ 'ਤੇ ਮੌਤ ਦੇ ਹਾਲਾਤਾਂ ਬਾਰੇ ਜਨਤਕ ਤੌਰ 'ਤੇ ਨਾ ਬੋਲਣ ਲਈ ਦਬਾਅ ਪਾਇਆ ਜਾ ਸਕਦਾ ਹੈ।"

ਈਰਾਨੀ ਅਧਿਕਾਰੀਆਂ ਨੇ ਅਮਰੀਕਾ ਅਤੇ ਇਜ਼ਰਾਈਲ 'ਤੇ ਦੇਸ਼ ਭਰ ਦੇ ਨਾਗਰਿਕ ਢਾਂਚੇ ਨੂੰ ਨਿਸ਼ਾਨਾ ਬਣਾਉਣ ਦਾ ਇਲਜ਼ਾਮ ਲਗਾਇਆ ਹੈ।

ਕਈ ਜਾਂਚਾਂ ਵਿੱਚ ਪਾਇਆ ਗਿਆ ਕਿ ਯੁੱਧ ਦੇ ਪਹਿਲੇ ਦਿਨ, ਇੱਕ ਅਮਰੀਕੀ ਮਿਜ਼ਾਈਲ ਹਮਲੇ ਨੇ ਮਿਨਾਬ ਸ਼ਹਿਰ ਦੇ ਇੱਕ ਸਕੂਲ ਨੂੰ ਨਿਸ਼ਾਨਾ ਬਣਾਇਆ ਸੀ।

ਈਰਾਨੀ ਅਧਿਕਾਰੀਆਂ ਦੇ ਅਨੁਸਾਰ, ਹਮਲੇ ਵਿੱਚ 168 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ 110 ਬੱਚੇ ਵੀ ਸ਼ਾਮਲ ਸਨ। ਅਮਰੀਕੀ ਫੌਜ ਨੇ ਕਿਹਾ ਹੈ ਕਿ ਉਹ ਇਸ ਘਟਨਾ ਦੀ ਜਾਂਚ ਕਰ ਰਹੀ ਹੈ।

ਕੁਝ ਦਿਨਾਂ ਬਾਅਦ, ਈਰਾਨੀ ਅਧਿਕਾਰੀਆਂ ਨੇ ਕਿਹਾ ਕਿ ਕੁੜੀਆਂ ਦੇ ਵਾਲੀਬਾਲ ਮੈਚ ਦੌਰਾਨ ਲਾਮੇਰਦ ਸ਼ਹਿਰ ਦੇ ਇੱਕ ਸਪੋਰਟਸ ਹਾਲ ਵਿੱਚ ਇੱਕ ਮਿਜ਼ਾਈਲ ਡਿੱਗਣ ਨਾਲ 20 ਲੋਕ ਮਾਰੇ ਗਏ ਸਨ।

ਅਮਰੀਕਾ ਨੇ ਹਮਲੇ ਦੀ ਜ਼ਿੰਮੇਵਾਰੀ ਤੋਂ ਇਨਕਾਰ ਕੀਤਾ ਹੈ ਪਰ ਮਾਹਰਾਂ ਨੇ ਬੀਬੀਸੀ ਵੈਰੀਫਾਈ ਨੂੰ ਦੱਸਿਆ ਕਿ ਇਸ ਹਮਲੇ ਵਿੱਚ ਅਮਰੀਕੀ-ਨਿਰਮਿਤ ਪ੍ਰੀਸੀਜ਼ਨ ਸਟ੍ਰਾਈਕ ਮਿਜ਼ਾਈਲ (ਪੀਆਰਐੱਸਐੱਮ) ਦੀ ਵਰਤੋਂ ਦੀ ਸੰਭਾਵਨਾ ਹੈ।

### ਲੇਬਨਾਨ

ਈਰਾਨ ਦੇ ਸਰਵਉੱਚ ਨੇਤਾ ਦੀ ਹੱਤਿਆ ਤੋਂ ਬਾਅਦ ਹਿਜ਼ਬੁੱਲਾ ਨੇ 2 ਮਾਰਚ ਨੂੰ ਇਜ਼ਰਾਈਲ 'ਤੇ ਰਾਕੇਟ ਦਾਗੇ, ਜਿਸ ਨਾਲ ਟਕਰਾਅ ਮੁੜ ਸ਼ੁਰੂ ਹੋ ਗਿਆ। ਜਵਾਬ ਵਿੱਚ, ਇਜ਼ਰਾਈਲ ਨੇ ਦੱਖਣੀ ਲੇਬਨਾਨ ਵਿੱਚ ਹਵਾਈ ਹਮਲੇ ਅਤੇ ਜ਼ਮੀਨੀ ਕਾਰਵਾਈਆਂ ਦੀ ਮੁਹਿੰਮ ਸ਼ੁਰੂ ਕੀਤੀ।

ਲੇਬਨਾਨ ਦੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਦੋਂ ਤੋਂ ਇਜ਼ਰਾਈਲੀ ਹਮਲਿਆਂ ਵਿੱਚ 3,912 ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 366 ਔਰਤਾਂ ਅਤੇ 247 ਬੱਚੇ ਸ਼ਾਮਲ ਹਨ।

ਪਰ ਸਪੱਸ਼ਟ ਨਹੀਂ ਹੈ ਕਿ ਮਾਰੇ ਗਏ ਲੋਕਾਂ ਵਿੱਚੋਂ ਕਿੰਨੇ ਹਿਜ਼ਬੁੱਲਾ ਲੜਾਕੇ ਹਨ।

ਬੀਬੀਸੀ ਵੈਰੀਫਾਈ ਨੇ ਸਿਹਤ ਮੰਤਰਾਲੇ ਨਾਲ ਸੰਪਰਕ ਕੀਤਾ ਪਰ ਕੋਈ ਜਵਾਬ ਨਹੀਂ ਮਿਲਿਆ।

ਹਿਜ਼ਬੁੱਲਾ ਨੇ ਆਪਣੇ ਅੰਕੜੇ ਜਾਰੀ ਨਹੀਂ ਕੀਤੇ ਹਨ ਪਰ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਈਰਾਨ ਨਾਲ ਟਕਰਾਅ ਸ਼ੁਰੂ ਹੋਣ ਤੋਂ ਬਾਅਦ 3,000 ਲੜਾਕੇ ਮਾਰੇ ਗਏ ਹਨ।

ਮਾਰਚ ਦੇ ਸ਼ੁਰੂ ਵਿੱਚ ਲੇਬਨਾਨ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਪੂਰਬੀ ਬੇਕਾ ਘਾਟੀ ਦੇ ਇੱਕ ਕਸਬੇ ਵਿੱਚ ਇੱਕ ਵੱਡੇ ਇਜ਼ਰਾਈਲੀ ਹਵਾਈ ਅਤੇ ਜ਼ਮੀਨੀ ਕਾਰਵਾਈ ਦੌਰਾਨ 41 ਲੋਕ ਮਾਰੇ ਗਏ ਸਨ।

ਆਈਡੀਐੱਫ ਨੇ ਕਿਹਾ ਕਿ ਉਸਦੇ ਸੈਨਿਕ ਇੱਕ ਇਜ਼ਰਾਈਲੀ ਹਵਾਈ ਸੈਨਾ ਦੇ ਜਵਾਨ ਦੀ ਲਾਸ਼ ਨੂੰ ਬਰਾਮਦ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਜੋ 40 ਸਾਲ ਪਹਿਲਾਂ ਲੇਬਨਾਨ ਵਿੱਚ ਲਾਪਤਾ ਹੋ ਗਿਆ ਸੀ, ਪਰ ਲੇਬਨਾਨੀ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਤਿੰਨ ਸੈਨਿਕ ਮਾਰੇ ਗਏ, ਨਾਲ ਹੀ ਕਈ ਨਾਗਰਿਕ ਅਤੇ ਬੱਚੇ ਵੀ।

ਲੇਬਨਾਨੀ ਅਧਿਕਾਰੀਆਂ ਦੇ ਅਨੁਸਾਰ, 8 ਅਪ੍ਰੈਲ ਨੂੰ ਵੱਡੇ ਪੱਧਰ 'ਤੇ ਇਜ਼ਰਾਈਲੀ ਹਮਲਿਆਂ ਦੌਰਾਨ ਸਿਰਫ 10 ਮਿੰਟਾਂ ਵਿੱਚ ਘੱਟੋ-ਘੱਟ 361 ਲੋਕ ਮਾਰੇ ਗਏ ਸਨ। ਆਈਡੀਐਫ ਨੇ ਕਿਹਾ ਕਿ ਉਸ ਨੇ 250 ਹਿਜ਼ਬੁੱਲਾ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ। ਲੇਬਨਾਨ ਦੇ ਸਿਹਤ ਮੰਤਰਾਲੇ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਮਾਰੇ ਗਏ ਲੋਕਾਂ ਵਿੱਚੋਂ ਵੱਡੀ ਗਿਣਤੀ ਆਮ ਨਾਗਰਿਕ ਸਨ।

ਇਸ ਦੌਰਾਨ, ਸੰਯੁਕਤ ਰਾਸ਼ਟਰ ਨੇ ਕਿਹਾ ਕਿ ਲੇਬਨਾਨ ਵਿੱਚ ਉਸਦੇ ਸੱਤ ਸ਼ਾਂਤੀ ਰੱਖਿਅਕ ਵੀ ਮਾਰੇ ਗਏ ਹਨ, ਜਿਸ ਵਿੱਚ ਸਭ ਤੋਂ ਤਾਜ਼ਾ ਘਟਨਾ 4 ਜੂਨ ਨੂੰ ਵਾਪਰੀ ਹੈ।

ਇਜ਼ਰਾਇਲ ਦੀ ਇਹ ਮੁਹਿੰਮ ਵੱਡੀ ਗਿਣਤੀ ਵਿੱਚ ਨਾਗਰਿਕਾਂ ਦੇ ਮਾਰੇ ਜਾਣ ਕਾਰਨ ਗੰਭੀਰ ਆਲੋਚਨਾ ਦਾ ਸ਼ਿਕਾਰ ਹੋਈ ਹੈ। ਮੰਗਲਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਈਡੀਐੱਫ ਦੀਆਂ ਕਾਰਵਾਈਆਂ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ "ਬਹੁਤ ਸਾਰੇ ਲੋਕ ਮਾਰੇ ਗਏ ਹਨ।"

ਪੈਰਿਸ ਵਿੱਚ ਜੀ7 ਸੰਮੇਲਨ ਵਿੱਚ ਬੋਲਦੇ ਹੋਏ ਟਰੰਪ ਨੇ ਕਿਹਾ, "ਤੁਹਾਨੂੰ ਹਰ ਵਾਰ ਕਿਸੇ ਨੂੰ ਲੱਭਦੇ ਸਮੇਂ ਅਪਾਰਟਮੈਂਟ ਇਮਾਰਤ ਨੂੰ ਢਾਹ ਦੇਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਬਹੁਤ ਸਾਰੇ ਲੋਕ ਉਨ੍ਹਾਂ ਅਪਾਰਟਮੈਂਟਾਂ ਵਿੱਚ ਰਹਿੰਦੇ ਹਨ ਅਤੇ ਉਹ ਸਾਰੇ ਹਿਜ਼ਬੁੱਲਾ ਨਹੀਂ ਹਨ।"

### ਇਜ਼ਰਾਇਲ

ਇਜ਼ਰਾਈਲੀ ਅਧਿਕਾਰੀਆਂ ਨੇ ਦੱਸਿਆ ਕਿ 18 ਜੂਨ ਤੱਕ 60 ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੌਤਾਂ ਈਰਾਨੀ ਹਮਲਿਆਂ ਅਤੇ ਹਿਜ਼ਬੁੱਲਾ ਨਾਲ ਲੜਾਈ ਕਾਰਨ ਹੋਈਆਂ ਸਨ।

ਸਰਕਾਰੀ ਅੰਕੜਿਆਂ ਅਨੁਸਾਰ, ਇਸ ਗਿਣਤੀ ਵਿੱਚ 29 ਨਾਗਰਿਕ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 21 ਈਰਾਨੀ ਮਿਜ਼ਾਈਲ ਹਮਲਿਆਂ ਵਿੱਚ ਮਾਰੇ ਗਏ ਸਨ, ਬਾਕੀ 31 ਆਈਡੀਐਫ ਸੈਨਿਕ ਲੜਾਈ ਵਿੱਚ ਮਾਰੇ ਗਏ। ਇੱਕ ਵਿਅਕਤੀ ਦੀ ਮੌਤ ਦੁਰਘਟਨਾ ਵਿੱਚ 'ਫ੍ਰੈਂਡਲੀ ਫਾਇਰ' ਘਟਨਾ ਵਿੱਚ ਹੋਈ।

ਇਜ਼ਰਾਈਲ ਨੇ ਈਰਾਨ 'ਤੇ ਆਬਾਦੀ ਵਾਲੇ ਖੇਤਰਾਂ ਵਿੱਚ ਕਲੱਸਟਰ ਬੰਬਾਂ ਦੀ ਵਰਤੋਂ ਕਰਨ ਦਾ ਵਾਰ-ਵਾਰ ਇਲਜ਼ਾਮ ਲਗਾਇਆ ਹੈ। ਆਈਡੀਐੱਫ ਨੇ ਕਿਹਾ ਕਿ ਇੱਕ ਘਟਨਾ ਵਿੱਚ ਇੱਕ ਬਜ਼ੁਰਗ ਜੋੜਾ (ਦੋਵੇਂ 70 ਸਾਲ ਤੋਂ ਵੱਧ) ਏਅਰ-ਰੈੱਡ ਸ਼ੈਲਟਰ ਵੱਲ ਜਾ ਰਿਹਾ ਸੀ, ਉਦੋਂ ਹੀ ਕਲੱਸਟਰ ਬੰਬ ਤੋਂ ਨਿਕਲੇ ਛੋਟੇ ਬੰਬ ਰਮਤ ਗੰਨ ਸ਼ਹਿਰ ਵਿੱਚ ਡਿੱਗੇ ਅਤੇ ਉਨ੍ਹਾਂ ਦੀ ਮੌਤ ਹੋ ਗਈ।

ਮਾਰਚ ਵਿੱਚ ਹਿਊਮਨ ਰਾਈਟਸ ਵਾਚ (ਐੱਚਆਰਡਬਲਿਯੂ) ਨੇ ਤਹਿਰਾਨ 'ਤੇ ਕਲੱਸਟਰ ਬੰਬਾਂ ਨਾਲ ਨਾਗਰਿਕ ਖੇਤਰਾਂ ਨੂੰ ਨਿਸ਼ਾਨਾ ਬਣਾ ਕੇ ਜੰਗੀ ਅਪਰਾਧ ਕਰਨ ਦਾ ਇਲਜ਼ਾਮ ਲਗਾਇਆ।

ਐੱਚਆਰਡਬਲਿਯੂ ਦੇ ਸੰਕਟ, ਸੰਘਰਸ਼ ਅਤੇ ਹਥਿਆਰ ਖੋਜਕਰਤਾ ਪੈਟ੍ਰਿਕ ਥੌਂਪਸਨ ਨੇ ਕਿਹਾ, "ਕਲੱਸਟਰ ਬੰਬ ਦੇ ਛੋਟੇ-ਛੋਟੇ ਗੋਲੇ ਵੱਡੇ ਇਲਾਕਿਆਂ ਵਿੱਚ ਫੈਲ ਜਾਂਦੇ ਹਨ, ਜਿੱਥੇ ਉਹ ਕਿਸੇ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ, ਜੋ ਯੁੱਧ ਨਿਯਮਾਂ ਦੇ ਖਿਲਾਫ਼ ਹੈ।"

### ਪੂਰੇ ਮੱਧਮ ਪੂਰਬ ਵਿੱਚ ਮੌਤਾਂ

ਅਮਰੀਕਾ-ਇਜ਼ਰਾਈਲੀ ਹਮਲਿਆਂ ਦੇ ਜਵਾਬ ਵਿੱਚ ਈਰਾਨ ਨੇ ਗੁਆਂਢੀ ਅਰਬ ਦੇਸ਼ਾਂ 'ਤੇ ਵੀ ਹਮਲਾ ਕੀਤਾ, ਜਿੱਥੇ ਅਮਰੀਕੀ ਟਿਕਾਣੇ ਹਨ।

ਈਰਾਨੀ ਫੌਜ ਨੇ ਬੈਲਿਸਟਿਕ ਮਿਜ਼ਾਈਲਾਂ ਅਤੇ ਵਿਸਫੋਟਕਾਂ ਨਾਲ ਭਰੇ ਡਰੋਨਾਂ ਦੀ ਵਰਤੋਂ ਕਰਕੇ ਕਈ ਹਮਲੇ ਕੀਤੇ। ਇਨ੍ਹਾਂ ਵਿੱਚੋਂ ਬਹੁਤ ਸਾਰੇ ਹਵਾਈ ਅੱਡਿਆਂ, ਪਾਵਰ ਪਲਾਂਟਾਂ ਅਤੇ ਬੰਦਰਗਾਹਾਂ ਸਮੇਤ ਨਾਗਰਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਕਈ ਮਾਮਲਿਆਂ ਵਿੱਚ, ਰੋਕੀਆਂ ਗਈਆਂ ਮਿਜ਼ਾਈਲਾਂ ਦਾ ਮਲਬਾ ਰਿਹਾਇਸ਼ੀ ਖੇਤਰਾਂ 'ਤੇ ਡਿੱਗਿਆ।

ਪਹਿਲੇ ਅੱਠ ਦੇਸ਼ਾਂ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ (ਯੂਏਈ), ਕਤਰ, ਕੁਵੈਤ, ਇਰਾਕ, ਜਾਰਡਨ, ਬਹਿਰੀਨ ਅਤੇ ਓਮਾਨ ਵਿੱਚ ਫੌਜੀ ਠਿਕਾਣਿਆਂ 'ਤੇ ਹਮਲਿਆਂ ਦਾ ਦਸਤਾਵੇਜ਼ੀਕਰਨ ਕੀਤਾ ਹੈ।

ਇਨ੍ਹਾਂ ਹਮਲਿਆਂ 'ਤੇ ਈਰਾਨ ਦੇ ਗੁਆਂਢੀਆਂ ਨੇ ਨਾਰਾਜ਼ਗੀ ਪ੍ਰਗਟ ਕੀਤੀ। ਯੂਏਈ ਦੇ ਰਾਸ਼ਟਰਪਤੀ ਦੇ ਸਲਾਹਕਾਰ ਡਾ. ਅਨਵਰ ਗਰਗਾਸ਼ ਨੇ ਐਕਸ 'ਤੇ ਲਿਖਿਆ, "ਤੁਹਾਡੀ ਜੰਗ ਤੁਹਾਡੇ ਗੁਆਂਢੀਆਂ ਨਾਲ ਨਹੀਂ ਹੈ ਅਤੇ ਇਸ ਤਰੀਕੇ ਨਾਲ ਤਣਾਅ ਵਧਾ ਕੇ ਤੁਸੀਂ ਉਨ੍ਹਾਂ ਲੋਕਾਂ ਦੀਆਂ ਦਲੀਲਾਂ ਨੂੰ ਪ੍ਰਮਾਣਿਤ ਕਰਦੇ ਹੋ ਜੋ ਈਰਾਨ ਨੂੰ ਖੇਤਰ ਲਈ ਮੁੱਖ ਖ਼ਤਰਾ ਮੰਨਦੇ ਹਨ।"

ਪੂਰੇ ਖੇਤਰ ਵਿੱਚ ਅੰਤਿਮ ਮੌਤਾਂ ਦੀ ਗਿਣਤੀ ਨਿਰਧਾਰਤ ਕਰਨਾ ਮੁਸ਼ਕਲ ਹੈ, ਕਿਉਂਕਿ ਸਾਰੇ ਦੇਸ਼ਾਂ ਨੇ ਕੁੱਲ ਅੰਕੜੇ ਪ੍ਰਕਾਸ਼ਿਤ ਨਹੀਂ ਕੀਤੇ ਹਨ। ਹਾਲਾਂਕਿ, ਜ਼ਿਆਦਾਤਰ ਖਾੜੀ ਦੇਸ਼ਾਂ ਵਿੱਚ ਅਧਿਕਾਰਤ ਬਿਆਨਾਂ ਅਤੇ ਮੀਡੀਆ ਰਿਪੋਰਟਾਂ ਵਿੱਚ ਮੌਤਾਂ ਦਰਜ ਕੀਤੀਆਂ ਗਈਆਂ ਹਨ ਉਦਾਹਰਣ ਵਜੋਂ, ਯੂਏਈ ਦੇ ਰੱਖਿਆ ਮੰਤਰਾਲੇ ਨੇ 13 ਮੌਤਾਂ ਦੀ ਰਿਪੋਰਟ ਕੀਤੀ ਹੈ।

ਅਲ ਜਜ਼ੀਰਾ ਅਤੇ ਏਜੰਸੀ ਫਰਾਂਸ ਪ੍ਰੈਸ ਦੇ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਇਰਾਕ ਵਿੱਚ 100 ਤੋਂ ਵੱਧ ਲੋਕ ਮਾਰੇ ਗਏ ਹਨ। ਉਨ੍ਹਾਂ ਵਿੱਚੋਂ ਘੱਟੋ-ਘੱਟ 80 ਈਰਾਨ-ਸਮਰਥਿਤ ਸ਼ੀਆ ਮਿਲੀਸ਼ੀਆ ਤੋਂ ਬਣੇ ਅਰਧ ਸੈਨਿਕ ਸੰਗਠਨ ਪੌਪੁਲਰ ਮੋਬਿਲਾਈਜ਼ੇਸ਼ਨ ਫੋਰਸਿਜ਼ (ਪੀਐੱਮਐੱਫ) ਦੇ ਮੈਂਬਰ ਸਨ, ਜੋ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਵਿੱਚ ਮਾਰੇ ਗਏ ਸਨ।

ਇਸ ਦੌਰਾਨ ਪੈਂਟਾਗਨ ਦੇ ਅਨੁਸਾਰ ਮੱਧ ਪੂਰਬ ਵਿੱਚ ਤਾਇਨਾਤ 13 ਅਮਰੀਕੀ ਸੈਨਿਕ ਵੀ ਮਾਰੇ ਗਏ ਹਨ। ਇਨ੍ਹਾਂ ਵਿੱਚੋਂ ਸੱਤ ਈਰਾਨੀ ਹਮਲਿਆਂ ਵਿੱਚ ਅਤੇ ਛੇ ਇਰਾਕ ਵਿੱਚ ਇੱਕ ਰਿਫਿਊਲਿੰਗ ਜਹਾਜ਼ ਹਾਦਸੇ ਵਿੱਚ ਮਾਰੇ ਗਏ।

ਇੰਟਰਨੈਸ਼ਨਲ ਸਮੁੰਦਰੀ ਸੰਗਠਨ (ਈਐੱਮਓ) ਨੇ ਕਿਹਾ ਕਿ ਹੋਰਮੁਜ਼ ਸਟ੍ਰੇਟ ਅਤੇ ਮੱਧ ਪੂਰਬ ਦੇ ਹੋਰ ਹਿੱਸਿਆਂ ਵਿੱਚ ਜਹਾਜ਼ਾਂ 'ਤੇ ਹਮਲਿਆਂ ਵਿੱਚ ਵੱਖ-ਵੱਖ ਦੇਸ਼ਾਂ ਦੇ 14 ਮਲਾਹ ਮਾਰੇ ਗਏ ਸਨ।

ਡਾ. ਓਵਰਟਨ ਨੇ ਕਿਹਾ ਕਿ "ਮੱਧ ਪੂਰਬ ਦੇ ਕੁਝ ਹਿੱਸਿਆਂ ਵਿੱਚ ਪਹੁੰਚ ਦੀਆਂ ਪਾਬੰਦੀਆਂ, ਨੁਕਸਾਨੇ ਗਏ ਬੁਨਿਆਦੀ ਢਾਂਚੇ ਅਤੇ ਰਾਜਨੀਤਿਕ ਦਬਾਅ ਨੇ ਸਹੀ ਰਿਕਾਰਡ ਰੱਖਣ ਵਿੱਚ ਰੁਕਾਵਟ ਪਾਈ ਹੈ ਅਤੇ ਕੁਝ ਮਾਮਲਿਆਂ ਵਿੱਚ ਮੌਤਾਂ ਦੀ ਗਿਣਤੀ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ ਗਿਆ ਹੈ।"

ਉਨ੍ਹਾਂ ਨੇ ਅੱਗੇ ਕਿਹਾ, "ਇਰਾਕ, ਸੀਰੀਆ ਅਤੇ ਹੋਰ ਥਾਵਾਂ 'ਤੇ ਟਕਰਾਵਾਂ ਦੇ ਤਜਰਬਾ ਦੱਸਦਾ ਹੈ ਕਿ ਅੰਤਿਮ ਮੌਤਾਂ ਦੀ ਗਿਣਤੀ ਵਿਵਾਦਪੂਰਨ ਰਹੇਗੀ ਅਤੇ ਮੌਤਾਂ ਦੀ ਗਿਣਤੀ ਮੌਜੂਦਾ ਉਪਲਬਧ ਅੰਕੜਿਆਂ ਤੋਂ ਕਾਫ਼ੀ ਜ਼ਿਆਦਾ ਹੋ ਸਕਦੀ ਹੈ।"

# ਡੇਵਿਡ ਕੈਮਰੂਨ ਤੋਂ ਕੀਅਰ ਸਟਾਰਮਰ ਤੱਕ: 10 ਸਾਲਾਂ 'ਚ 6 ਪ੍ਰਧਾਨ ਮੰਤਰੀ ਕਿਉਂ ਬਦਲੇ?

## ਕੀਅਰ ਸਟਾਰਮਰ ਹੁਣ ਛੇਵੇਂ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਪਿਛਲੇ 10 ਸਾਲਾਂ ਦੌਰਾਨ ਅਸਤੀਫਾ ਦੇਣਾ ਪਿਆ ਜਾਂ ਵੋਟਰਾਂ ਨੇ ਬਾਹਰ ਦਾ ਰਾਹ ਦਿਖਾਇਆ।



ਸਪੱਸ਼ਟ ਕਰ ਦੇਈਏ ਕਿ ਬ੍ਰਿਟਿਸ਼ ਰਾਜਨੀਤੀ ਵਿੱਚ ਇਹ ਗੱਲ ਆਮ ਨਹੀਂ ਹੈ। ਜੇ ਤੁਹਾਨੂੰ ਯਕੀਨ ਨਹੀਂ ਤਾਂ ਇਹ ਗੱਲ ਸੋਚੋ ਕਿ 18ਵੀਂ ਸਦੀ ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਬਣਨ ਤੋਂ ਬਾਅਦ ਔਸਤਨ ਹਰ ਪ੍ਰਧਾਨ ਮੰਤਰੀ ਲਗਭਗ ਪੰਜ ਸਾਲ ਤੱਕ ਅਹੁਦੇ 'ਤੇ ਰਿਹਾ ਹੈ।

ਪਰ ਪਿਛਲੇ ਦਹਾਕੇ ਵਿੱਚ ਇਹ ਔਸਤ ਘੱਟ ਕੇ ਮੁਸ਼ਕਿਲ ਨਾਲ 18 ਮਹੀਨੇ ਰਹਿ ਗਈ ਹੈ।

ਤਾਂ ਫਿਰ ਇਹ ਅਸਧਾਰਨ ਤਬਦੀਲੀ ਕਿਉਂ ਆਈ ? ਬੇਸ਼ੱਕ, ਇਨ੍ਹਾਂ ਛੇ ਮਾਮਲਿਆਂ ਵਿੱਚ ਹਰ ਇੱਕ ਦੇ ਆਪਣੇ ਵੱਖਰੇ ਕਾਰਨ ਸਨ।

ਡੇਵਿਡ ਕੈਮਰੂਨ ਨੇ 2016 ਵਿੱਚ ਯੂਰਪੀ ਸੰਘ ਵਿੱਚ ਯੂਕੇ ਦੀ ਮੈਂਬਰਸ਼ਿਪ ਬਾਰੇ ਰੈਫਰੈਂਡਮ ਕਰਵਾਇਆ ਅਤੇ ਹਾਰ ਜਾਣ ਕਾਰਨ ਅਸਤੀਫਾ ਦੇ ਦਿੱਤਾ।

ਥੇਰੇਸਾ ਮੇ ਵੀ ਬ੍ਰੈਗਜ਼ਿਟ ਕਰਕੇ ਪ੍ਰਭਾਵਿਤ ਹੋਏ। ਸੰਸਦ ਮੈਂਬਰਾਂ ਨੇ ਯੂਰਪੀ ਸੰਘ ਨਾਲ ਯੂਕੇ ਦੇ ਨਵੇਂ ਸਬੰਧ ਲਈ ਉਨ੍ਹਾਂ ਵੱਲੋਂ ਪ੍ਰਸਤਾਵਿਤ ਸਮਝੌਤੇ ਨੂੰ ਵਾਰ-ਵਾਰ ਰੱਦ ਕੀਤਾ, ਜਿਸ ਨਾਲ ਉਨ੍ਹਾਂ ਦਾ ਅਹੁਦਾ ਬਚਾਉਣਾ ਮੁਸ਼ਕਿਲ ਹੋ ਗਿਆ।

ਬੋਰਿਸ ਜੌਨਸਨ ਨੂੰ ਉਨ੍ਹਾਂ ਦੇ ਚਰਿੱਤਰ, ਇਮਾਨਦਾਰੀ ਅਤੇ ਫੈਸਲਾ ਕਰਨ ਦੀ ਸਮਰੱਥਾ ਬਾਰੇ ਚਿੰਤਾਵਾਂ ਕਾਰਨ ਹਟਾਇਆ ਗਿਆ। ਉਨ੍ਹਾਂ ਦੇ ਆਪਣੇ ਹੀ ਕੰਜ਼ਰਵੇਟਿਵ ਸੰਸਦ ਮੈਂਬਰਾਂ ਨੇ ਮੰਨਿਆ ਕਿ ਉਹ ਚੋਣਾਵੀਂ ਫਾਇਦੇ ਦੀ ਬਜਾਏ ਬੋਝ ਬਣ ਗਏ ਸਨ।

ਲਿਜ਼ ਟ੍ਰਿਸ ਦੀਆਂ ਟੈਕਸ ਕਟੌਤੀਆਂ ਦੀਆਂ ਯੋਜਨਾਵਾਂ ਨੇ ਵਿੱਤੀ ਬਾਜ਼ਾਰਾਂ ਨੂੰ ਹਿਲਾ ਦਿੱਤਾ ਸੀ। ਨਿਵੇਸ਼ਕਾਂ ਮੁਤਾਬਕ ਖ਼ਰਚਿਆਂ ਵਿੱਚ ਕਟੌਤੀ ਕੀਤੇ ਬਿਨਾਂ ਟੈਕਸ ਘਟਾਉਣ ਦੀ ਯੋਜਨਾ ਟਿਕਾਊ ਨਹੀਂ ਸੀ।

ਰਿਸ਼ੀ ਸੁਨਕ ਇਸ ਸੂਚੀ ਵਿੱਚ ਇਕਲੌਤੇ ਅਜਿਹੇ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੂੰ ਚੋਣਾਂ ਵਿੱਚ ਵੋਟਰਾਂ ਨੇ ਹਰਾ ਕੇ ਹਟਾਇਆ। ਲੋਕ 14 ਸਾਲਾਂ ਦੀਆਂ ਕੰਜ਼ਰਵੇਟਿਵ ਸਰਕਾਰਾਂ ਦੇ ਰਾਜ ਨੂੰ ਬਦਲਣਾ ਚਾਹੁੰਦੇ ਸਨ।

ਅਤੇ ਹੁਣ ਹਾਲ ਹੀ ਵਿੱਚ ਸਰ ਕੀਅਰ ਸਟਾਰਮਰ ਨੇ ਅਸਤੀਫਾ ਦਿੱਤਾ ਹੈ ਕਿਉਂਕਿ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਘੱਟਦੀ ਲੋਕਪ੍ਰਿਯਤਾ ਪਾਰਟੀ ਲਈ ਵੱਡਾ ਖ਼ਤਰਾ ਬਣ ਸਕਦੀ ਹੈ।

ਪਰ ਇਨ੍ਹਾਂ ਵਿਅਕਤੀਗਤ ਕਾਰਨਾਂ ਤੋਂ ਇਲਾਵਾ, ਯੂਕੇ ਵਿੱਚ ਹੋਰ ਵੀ ਕਈ ਗੰਭੀਰ ਕਾਰਕ ਕੰਮ ਕਰ ਰਹੇ ਹਨ ਜੋ ਰਾਜਨੀਤੀ ਨੂੰ ਹੋਰ ਕਠੋਰ ਅਤੇ ਵੋਟਰਾਂ ਨੂੰ ਹੋਰ ਅਸਹਿਣਸ਼ੀਲ ਅਤੇ ਧਰੁਵੀਕ੍ਰਿਤ ਬਣਾ ਰਹੇ ਹਨ।

ਅਜਿਹਾ ਬ੍ਰਿਟੇਨ ਵਿੱਚ ਕੀ ਹੋ ਰਿਹਾ ਹੈ ?

ਓਪੀਨੀਅਨ ਪੋਲ, ਫੋਕਸ ਗਰੁੱਪਾਂ ਅਤੇ ਲੋਕਾਂ ਦੇ ਤਜ਼ਰਬਿਆਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਵੋਟਰਾਂ ਨੂੰ ਲੱਗਦਾ ਹੈ ਕਿ ਸਿਆਸਤਦਾਨ ਲੋਕਾਂ ਦੀਆਂ ਤਿੰਨ ਬੁਨਿਆਦੀ ਸਮੱਸਿਆਵਾਂ ਦਾ ਹੱਲ ਨਹੀਂ ਕਰ ਰਹੇ।

ਪਹਿਲਾ ਹੈ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਦੇ ਅਸਮਰੱਥ ਹੋਣਾ। ਇਹ ਸਮੱਸਿਆ 2008 ਦੇ ਕੌਮਾਂਤਰੀ ਵਿੱਤੀ ਸੰਕਟ ਤੋਂ ਬਾਅਦ ਸ਼ੁਰੂ ਹੋਈ।

ਇਸ ਲਈ ਜੇ ਅਸੀਂ ਇਹ ਸਮਝਣਾ ਚਾਹੀਏ ਕਿ 2016 ਤੋਂ ਬਾਅਦ ਯੂਕੇ ਵਿੱਚ ਛੇ ਪ੍ਰਧਾਨ ਮੰਤਰੀ ਕਿਉਂ ਬਦਲੇ ਤਾਂ ਅਸੀਂ ਉਸ ਦੌਰ ਤੋਂ ਸ਼ੁਰੂਆਤ ਕਰ ਸਕਦੇ ਹਾਂ।

ਇਸ ਸੰਦਰਭ ਨੂੰ ਹੋਰ ਸਮਝਣ ਲਈ, 19 ਸ਼ਤਾਬਦੀ ਦੀ ਸ਼ੁਰੂਆਤ ਵਿੱਚ ਹੋਈਆਂ ਨੈਪੋਲੀਅਨ ਜੰਗਾਂ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੈ ਜਦੋਂ ਜੀਵਨ ਪੱਧਰ 'ਚ ਅਜਿਹੀ ਖੜ੍ਹੋਤ ਦੇਖਣ ਨੂੰ ਮਿਲੀ ਹੋਵੇ।

ਜਦੋਂ ਲੋਕ ਆਰਥਿਕ ਤੌਰ 'ਤੇ ਸੰਘਰਸ਼ ਕਰ ਰਹੇ ਹੋਣ ਅਤੇ ਉਨ੍ਹਾਂ ਨੂੰ ਲੱਗੇ ਕਿ ਸਰਕਾਰਾਂ ਉਹ ਅਣਕਿਹਾ ਵਾਅਦਾ ਪੂਰਾ ਨਹੀਂ ਕਰ ਰਹੀਆਂ ਕਿ ਅਗਲੀ ਪੀੜ੍ਹੀ ਪਿਛਲੀ ਨਾਲੋਂ ਬਿਹਤਰ ਜੀਵਨ ਜੀਵੇਗੀ, ਤਾਂ ਲੋਕਾਂ ਵਿੱਚ ਗੁੱਸਾ ਪੈਦਾ ਹੋਣਾ ਸੁਭਾਵਿਕ ਹੈ।

ਚਿੰਤਾਜਨਕ ਗੱਲ ਇਹ ਹੈ ਕਿ ਸਰਵੇਖਣਾਂ ਅਨੁਸਾਰ ਆਰਥਿਕ ਨਿਰਾਸ਼ਾ ਦਾ ਪੱਧਰ 1978 ਤੋਂ ਬਾਅਦ ਸਭ ਤੋਂ ਉੱਚਾ ਹੈ, ਜਦੋਂ ਮਹਿੰਗਾਈ ਅਤੇ ਉਦਯੋਗਿਕ ਟਕਰਾਅ ਚਰਮ 'ਤੇ ਸਨ।

ਯੂਕੇ ਦੀ ਨੈਸ਼ਨਲ ਹੈਲਥ ਸਰਵਿਸ (ਨ੍ਹਸ਼) ਸਮੇਤ ਦਬਾਅ ਹੇਠ ਚੱਲ ਰਹੀਆਂ ਜਨਤਕ ਸੇਵਾਵਾਂ ਨੇ ਲੋਕਾਂ ਵਿੱਚ ਇਹ ਭਾਵਨਾ ਪੈਦਾ ਕੀਤੀ ਹੈ ਕਿ "ਹੁਣ ਕੁਝ ਵੀ ਕੰਮ ਨਹੀਂ ਕਰਦਾ।"

ਦੂਜਾ ਕਾਰਨ ਇਹ ਅਹਿਸਾਸ ਹੈ ਕਿ ਯੂਕੇ ਵਿੱਚ ਕੁਝ ਵੀ ਸਹੀ ਢੰਗ ਨਾਲ ਨਹੀਂ ਚੱਲ ਰਿਹਾ।

ਇੱਕ ਅਹਿਸਾਸ ਕਿ ਜਨਤਕ ਸੇਵਾਵਾਂ ਭਾਵੇਂ ਉਹ ਆਵਾਜਾਈ ਹੋਵੇ, ਨਿਆਂ ਪ੍ਰਣਾਲੀ ਹੋਵੇ ਜਾਂ ਹੋਰ ਕੋਈ ਸੇਵਾ, ਲੋਕਾਂ ਦੀਆਂ ਉਮੀਦਾਂ 'ਤੇ ਖਰੀਆਂ ਨਹੀਂ ਉਤਰ ਰਹੀਆਂ।

ਇਹ ਹਾਲਾਤ ਕੁਝ ਹੱਦ ਤੱਕ ਉਸੇ ਹੌਲੀ ਆਰਥਿਕ ਵਿਕਾਸ ਦਾ ਨਤੀਜਾ ਹਨ, ਜਿਸ ਕਾਰਨ ਲੋਕਾਂ ਦੇ ਜੀਵਨ ਪੱਧਰ ਵਿੱਚ ਠਹਿਰਾਅ ਆਇਆ ਹੋਇਆ ਹੈ।

ਮੌਜੂਦਾ ਸਮੇਂ ਵਿੱਚ, ਆਰਥਿਕ ਵਿਕਾਸ ਦੀ ਕਮੀ ਕਾਰਨ ਲਗਾਤਾਰ ਆਈਆਂ ਸਰਕਾਰਾਂ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਨਹੀਂ ਕਰ ਪਾਈਆਂ ਅਤੇ ਸਿੱਖਿਆ ਅਤੇ ਸਿਹਤ ਵਰਗੇ ਖੇਤਰਾਂ ਵਿੱਚ ਸੁਧਾਰ ਨਹੀਂ ਕਰ ਪਾਈਆਂ ਜਿਨ੍ਹਾਂ ਨੂੰ ਆਮ ਲੋਕ ਤਵੱਜੋ ਦਿੰਦੇ ਹਨ।

ਤੀਜਾ ਕਾਰਨ ਸਮਾਜਿਕ ਏਕਤਾ ਨੂੰ ਲੈ ਕੇ ਵਿਆਪਕ ਚਿੰਤਾ ਹੈ ਜਾਂ ਕਹਿ ਲਓ ਕਿ ਲੋਕਾਂ ਨੂੰ ਇਸ ਦੀ ਕਮੀ ਮਹਿਸੂਸ ਹੋ ਰਹੀ ਹੈ।

ਸਰਵੇਖਣਾਂ ਮੁਤਾਬਕ 80 ਫ਼ੀਸਦੀ ਤੋਂ ਵੱਧ ਲੋਕਾਂ ਦਾ ਮੰਨਣਾ ਹੈ ਕਿ ਦੇਸ਼ ਵੰਡਿਆ ਹੋਇਆ ਹੈ।

ਬਹੁਤ ਸਾਰੇ ਲੋਕ ਇਸ ਵੰਡ ਦੀ ਭਾਵਨਾ ਲਈ ਪਿਛਲੇ ਕੁਝ ਦਹਾਕਿਆਂ ਦੌਰਾਨ ਵਧੇ ਪਰਵਾਸ (ਇਮੀਗ੍ਰੇਸ਼ਨ) ਨੂੰ ਜ਼ਿੰਮੇਵਾਰ ਮੰਨਦੇ ਹਨ। ਕੁਝ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਇੱਥੇ ਪਹਿਲਾਂ ਤੋਂ ਰਹਿ ਰਹੇ ਕੁਝ ਭਾਈਚਾਰੇ ਮੁੱਖ ਧਾਰਾ ਸਮਾਜ ਵਿੱਚ ਪੂਰੀ ਤਰ੍ਹਾਂ ਰਲਣ-ਮਿਲਣ ਵਿੱਚ ਸਫਲ ਨਹੀਂ ਰਹੇ।

ਬਹੁਤ ਸਾਰੇ ਵੋਟਰਾਂ ਨੂੰ ਲੱਗਦਾ ਹੈ ਕਿ ਹਾਲੀਆ ਪ੍ਰਧਾਨ ਮੰਤਰੀ ਉਨ੍ਹਾਂ ਦੇ ਉਸ ਗੁੱਸੇ ਨੂੰ ਸਮਝਣ ਵਿੱਚ ਅਸਫਲ ਰਹੇ ਹਨ।

ਦੂਜੇ ਸ਼ਬਦਾਂ ਵਿੱਚ, ਯੂਕੇ ਹੋਰ ਯੂਰਪੀ ਦੇਸ਼ਾਂ ਵਾਂਗ ਅਜੇ ਵੀ ਇਸ ਸਵਾਲ ਨਾਲ ਜੂਝ ਰਿਹਾ ਹੈ ਕਿ ਇੱਕ ਬਹੁ-ਨਸਲੀ, ਬਹੁ-ਜਾਤੀ, ਬਹੁ-ਸੱਭਿਆਚਾਰਕ ਅਤੇ ਬਹੁ-ਰਾਸ਼ਟਰੀ ਸਮਾਜ ਵਿੱਚ ਸਾਰੇ ਲੋਕ ਆਪਸ ਵਿੱਚ ਮਿਲ ਜੁਲ ਕੇ ਕਿਵੇਂ ਰਹਿ ਸਕਦੇ ਹਨ।

ਸ਼ਾਇਦ ਇੱਕ ਹੋਰ ਵੱਡੀ ਤਬਦੀਲੀ ਇਹ ਆਈ ਹੈ ਅਤੇ ਇਸ ਮਾਮਲੇ ਵਿੱਚ ਯੂਕੇ ਕੋਈ ਇਕੱਲਾ ਦੇਸ਼ ਨਹੀਂ ਹੈ ਕਿ ਲੋਕ ਨਾ ਸਿਰਫ਼ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਨਾਰਾਜ਼ ਹਨ, ਸਗੋਂ ਹੁਣ ਉਹ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਵਿੱਚ ਵੀ ਪਹਿਲਾਂ ਨਾਲੋਂ ਘੱਟ ਝਿਜਕਦੇ ਹਨ।

ਚਾਹੇ ਇਸ ਲਈ ਸੋਸ਼ਲ ਮੀਡੀਆ ਜ਼ਿੰਮੇਵਾਰ ਹੋਵੇ ਜਾਂ ਹੋਰ ਕਾਰਨ, ਲੋਕ ਹੁਣ ਵਿਅਕਤੀਗਤ ਤੌਰ 'ਤੇ ਸਿਆਸਤਦਾਨਾਂ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀਆਂ ਪ੍ਰਤੀ ਵੀ ਖੁੱਲ੍ਹੇਆਮ ਵਿਰੋਧ ਅਤੇ ਦੁਸ਼ਮਣੀ ਦਾ ਪ੍ਰਗਟਾਵਾ ਕਰਦੇ ਹਨ। ਕੁਝ ਸਾਲ ਪਹਿਲਾਂ ਤੱਕ ਅਜਿਹੀ ਸਥਿਤੀ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਸੀ।

ਕੀ ਦੇਸ਼ ਨੂੰ ਚਲਾਉਣਾ ਔਖਾ ਹੋ ਗਿਆ ਹੈ?

ਸਰਵੇਖਣ ਦਰਸਾਉਂਦੇ ਹਨ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਗੱਲ ਦੀ ਡੂੰਘੀ ਚਿੰਤਾ ਹੈ ਕਿ ਸਮਾਜ ਵਿੱਚ ਏਕਤਾ ਅਤੇ ਆਪਸੀ ਜੁੜਾਅ ਦੀ ਭਾਵਨਾ ਘੱਟ ਰਹੀ ਹੈ।

ਤਾਂ ਕੀ ਦੇਸ਼ ਨੂੰ ਚਲਾਉਣਾ ਮੁਸ਼ਕਿਲ ਹੋ ਗਿਆ ਹੈ? ਕੀ ਇਹੀ ਕਾਰਨ ਹੈ ਕਿ 10 ਸਾਲਾਂ ਵਿੱਚ ਬ੍ਰਿਟੇਨ ਨੂੰ ਸੱਤਵਾਂ ਪ੍ਰਧਾਨ ਮੰਤਰੀ ਮਿਲਣ ਜਾ ਰਿਹਾ ਹੈ ?

ਜ਼ਿਆਦਾਤਰ ਸਿਆਸਤਦਾਨ ਇਸ ਨਤੀਜੇ ਤੱਕ ਨਹੀਂ ਪਹੁੰਚਦੇ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਅੱਜ ਦੀ ਦੁਨੀਆ ਪਹਿਲਾਂ ਨਾਲੋਂ ਵੱਧ ਜਟਿਲ ਹੈ ਅਤੇ ਸਮਾਜ ਹੋਰ ਵੱਧ ਵੰਡਿਆ ਤੇ ਖੰਡਿਤ ਹੋ ਗਿਆ ਹੈ, ਜਿਸ ਕਾਰਨ ਸ਼ਾਸਨ ਕਰਨਾ ਔਖਾ ਹੋ ਗਿਆ ਹੈ, ਪਰ ਇਹ ਅਸੰਭਵ ਨਹੀਂ ਹੈ।

ਪਰ 2008 ਦੇ ਵਿੱਤੀ ਸੰਕਟ ਅਤੇ 2016 ਦੇ ਬ੍ਰੈਗਜ਼ਿਟ ਰੈਫਰੈਂਡਮ ਤੋਂ ਬਾਅਦ ਦੇਸ਼ ਉੱਤੇ ਛਾਈ ਨਿਰਾਸ਼ਾ ਅਤੇ ਉਦਾਸੀ ਦੇ ਮਾਹੌਲ ਨੂੰ ਦੂਰ ਕਰਨ ਵਿੱਚ ਛੇ ਪ੍ਰਧਾਨ ਮੰਤਰੀ ਅਸਫਲ ਰਹੇ ਹਨ।

ਇਸ ਲਈ ਸੁਭਾਵਿਕ ਹੈ ਕਿ ਲੋਕਾਂ ਦੇ ਮਨ ਵਿੱਚ ਇਹ ਸ਼ੱਕ ਬਣਿਆ ਰਹੇ ਕਿ ਸੱਤਵਾਂ ਪ੍ਰਧਾਨ ਮੰਤਰੀ ਭਾਵੇਂ ਉਹ ਕੋਈ ਵੀ ਹੋਵੇ, ਕੀ ਇਸ ਸਥਿਤੀ ਨੂੰ ਬਦਲਣ ਵਿੱਚ ਪਿਛਲਿਆਂ ਦੇ ਮੁਕਾਬਲੇ ਵੱਧ ਕਾਮਯਾਬ ਹੋ ਸਕੇਗਾ ਜਾਂ ਨਹੀਂ।

# "ਅਮਰੀਕਾ-ਇਰਾਨ ਸਮਝੌਤੇ ਵਿੱਚ ਵਿਚੋਲਗੀ ਤੋਂ ਬਾਅਦ ਪਾਕਿਸਤਾਨ 'ਸ਼ਾਂਤੀ ਦੂਤ' ਵਜੋਂ ਸਾਹਮਣੇ: ਸ਼ਹਿਬਾਜ਼ ਸ਼ਰੀਫ਼"



ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਸਥਾਪਤ ਕਰਨ ਦੇ ਪਾਕਿਸਤਾਨ ਦੇ ਯਤਨਾਂ ਦੇ ਨਤੀਜੇ ਵਜੋਂ ਅਮਰੀਕਾ ਅਤੇ ਇਰਾਨ ਵਿਚਕਾਰ ਸਮਝੌਤੇ 'ਤੇ ਦਸਤਖਤ ਹੋਣ ਤੋਂ ਬਾਅਦ ਉਨ੍ਹਾਂ ਦਾ ਦੇਸ਼ ਦੁਨੀਆ ਵਿੱਚ ਇੱਕ 'ਸ਼ਾਂਤੀ ਦੂਤ' ਵਜੋਂ ਉੱਭਰਿਆ ਹੈ।

ਕਤਰ ਅਤੇ ਪਾਕਿਸਤਾਨ ਦੀ ਵਿਚੋਲਗੀ ਵਿੱਚ ਪਿਛਲੇ ਹਫ਼ਤੇ ਸਵਿਟਜ਼ਰਲੈਂਡ 'ਚ ਹੋਈ ਗੱਲਬਾਤ ਤੋਂ ਬਾਅਦ ਅਮਰੀਕਾ ਅਤੇ ਇਰਾਨ ਜੰਗ ਰੋਕਣ ਲਈ ਸਮਝੌਤੇ ਦੀ ਇੱਕ ਅਜਿਹੀ ਰੂਪਰੇਖਾ 'ਤੇ ਸਹਿਮਤ ਹੋਏ ਹਨ, ਜਿਸਦਾ ਉਦੇਸ਼ 60 ਦਿਨਾਂ ਦੇ ਅੰਦਰ ਅੰਤਿਮ ਸਮਝੌਤੇ 'ਤੇ ਪਹੁੰਚਣਾ ਹੈ।

ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਕਰਾਚੀ ਵਿੱਚ ਪਾਕਿਸਤਾਨ ਨੇਵੀ ਅਕੈਡਮੀ ਦੇ ਕੈਡੇਟਾਂ ਦੀ 'ਪਾਸਿੰਗ ਆਊਟ ਪਰੇਡ' ਦੌਰਾਨ ਭਾਸ਼ਣ ਦਿੰਦਿਆਂ ਕਿਹਾ ਕਿ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਆਨ ਦੀ ਹਾਲੀਆ ਪਾਕਿਸਤਾਨ ਯਾਤਰਾ ਇਸ ਗੱਲ ਦਾ ਸਬੂਤ ਸੀ ਕਿ ਇਲਾਕੇ ਵਿੱਚ ਸ਼ਾਂਤੀ ਵਧਾਉਣ ਲਈ ਪਾਕਿਸਤਾਨ ਬਹੁਤ ਵੱਡੀ ਭੂਮਿਕਾ ਨਿਭਾ ਰਿਹਾ ਹੈ।

ਸ਼ਰੀਫ਼ ਨੇ ਕਿਹਾ ਕਿ ਪਾਕਿਸਤਾਨ ਕੌਮਾਂਤਰੀ ਅਤੇ ਅੰਦਰੂਨੀ ਖਤਰਿਆਂ ਦੇ ਖ਼ਤਰਨਾਕ ਸੁਮੇਲ ਤੋਂ ਪੈਦਾ ਹੋਏ ਟਕਰਾਵਾਂ ਅਤੇ ਬਹੁ-ਪੱਖੀ ਸੁਰੱਖਿਆ ਚੁਣੌਤੀਆਂ ਨਾਲ ਜੂਝ ਰਿਹਾ ਹੈ।

ਉਨ੍ਹਾਂ ਨੇ ਭਾਰਤ 'ਤੇ ਪਾਕਿਸਤਾਨ ਦੀ ਸ਼ਾਂਤੀ ਅਤੇ ਮਾਹੌਲ ਨੂੰ ਖ਼ਰਾਬ ਕਰਨ ਦਾ ਦੋਸ਼ ਲਾਇਆ ਪਰ ਇਸ ਦੋਸ਼ ਨੂੰ ਸਹੀ ਸਾਬਤ ਕਰਨ ਲਈ ਕੋਈ ਵੀ ਸਬੂਤ ਪੇਸ਼ ਨਹੀਂ ਕੀਤਾ।


SIKH GAMES CANADA
A MEGA SPORTS EVENT IN CANADA
SIKH GAMES CANADA 2026
July 1st to 5th, 2026
12601 64 AVE, TAMANAWIS PARK, SURREY BC
FREE ENTRY
LIVE TELECAST
18TH LIONS CUP
International Hockey Tournament
TRACK AND FIELD
WRESTLING
VOLLEYBALL
SMASHING
VOLLEYBALL
SHOOTING (MEDIUM)
FIELD HOCKEY
LIONS
LIONS CUP INTERNATIONAL
3 MATCH FIELD HOCKEY SERIES
CANADA VS USA
JUNE 29TH, JUNE 30TH & JULY 2ND 2026
TUG OF WAR
CULTURAL PROGRAM
LAMBORGHINI SHOW
OVER 65 RACE
GURU KA LANGAR
GATKA AKHARA
MOTORCYCLE CLUB
TRACTOR SHOW
JEEP CLUB SHOW
+1-604-621-3500
info@sikhgamescanada.com
www.sikhgamescanada.com




# FIH ਪ੍ਰੋ ਲੀਗ: ਭਾਰਤ ਨੇ ਪਾਕਿਸਤਾਨ ਨੂੰ 7-1 ਨਾਲ ਰੌਂਦਿਆ – ਸ਼ਾਨਦਾਰ ਜਿੱਤ!

ਭਾਰਤੀ ਪੁਰਸ਼ ਹਾਕੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਐੱਫ ਆਈ ਐੱਚ ਪ੍ਰੋ ਲੀਗ ਦੇ ਲੰਡਨ ਪੜਾਅ ਦੇ ਦੂਜੇ ਮੁਕਾਬਲੇ ਵਿੱਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 7-1 ਨਾਲ ਕਰਾਰੀ ਹਾਰ ਦਿੱਤੀ। ਮੈਚ ਵਿੱਚ ਸੁਖਜੀਤ ਸਿੰਘ (20ਵਾਂ ਮਿੰਟ), ਹਰਮਨਪ੍ਰੀਤ ਸਿੰਘ (26ਵਾਂ ਮਿੰਟ), ਹਾਰਦਿਕ ਸਿੰਘ (34ਵਾਂ ਮਿੰਟ), ਜੁਗਰਾਜ ਸਿੰਘ (35ਵਾਂ ਮਿੰਟ), ਅਭਿਸ਼ੇਕ (41ਵਾਂ ਮਿੰਟ), ਰਾਜ ਕੁਮਾਰ ਪਾਲ (44ਵਾਂ ਮਿੰਟ) ਅਤੇ ਦਿਲਪ੍ਰੀਤ ਸਿੰਘ (54ਵਾਂ ਮਿੰਟ) ਦੇ ਗੋਲਾਂ ਦੀ ਬਦੌਲਤ ਭਾਰਤ ਨੇ ਇਹ ਸ਼ਾਨਦਾਰ ਜਿੱਤ ਦਰਜ ਕੀਤੀ। ਮਿੱਡਫੀਲਡਰ ਹਾਰਦਿਕ ਸਿੰਘ ਨੂੰ ਮੈਚ ਦਾ ਸਰਬੋਤਮ ਖਿਡਾਰੀ ਚੁਣਿਆ ਗਿਆ।



ਮਨਦੀਪ ਸਿੰਘ ਦੀ ਬੇਸਲਾਈਨ ਤੋਂ ਸ਼ਾਨਦਾਰ ਦੌੜ ਸਦਕਾ ਭਾਰਤ ਨੇ ਮਹਿਜ਼ 90 ਸਕਿੰਟਾਂ ਦੇ ਅੰਦਰ ਹੀ ਪਹਿਲਾ ਪੈਨਲਟੀ ਕਾਰਨਰ ਹਾਸਲ ਕਰ ਲਿਆ। ਹਾਲਾਂਕਿ, ਪਾਕਿਸਤਾਨ ਨੇ ਜਵਾਬੀ ਹਮਲੇ ਵਿੱਚ ਖ਼ਤਰਨਾਕ ਖੇਡ ਦਿਖਾਈ ਅਤੇ 13ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਹਾਸਲ ਕੀਤਾ। ਭਾਰਤ ਵੱਲੋਂ ਵੀਡੀਓ ਰੈਫਰਲ ਗੁਆਉਣ ਤੋਂ ਬਾਅਦ, ਪਾਕਿਸਤਾਨ ਦੇ ਕਪਤਾਨ ਅਬੂ ਬਕਰ ਮਹਿਮੂਦ ਨੇ ਮਿਲੇ ਪੈਨਲਟੀ ਕਾਰਨਰ ਨੂੰ ਡਰੈਗ-ਫਲਿੱਕ ਰਾਹੀਂ ਗੋਲ ਵਿੱਚ ਬਦਲ ਕੇ ਆਪਣੀ ਟੀਮ ਨੂੰ 1-0 ਦੀ ਲੀਡ ਦਿਵਾ ਦਿੱਤੀ। ਦੂਜੇ ਕੁਆਰਟਰ ਵਿੱਚ 18ਵੇਂ ਮਿੰਟ ਵਿੱਚ ਪਾਕਿਸਤਾਨ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਅਹਿਮਦ ਨਦੀਮ ਦੇ ਆਪਣੇ ਹੀ ਸਾਥੀ ਖਿਡਾਰੀ ਅਲੀ ਗਜ਼ਨਫ਼ਰ ਦੇ ਪਾਸ ਤੋਂ ਡਿਫਲੈਕਟ ਹੋਈ ਗੇਂਦ ਉਸ ਦੇ ਚਿਹਰੇ 'ਤੇ ਜਾ ਲੱਗੀ ਅਤੇ ਉਸ ਨੂੰ ਮੈਦਾਨ ਛੱਡਣਾ ਪਿਆ। ਭਾਰਤ ਨੇ ਇਸ ਸਥਿਤੀ ਦਾ ਤੁਰੰਤ ਫ਼ਾਇਦਾ ਉਠਾਇਆ। 20ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਤੋਂ ਹਰਮਨਪ੍ਰੀਤ ਦੀ ਜ਼ੋਰਦਾਰ ਡਰੈਗ-ਫਲਿੱਕ ਨੂੰ ਸੁਖਜੀਤ ਨੇ ਬੜੀ ਚਲਾਕੀ ਨਾਲ ਗੋਲ ਪੋਸਟ ਦੇ ਅੰਦਰ ਭੇਜ ਕੇ ਸਕੋਰ 1-1 ਦੀ ਬਰਾਬਰੀ 'ਤੇ ਲਿਆਂਦਾ। ਛੇ ਮਿੰਟ ਬਾਅਦ, ਭਾਰਤੀ ਕਪਤਾਨ ਹਰਮਨਪ੍ਰੀਤ ਨੇ ਇੱਕ ਹੋਰ ਪੈਨਲਟੀ ਕਾਰਨਰ ਰਾਹੀਂ ਗੇਂਦ ਨੂੰ ਟਾਪ-ਲੈਫਟ ਕਾਰਨਰ ਵਿੱਚ ਪਹੁੰਚਾ ਕੇ ਅੱਧੇ ਸਮੇਂ ਤੱਕ ਭਾਰਤ ਨੂੰ 2-1 ਦੀ ਲੀਡ ਦਿਵਾਈ। 34ਵੇਂ ਮਿੰਟ ਵਿੱਚ ਲਗਾਤਾਰ ਮਿਲੇ ਪੈਨਲਟੀ ਕਾਰਨਰਾਂ ਕਾਰਨ ਭਾਰਤ ਨੂੰ ਇੱਕ ਪੈਨਲਟੀ ਸਟ੍ਰੋਕ ਮਿਲਿਆ, ਜਿਸ ਨੂੰ ਹਾਰਦਿਕ ਨੇ ਬੜੇ ਸ਼ਾਂਤ ਸੁਭਾਅ ਨਾਲ ਗੋਲ ਵਿੱਚ ਬਦਲ ਕੇ ਸਕੋਰ 3-1 ਕਰ ਦਿੱਤਾ। ਇਸ ਦੌਰਾਨ ਪਾਕਿਸਤਾਨ ਨੂੰ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ, ਪਰ ਭਾਰਤੀ ਡਿਫੈਂਸ ਨੇ ਮੁਸਤੈਦੀ ਦਿਖਾਉਂਦੇ ਹੋਏ ਉਨ੍ਹਾਂ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਪਾਕਿਸਤਾਨ ਦੇ ਦੂਜੇ ਪੈਨਲਟੀ ਕਾਰਨਰ ਨੂੰ ਰੋਕਣ ਦੇ ਤੁਰੰਤ ਬਾਅਦ ਭਾਰਤ ਨੇ ਇੱਕ ਹੋਰ ਤੇਜ਼ ਜਵਾਬੀ ਹਮਲਾ ਸ਼ੁਰੂ ਕੀਤਾ। ਦਿਲਪ੍ਰੀਤ ਨੇ ਸੁਖਜੀਤ ਨਾਲ ਮਿਲ ਕੇ ਸ਼ਾਨਦਾਰ ਤਾਲਮੇਲ ਦਿਖਾਇਆ ਅਤੇ ਗੇਂਦ ਜੁਗਰਾਜ ਵੱਲ ਵਧਾਈ, ਜਿਸ ਨੇ 35ਵੇਂ ਮਿੰਟ ਵਿੱਚ ਇਸ ਨੂੰ ਬੜੀ ਸਫ਼ਾਈ ਨਾਲ ਗੋਲ ਵਿੱਚ ਬਦਲ ਕੇ ਸਕੋਰ 4-1 ਕਰ ਦਿੱਤਾ। ਸੁਖਜੀਤ ਨੇ ਅਭਿਸ਼ੇਕ ਲਈ ਮੌਕਾ ਬਣਾਇਆ, ਜਿਸ ਨੇ 41ਵੇਂ ਮਿੰਟ ਵਿੱਚ ਦੌੜਦੇ ਹੋਏ ਸ਼ਾਨਦਾਰ ਗੋਲ ਦਾਗਿਆ। ਤੀਜੇ ਕੁਆਰਟਰ ਦੇ ਆਖ਼ਰੀ ਮਿੰਟਾਂ ਵਿੱਚ ਭਾਰਤ ਨੇ ਲਗਾਤਾਰ ਚਾਰ ਪੈਨਲਟੀ ਕਾਰਨਰ ਹਾਸਲ ਕੀਤੇ। ਹਰਮਨਪ੍ਰੀਤ ਦੀ ਡਰੈਗ-ਫਲਿੱਕ ਤੋਂ ਰੀਬਾਉਂਡ ਹੋਈ ਗੇਂਦ 'ਤੇ ਰਾਜ ਕੁਮਾਰ ਪਾਲ ਨੇ ਬਿਨਾਂ ਕੋਈ ਦੇਰ ਕੀਤੇ ਫ਼ੁਰਤੀ ਨਾਲ ਗੋਲ ਕਰ ਦਿੱਤਾ ਅਤੇ ਭਾਰਤ ਦੀ ਲੀਡ 6-1 ਕਰ ਦਿੱਤੀ। ਆਖ਼ਰੀ ਕੁਆਰਟਰ ਵਿੱਚ ਵੀ ਭਾਰਤੀ ਟੀਮ ਨੇ ਅੱਗੇ ਵਧ ਕੇ ਹਮਲੇ ਜਾਰੀ ਰੱਖਣ ਦੇ ਨਾਲ-ਨਾਲ ਡਿਫੈਂਸ ਵਿੱਚ ਪੂਰਾ ਅਨੁਸ਼ਾਸਨ ਬਣਾਈ ਰੱਖਿਆ। 54ਵੇਂ ਮਿੰਟ ਵਿੱਚ ਦਿਲਪ੍ਰੀਤ ਨੇ ਸੱਤਵਾਂ ਗੋਲ ਕਰ ਕੇ ਪਾਕਿਸਤਾਨ ਦੀ ਹਾਰ 'ਤੇ ਮੋਹਰ ਲਗਾ ਦਿੱਤੀ।

# ਤਜਿੰਦਰਪਾਲ ਸਿੰਘ ਤੂਰ – ਅਗਲਾ ਨਿਸ਼ਾਨਾ 22 ਮੀਟਰ ਦਾ ਰਿਕਾਰਡ!



ਜ਼ਹਿਰਬਾਦ ਕਾਰਨ ਬਿਮਾਰ ਹੋਣ 'ਤੇ ਤਜਿੰਦਰਪਾਲ ਸਿੰਘ ਤੂਰ ਦੀਆਂ 2026 ਰਾਸ਼ਟਰਮੰਡਲ ਖੇਡਾਂ ਲਈ ਕੁਆਲੀਫਾਈ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਣ ਦਾ ਡਰ ਪੈਦਾ ਹੋ ਗਿਆ ਸੀ, ਪਰ ਇਸ ਤਜਰਬੇਕਾਰ ਸ਼ਾਟਪੁੱਟ ਖਿਡਾਰੀ ਨੇ ਇਸ ਅੜਿੱਕੇ ਨੂੰ ਆਪਣੇ ਸੀਜ਼ਨ 'ਤੇ ਹਾਵੀ ਨਹੀਂ ਹੋਣ ਦਿੱਤਾ। ਰਾਂਚੀ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਜਿੱਥੇ ਬਿਮਾਰੀ ਨੇ ਉਸ ਤੋਂ ਉਸ ਦਾ ਸਰਬੋਤਮ ਪ੍ਰਦਰਸ਼ਨ ਕਰਨ ਦਾ ਮੌਕਾ ਖੋਹ ਲਿਆ ਸੀ, ਤੋਂ ਕੁਝ ਹਫ਼ਤਿਆਂ ਬਾਅਦ ਇਸ 31 ਸਾਲਾ ਖਿਡਾਰੀ ਨੇ ਲੁਧਿਆਣਾ ਵਿੱਚ ਇੰਡੀਅਨ ਐਥਲੈਟਿਕਸ ਸੀਰੀਜ਼-9 ਦੌਰਾਨ 20.72 ਮੀਟਰ ਦੀ ਥਰੋਅ ਸੁੱਟ ਕੇ ਰਾਸ਼ਟਰਮੰਡਲ ਖੇਡਾਂ 2026 ਦੇ ਕੁਆਲੀਫਿਕੇਸ਼ਨ ਮਾਪਦੰਡ ਨੂੰ ਸਫਲਤਾਪੂਰਵਕ ਪਾਰ ਕਰ ਲਿਆ। ਭਾਰਤ ਦੇ ਸਭ ਤੋਂ ਸਫਲ ਸ਼ਾਟਪੁੱਟ ਖਿਡਾਰੀ ਤੂਰ ਲਈ ਇਹ ਥਰੋਅ ਸਿਰਫ਼ ਕੁਆਲੀਫਿਕੇਸ਼ਨ ਮਾਰਕ ਤੋਂ ਕਿਤੇ ਵੱਧ ਸੀ। ਸੱਟਾਂ ਨਾਲ ਜੂਝਦਿਆਂ ਲੰਘੇ ਦੋ ਸਾਲਾਂ ਬਾਅਦ ਉਸ ਦੀ ਲੈਅ ਵਿੱਚ ਵਾਪਸੀ ਦਾ ਪ੍ਰਤੀਕ ਸੀ ਅਤੇ ਇਸ ਨੇ ਉਸ ਦੇ ਇਸ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਕਿ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ 22 ਮੀਟਰ ਦਾ ਰਿਕਾਰਡ ਹੁਣ ਆਖ਼ਰਕਾਰ ਉਸ ਦੀ ਪਹੁੰਚ ਵਿੱਚ ਹੈ।

ਦੋ ਵਾਰ ਦਾ ਏਸ਼ਿਆਈ ਖੇਡਾਂ ਦਾ ਚੈਂਪੀਅਨ ਅਤੇ ਦੋ ਵਾਰ ਦਾ ਓਲੰਪੀਅਨ ਤੂਰ ਪਿਛਲੇ ਲਗਪਗ ਇੱਕ ਦਹਾਕੇ ਤੋਂ ਭਾਰਤੀ ਸ਼ਾਟਪੁੱਟ 'ਤੇ ਰਾਜ ਕਰ ਰਿਹਾ ਹੈ। 21.77 ਮੀਟਰ ਦੇ ਆਪਣੇ ਨਿੱਜੀ ਸਰਬੋਤਮ ਪ੍ਰਦਰਸ਼ਨ ਨਾਲ ਕੌਮੀ ਰਿਕਾਰਡ ਧਾਰਕ ਤੂਰ ਦੇ ਨਾਮ ਏਸ਼ਿਆਈ ਖੇਡਾਂ ਦਾ ਰਿਕਾਰਡ ਵੀ ਹੈ ਅਤੇ ਉਹ ਕੁਝ ਸਮੇਂ ਲਈ ਏਸ਼ਿਆਈ ਰਿਕਾਰਡ ਵੀ ਆਪਣੇ ਨਾਮ ਕਰ ਚੁੱਕਾ ਹੈ, ਜੋ ਬਾਅਦ ਵਿੱਚ ਟੁੱਟ ਗਿਆ ਸੀ। ਇਸ ਸ਼ਾਨਦਾਰ ਸਫ਼ਰ ਦੇ ਬਾਵਜੂਦ, ਪੰਜਾਬ ਦੇ ਇਸ ਐਥਲੀਟ ਦਾ ਮੰਨਣਾ ਹੈ ਕਿ ਉਸ ਦਾ ਸਰਬੋਤਮ ਪ੍ਰਦਰਸ਼ਨ ਆਉਣਾ ਅਜੇ ਬਾਕੀ ਹੈ।

# ਵਿਮੈਨਜ਼ T20 ਵਰਲਡ ਕੱਪ: ਆਇਰਲੈਂਡ ਨੇ ਵੈਸਟਇੰਡੀਜ਼ ਨੂੰ ਹਰਾਇਆ – 12 ਸਾਲਾਂ ਬਾਅਦ ਇਤਿਹਾਸਕ ਜਿੱਤ!

ਆਇਰਲੈਂਡ ਨੇ ਮਹਿਲਾ ਟੀ-20 ਵਿਸ਼ਵ ਕੱਪ ਵਿੱਚ 12 ਸਾਲਾਂ ਤੋਂ ਚੱਲ ਰਿਹਾ ਆਪਣੀ ਹਾਰਾਂ ਦਾ ਸਿਲਸਿਲਾ ਖ਼ਤਮ ਕਰ ਦਿੱਤਾ। ਸ਼ਨਿਚਰਵਾਰ ਨੂੰ ਖੇਡੇ ਗਏ ਮੈਚ ਵਿੱਚ ਆਇਰਲੈਂਡ ਨੇ ਵੈਸਟਇੰਡੀਜ਼ ਨੂੰ ਛੇ ਵਿਕਟਾਂ ਨਾਲ ਹਰਾ ਕੇ ਟੂਰਨਾਮੈਂਟ ਦੇ ਇਤਿਹਾਸ ਵਿੱਚ ਆਪਣੀ ਪਹਿਲੀ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਆਇਰਲੈਂਡ ਲਗਾਤਾਰ 21 ਮੈਚ ਹਾਰ ਚੁੱਕਾ ਸੀ।

ਜੇਕਰ ਵੈਸਟਇੰਡੀਜ਼ ਇਹ ਮੈਚ ਜਿੱਤ ਜਾਂਦਾ ਤਾਂ ਉਹ ਸਿੱਧਾ ਸੈਮੀਫਾਈਨਲ ਵਿੱਚ ਪਹੁੰਚ ਜਾਂਦਾ ਪਰ ਹਾਰ ਕਾਰਨ ਹੁਣ ਮੌਜੂਦਾ ਚੈਂਪੀਅਨ ਨਿਊਜ਼ੀਲੈਂਡ ਲਈ ਆਖ਼ਰੀ ਚਾਰ ਵਿੱਚ ਪਹੁੰਚਣ ਦਾ ਮੌਕਾ ਬਣ ਗਿਆ ਹੈ। ਜੇ ਨਿਊਜ਼ੀਲੈਂਡ ਇੰਗਲੈਂਡ ਨੂੰ ਹਰਾ ਦਿੰਦਾ ਹੈ ਤਾਂ ਉਹ ਸੈਮੀਫਾਈਨਲ ਵਿੱਚ ਪਹੁੰਚ ਜਾਵੇਗਾ। ਜੇ ਇੰਗਲੈਂਡ ਜਿੱਤਦਾ ਹੈ ਤਾਂ ਵੈਸਟਇੰਡੀਜ਼



ਸੈਮੀਫਾਈਨਲ ਲਈ ਕੁਆਲੀਫਾਈ ਕਰੇਗਾ।

ਪਹਿਲਾਂ ਬੱਲੇਬਾਜ਼ੀ ਕਰਦਿਆਂ ਵੈਸਟਇੰਡੀਜ਼ ਨੇ ਸੱਤ ਵਿਕਟਾਂ ਦੇ ਨੁਕਸਾਨ 'ਤੇ 128 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿੱਚ ਆਇਰਲੈਂਡ ਨੇ 18.1 ਓਵਰਾਂ ਵਿੱਚ ਚਾਰ ਵਿਕਟਾਂ ਗੁਆ ਕੇ 129 ਦੌੜਾਂ ਬਣਾ ਕੇ ਮੈਚ ਆਪਣੇ ਨਾਮ ਕਰ ਲਿਆ।

ਆਇਰਲੈਂਡ ਦੀ ਜਿੱਤ ਵਿੱਚ ਓਰਲਾ ਪ੍ਰੈਂਡਰਗਾਸਟ ਨੇ ਸਭ ਤੋਂ ਵੱਡਾ ਯੋਗਦਾਨ ਪਾਇਆ। ਉਨ੍ਹਾਂ ਨੇ 44 ਗੇਂਦਾਂ ਵਿੱਚ 63 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ।

ਇਹ ਆਇਰਲੈਂਡ ਲਈ ਇਤਿਹਾਸਕ ਹਫ਼ਤਾ ਰਿਹਾ। ਇਸ ਤੋਂ ਪਹਿਲਾਂ ਪੁਰਸ਼ ਟੀਮ ਨੇ ਵੀ ਬੇਲਫਾਸਟ ਵਿੱਚ ਪਹਿਲੀ ਵਾਰ ਟੀ-20 ਮੁਕਾਬਲੇ ਵਿੱਚ ਭਾਰਤ ਨੂੰ ਹਰਾਇਆ ਸੀ।

ਦੂਜੇ ਮੈਚ ਵਿੱਚ ਪਾਕਿਸਤਾਨ ਨੇ ਨੈਦਰਲੈਂਡਜ਼ ਨੂੰ 37 ਦੌੜਾਂ ਨਾਲ ਹਰਾ ਕੇ ਆਪਣੀ ਮੁਹਿੰਮ ਦਾ ਅੰਤ ਜਿੱਤ ਨਾਲ ਕੀਤਾ।

ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਨੇ ਛੇ ਵਿਕਟਾਂ ਦੇ ਨੁਕਸਾਨ 'ਤੇ 126 ਦੌੜਾਂ ਬਣਾਈਆਂ। ਸਲਾਮੀ ਬੱਲੇਬਾਜ਼ ਗੁੱਲ ਫਿਰੋਜ਼ਾ ਨੇ 52 ਗੇਂਦਾਂ ਵਿੱਚ ਨਾਬਾਦ 63 ਦੌੜਾਂ ਬਣਾਈਆਂ। ਉਸ ਨੇ ਆਪਣੀ ਪਾਰੀ ਵਿੱਚ ਨੌਂ ਚੌਕੇ ਲਗਾਏ ਅਤੇ ਟੀ-20 ਵਿਸ਼ਵ ਕੱਪ ਵਿੱਚ ਆਪਣਾ ਪਹਿਲਾ ਅਰਧ ਸੈਂਕੜਾ ਜੜਿਆ। ਆਇਸ਼ਾ ਜ਼ਫ਼ਰ ਨੇ 32 ਦੌੜਾਂ ਦਾ ਯੋਗਦਾਨ ਦਿੱਤਾ ਅਤੇ ਦੋਵਾਂ ਨੇ ਪਹਿਲੀ ਵਿਕਟ ਲਈ 79 ਦੌੜਾਂ ਦੀ ਸਾਂਝੇਦਾਰੀ ਕੀਤੀ। 126 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਨੈਦਰਲੈਂਡਜ਼ ਦੀ ਪੂਰੀ ਟੀਮ 18 ਓਵਰਾਂ ਵਿੱਚ 89 ਦੌੜਾਂ 'ਤੇ ਆਲ ਆਊਟ ਹੋ ਗਈ।

ਪਾਕਿਸਤਾਨ ਲਈ ਨਸ਼ਰਾ ਸੰਧੂ, ਹਸਨ ਅਤੇ ਆਇਸ਼ਾ ਜ਼ਫ਼ਰ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ। ਆਇਸ਼ਾ ਜ਼ਫ਼ਰ ਨੇ ਆਪਣੇ ਟੀ-20 ਕਰੀਅਰ ਦਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਤਿੰਨ ਵਿਕਟਾਂ ਸਿਰਫ਼ 13 ਦੌੜਾਂ ਦੇ ਕੇ ਹਾਸਲ ਕੀਤੀਆਂ।

ਮੈਚ ਦੇ ਆਖ਼ਰੀ ਓਵਰ ਵਿੱਚ ਕਪਤਾਨ ਫਾਤਿਮਾ ਸਨਾ ਨੇ ਤਿੰਨ ਬੱਲੇਬਾਜ਼ਾਂ ਨੂੰ ਬੋਲਡ ਕਰਕੇ ਪਾਕਿਸਤਾਨ ਦੀ ਜਿੱਤ 'ਤੇ ਮੋਹਰ ਲਗਾ ਦਿੱਤੀ। ਉਨ੍ਹਾਂ ਦੀਆਂ ਵਿਕਟਾਂ ਵਿੱਚ ਨੀਦਰਲੈਂਡ ਦੀ ਕਪਤਾਨ ਅਤੇ ਸਭ ਤੋਂ ਵੱਧ 30 ਦੌੜਾਂ ਬਣਾਉਣ ਵਾਲੀ ਬਾਬੇਟ ਡੇ ਲੀਡੇ ਵੀ ਸ਼ਾਮਲ ਸੀ।

## ਫਰਾਂਸ ਨੇ ਨਾਰਵੇ ਨੂੰ 4-1 ਨਾਲ ਹਰਾਇਆ ਉਸਮਾਨੇ ਡੈਂਬੇਲੇ ਦੀ ਹੈਟ-ਟ੍ਰਿਕ ਨਾਲ ਸ਼ਾਨਦਾਰ ਜਿੱਤ!

'ਗੋਲਡਨ ਬੂਟ' ਦੀ ਦੌੜ ਵਿੱਚ ਲਿਓਨਲ ਮੈਸੀ ਅਤੇ ਕਿਲੀਅਨ ਐਮਬਾਪੇ ਦੇ ਨਾਲ ਹੁਣ ਓਸਮਾਨ ਡੈਂਬਲੇ ਵੀ ਸ਼ਾਮਲ ਹੋ ਗਿਆ ਹੈ। ਸ਼ੁੱਕਰਵਾਰ ਨੂੰ ਆਲਮੀ ਕੱਪ ਦੇ ਇੱਕ ਮੁਕਾਬਲੇ ਵਿੱਚ ਡੈਂਬਲੇ ਨੇ ਪਹਿਲੇ ਅੱਧ ਵਿੱਚ ਸ਼ਾਨਦਾਰ ਹੈਟ੍ਰਿਕ ਮਾਰੀ, ਜਿਸ ਵਿੱਚ ਇੱਕ ਗੋਲ ਐਮਬਾਪੇ ਦੇ ਪਾਸ 'ਤੇ ਹੋਇਆ। ਇਸ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਫਰਾਂਸ ਨੇ ਨਾਰਵੇ ਨੂੰ 4-1 ਨਾਲ ਕਰਾਰੀ ਹਾਰ ਦਿੱਤੀ। ਡੈਂਬਲੇ ਨੇ ਮੈਚ ਦੇ 7ਵੇਂ, 20ਵੇਂ ਅਤੇ 32ਵੇਂ ਮਿੰਟ ਵਿੱਚ ਗੋਲ ਕੀਤੇ। ਆਲਮੀ ਕੱਪ ਦੇ ਇਤਿਹਾਸ ਵਿੱਚ 1994 (ਅਮਰੀਕਾ) ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਕਿਸੇ



ਖਿਡਾਰੀ ਨੇ ਪਹਿਲੇ ਅੱਧ ਵਿੱਚ ਹੈਟ੍ਰਿਕ ਬਣਾਈ ਹੋਵੇ। ਇਸ ਤੋਂ ਪਹਿਲਾਂ ਰੂਸ ਦੇ ਫਾਰਵਰਡ ਓਲੇਗ ਸਾਲੈਂਕੋ ਨੇ 1994 ਦੇ ਆਲਮੀ ਕੱਪ ਵਿੱਚ ਕੈਮਰੂਨ ਖ਼ਿਲਾਫ਼ ਖੇਡਦਿਆਂ ਪਹਿਲੇ 45 ਮਿੰਟਾਂ ਵਿੱਚ ਪੰਜ ਵਿੱਚੋਂ ਤਿੰਨ ਗੋਲ ਕੀਤੇ ਸਨ।

## ਮਹਿਲਾ ਟੀ-20 ਵਿਸ਼ਵ ਕੱਪ: ਭਾਰਤ ਨੇ ਬੰਗਲਾਦੇਸ਼ ਨੂੰ 5 ਵਿਕਟਾਂ ਨਾਲ ਹਰਾਇਆ

ਮਹਿਲਾ ਟੀ-20 ਵਿਸ਼ਵ ਕੱਪ ਦੇ ਅਹਿਮ ਗਰੁੱਪ ਮੈਚ ਵਿੱਚ ਭਾਰਤ ਨੇ ਬੰਗਲਾਦੇਸ਼ ਨੂੰ 5 ਵਿਕਟਾਂ ਨਾਲ ਹਰਾ ਦਿੱਤਾ। ਪਹਿਲਾਂ ਬੱਲੇਬਾਜ਼ੀ ਕਰਦਿਆਂ ਬੰਗਲਾਦੇਸ਼ ਨੇ 8 ਵਿਕਟਾਂ 'ਤੇ 136 ਦੌੜਾਂ ਬਣਾਈਆਂ। ਜਵਾਬ ਵਿੱਚ ਭਾਰਤ ਨੇ 16.5 ਓਵਰਾਂ ਵਿੱਚ 5 ਵਿਕਟਾਂ ਗੁਆ ਕੇ 139 ਦੌੜਾਂ ਬਣਾਕੇ ਜਿੱਤ ਦਰਜ ਕੀਤੀ।

ਭਾਰਤ ਵੱਲੋਂ ਸ਼ੈਫਾਲੀ ਵਰਮਾ ਨੇ 34 ਗੇਂਦਾਂ 'ਤੇ 53 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ, ਜਦਕਿ ਯਾਸਤਿਕਾ ਭਾਟੀਆ ਨੇ 23 ਅਤੇ ਜੇਮੀਮਾ ਰੌਡਰਿਗਜ਼ ਨੇ 15 ਗੇਂਦਾਂ 'ਤੇ 26 ਦੌੜਾਂ ਬਣਾਈਆਂ। ਕਪਤਾਨ ਹਰਮਨਪ੍ਰੀਤ ਕੌਰ 13



ਅਤੇ ਦੀਪਤੀ ਸ਼ਰਮਾ 5 ਦੌੜਾਂ ਬਣਾ ਕੇ ਨਾਬਾਦ ਰਹੀਆਂ।

ਇਸ ਤੋਂ ਪਹਿਲਾਂ ਭਾਰਤੀ ਫ਼ੀਲਡਰਾਂ ਨੇ ਚਾਰ ਆਸਾਨ ਕੈਚ ਛੱਡੇ, ਜਿਸ ਨਾਲ ਬੰਗਲਾਦੇਸ਼ 136 ਦੌੜਾਂ ਤੱਕ ਪਹੁੰਚਿਆ। ਰਾਧਾ ਯਾਦਵ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 28 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ।

# ਫੀਫਾ ਵਰਲਡ ਕੱਪ 2026: ਫਰਾਂਸ ਨੇ 1998 ਤੋਂ ਬਾਅਦ ਪਹਿਲੀ ਵਾਰ ਗਰੁੱਪ ਦੇ ਸਾਰੇ ਮੈਚ ਜਿੱਤੇ — ਖਿਤਾਬ ਦਾ ਮਜ਼ਬੂਤ ਦਾਅਵੇਦਾਰ!

ਫੀਫਾ ਵਿਸ਼ਵ ਕੱਪ 2026 ਦੇ ਆਪਣੇ ਆਖਰੀ ਗਰੁੱਪ ਮੈਚ ਵਿੱਚ ਫਰਾਂਸ ਨੇ ਨਾਰਵੇ ਨੂੰ 4-1 ਨਾਲ ਹਰਾ ਕੇ ਵੱਡੀ ਜਿੱਤ ਦਰਜ ਕੀਤੀ। ਇਸ ਜਿੱਤ ਨਾਲ ਫਰਾਂਸ ਨੇ 1998 ਦੇ ਵਿਸ਼ਵ ਕੱਪ ਤੋਂ ਬਾਅਦ ਪਹਿਲੀ ਵਾਰ ਕਿਸੇ ਵੱਡੇ ਟੂਰਨਾਮੈਂਟ ਦੇ ਗਰੁੱਪ ਪੜਾਅ ਦੇ ਤਿੰਨੋਂ ਮੈਚ ਜਿੱਤੇ। ਇਸ ਮੈਚ ਵਿੱਚ ਉਸਮਾਨ ਡੇਮਬੇਲੇ ਦੀ ਸ਼ਾਨਦਾਰ ਹੈਟ੍ਰਿਕ ਅਤੇ ਕਪਤਾਨ ਐਮਬਾਪੇ ਦੀ ਕਾਰਗੁਜ਼ਾਰੀ ਸਭ ਤੋਂ ਵੱਡੀ ਖਾਸੀਅਤ ਰਹੇ।

ਡੇਮਬੇਲੇ ਨੇ ਵਿਸ਼ਵ ਕੱਪ ਵਿੱਚ ਆਪਣੇ ਕਰੀਅਰ ਦੀ ਪਹਿਲੀ ਹੈਟ੍ਰਿਕ ਲਗਾਈ, ਜਦਕਿ ਐਮਬਾਪੇ ਨੇ ਦੋ ਗੋਲਾਂ ਨਾਲ ਟੀਮ ਦੀ ਜਿੱਤ ਵਿੱਚ ਅਹਿਮ ਯੋਗਦਾਨ ਪਾਇਆ। ਐਰਲਿੰਗ ਹਾਲੈਂਡ ਤੋਂ ਬਿਨਾਂ ਉਤਰੀ ਨਾਰਵੇ ਦੀ ਟੀਮ ਫਰਾਂਸ ਦੇ ਹਮਲਿਆਂ ਦਾ ਮੁਕਾਬਲਾ ਨਹੀਂ ਕਰ ਸਕੀ ਅਤੇ ਫਰਾਂਸ ਨੇ 4-1 ਨਾਲ ਜਿੱਤ ਦਰਜ ਕਰਦੇ ਹੋਏ ਸ਼ਾਨਦਾਰ ਅੰਦਾਜ਼ ਵਿੱਚ ਰਾਊਂਡ ਆਫ਼ 32 ਵਿੱਚ ਥਾਂ ਬਣਾ ਲਈ। ਫਰਾਂਸ ਨੇ 1998 ਦੇ ਫੀਫਾ ਵਿਸ਼ਵ ਕੱਪ ਤੋਂ ਬਾਅਦ ਪਹਿਲੀ ਵਾਰ ਕਿਸੇ ਵੱਡੇ ਟੂਰਨਾਮੈਂਟ ਦੇ ਗਰੁੱਪ ਪੜਾਅ ਦੇ ਸਾਰੇ ਮੈਚ ਜਿੱਤੇ ਹਨ। 1998 ਵਿੱਚ ਫਰਾਂਸ ਨੇ ਪਹਿਲੀ ਵਾਰ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ ਸੀ ਅਤੇ ਫਾਈਨਲ ਵਿੱਚ ਬ੍ਰਾਜ਼ੀਲ ਨੂੰ ਹਰਾਇਆ ਸੀ। ਇਸ ਵਾਰ ਵੀ ਗਰੁੱਪ ਪੜਾਅ ਵਿੱਚ ਕਲੀਨ ਸਵੀਪ ਕਰਕੇ ਫਰਾਂਸ ਨੇ ਸੰਕੇਤ ਦਿੱਤਾ ਹੈ ਕਿ ਉਹ ਵਿਸ਼ਵ ਕੱਪ ਜਿੱਤਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਡੇਮਬੇਲੇ ਅਤੇ ਐਮਬਾਪੇ ਦੀ ਜੋੜੀ ਹੁਣ ਫੀਫਾ ਵਿਸ਼ਵ ਕੱਪ ਦੇ ਇੱਕ ਹੀ ਐਡੀਸ਼ਨ ਵਿੱਚ ਪੰਜ ਗੋਲਾਂ ਵਿੱਚ ਮਿਲ ਕੇ ਯੋਗਦਾਨ ਪਾਉਣ ਵਾਲੀ ਸਿਰਫ਼ ਤੀਜੀ ਜੋੜੀ ਬਣ ਗਈ ਹੈ। ਨਾਰਵੇ ਖ਼ਿਲਾਫ਼ ਮੈਚ ਵਿੱਚ ਐਮਬਾਪੇ ਨੇ ਡੇਮਬੇਲੇ ਦੇ ਦੋ ਗੋਲਾਂ ਲਈ ਅਸਿਸਟ ਦਿੱਤੇ। ਇਸ ਤੋਂ ਪਹਿਲਾਂ ਇਹ ਰਿਕਾਰਡ ਪੋਲੈਂਡ ਦੇ ਆਂਡਰੇਜ ਸ਼ਾਰਮਾਖ ਅਤੇ ਗ੍ਰੇਗੋਰਜ਼ ਲਾਟੋ ਅਤੇ ਜਰਮਨੀ ਦੇ ਮਿਰੋਸਲਾਵ ਕਲੋਜ਼ੇ ਅਤੇ ਮਾਈਕਲ ਬਾਲਾਕ ਦੀਆਂ ਜੋੜੀਆਂ ਦੇ ਨਾਮ ਸੀ।

ਫਰਾਂਸ ਨੇ ਆਪਣੇ ਲਗਾਤਾਰ ਵਿਸ਼ਵ ਕੱਪ ਮੈਚਾਂ ਵਿੱਚ ਤਿੰਨ-ਤਿੰਨ ਗੋਲ ਕੀਤੇ ਹਨ। ਇਹ ਕਿਸੇ ਵੀ ਟੀਮ ਵੱਲੋਂ ਲਗਾਤਾਰ ਵਿਸ਼ਵ ਕੱਪ ਮੈਚਾਂ ਵਿੱਚ ਤਿੰਨ ਜਾਂ ਇਸ ਤੋਂ ਵੱਧ ਗੋਲ ਕਰਨ ਦਾ ਸਾਂਝਾ ਸਭ ਤੋਂ ਲੰਬਾ ਸਿਲਸਿਲਾ ਹੈ। 1998 ਤੋਂ 2002 ਦਰਮਿਆਨ ਸਪੇਨ ਨੇ ਵੀ ਅਜਿਹਾ ਪ੍ਰਦਰਸ਼ਨ ਕੀਤਾ ਸੀ।

ਡੇਮਬੇਲੇ ਨੇ ਇਸ ਮੈਚ ਵਿੱਚ ਇਤਿਹਾਸ ਰਚਦਿਆਂ 1994 ਤੋਂ ਬਾਅਦ ਵਿਸ਼ਵ ਕੱਪ ਦੇ ਪਹਿਲੇ ਅੱਧ ਵਿੱਚ ਹੈਟ੍ਰਿਕ ਕਰਨ ਵਾਲੇ ਪਹਿਲੇ ਖਿਡਾਰੀ ਬਣਨ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਇਹ 1994 ਵਿੱਚ ਓਲੇਗ ਸਲੇਨਕੋ ਨੇ ਕੀਤਾ ਸੀ।

ਸ਼ੁੱਕਰਵਾਰ ਨੂੰ ਫਾਕਸਬੋਰੋ ਵਿੱਚ ਖੇਡੇ ਗਏ ਇਸ ਮੈਚ ਵਿੱਚ ਡੇਮਬੇਲੇ ਨੇ ਸਿਰਫ਼ 32 ਮਿੰਟਾਂ ਵਿੱਚ ਆਪਣੀ ਹੈਟ੍ਰਿਕ ਪੂਰੀ ਕਰ ਲਈ। ਇਹ ਵਿਸ਼ਵ ਕੱਪ ਦੇ ਇਤਿਹਾਸ ਦੀ ਦੂਜੀ ਸਭ ਤੋਂ ਤੇਜ਼ ਹੈਟ੍ਰਿਕ ਹੈ। ਇਸ ਤੋਂ ਪਹਿਲਾਂ 1954 ਵਿੱਚ ਆਸਟਰੀਆ ਦੇ ਐਰਿਕ ਪ੍ਰੋਬਸਟ ਨੇ ਚੈਕੋਸਲੋਵਾਕੀਆ ਖ਼ਿਲਾਫ਼ ਸਿਰਫ਼ 24 ਮਿੰਟਾਂ ਵਿੱਚ ਹੈਟ੍ਰਿਕ ਕੀਤੀ ਸੀ।

ਡੇਮਬੇਲੇ ਹੁਣ ਵਿਸ਼ਵ ਕੱਪ ਵਿੱਚ ਹੈਟ੍ਰਿਕ ਕਰਨ ਵਾਲੇ ਸਿਰਫ਼ ਤੀਜੇ ਫਰਾਂਸੀਸੀ ਖਿਡਾਰੀ ਬਣ ਗਏ ਹਨ। ਉਨ੍ਹਾਂ ਤੋਂ ਪਹਿਲਾਂ ਇਹ ਉਪਲਬਧੀ ਜਸਟ ਫੋਂਟੇਨ ਅਤੇ ਕਾਇਲੀਅਨ ਐਮਬਾਪੇ ਹਾਸਲ ਕਰ ਚੁੱਕੇ ਹਨ।

ਡੇਮਬੇਲੇ ਦੀ ਹੈਟ੍ਰਿਕ ਦਾ ਤੀਜਾ ਗੋਲ ਵੀ ਖਾਸ ਰਿਹਾ। **ਓਪਟਾਜੋ** ਦੇ ਅਨੁਸਾਰ, ਇਸ ਵਿਸ਼ਵ ਕੱਪ ਦੇ ਹੁਣ ਤੱਕ ਹੋਏ 182 ਗੋਲਾਂ ਵਿੱਚ ਇਹ ਪਹਿਲਾ ਗੋਲ ਸੀ, ਜਿਸ ਦੀ ਤਿਆਰੀ ਵਿੱਚ ਫਰਾਂਸ ਦੀ ਟੀਮ ਦੇ ਸਾਰੇ 11 ਖਿਡਾਰੀਆਂ ਨੇ ਗੇਂਦ ਨੂੰ ਛੂਹਿਆ।

ਮੈਚ ਦੀ ਸ਼ੁਰੂਆਤ ਤੋਂ ਹੀ ਫਰਾਂਸ ਨੇ ਹਮਲਾਵਰ ਖੇਡ ਦਿਖਾਈ। ਡੇਮਬੇਲੇ ਨੇ ਸੱਤਵੇਂ ਮਿੰਟ ਵਿੱਚ ਸ਼ਾਨਦਾਰ ਗੋਲ ਕਰਕੇ ਖਾਤਾ ਖੋਲ੍ਹਿਆ। ਇਸ ਤੋਂ ਬਾਅਦ 20ਵੇਂ ਮਿੰਟ ਵਿੱਚ ਬਾਕਸ ਤੋਂ ਬਾਹਰ ਖੱਬੇ ਪੈਰ ਨਾਲ ਜ਼ਬਰਦਸਤ ਸ਼ਾਟ ਲਗਾ ਕੇ ਆਪਣਾ ਦੂਜਾ ਗੋਲ ਕੀਤਾ।

ਨਾਰਵੇ ਨੇ 21ਵੇਂ ਮਿੰਟ ਵਿੱਚ ਥੇਲੋ ਆਸਗਾਰਡ ਦੇ ਗੋਲ ਨਾਲ ਵਾਪਸੀ ਦੀ ਕੋਸ਼ਿਸ਼ ਕੀਤੀ, ਪਰ ਡੇਮਬੇਲੇ ਨੇ 32ਵੇਂ ਮਿੰਟ ਵਿੱਚ ਤਾਕਤਵਰ ਸ਼ਾਟ ਨਾਲ ਆਪਣੀ ਹੈਟ੍ਰਿਕ ਪੂਰੀ ਕਰਕੇ ਫਰਾਂਸ ਨੂੰ ਮੁੜ ਦੋ ਗੋਲਾਂ ਦੀ ਬੜ੍ਹਤ ਦਿਵਾ ਦਿੱਤੀ।

ਇਸ ਮੈਚ ਵਿੱਚ ਦਰਸ਼ਕ ਕਾਇਲੀਅਨ ਐਮਬਾਪੇ ਅਤੇ ਐਰਲਿੰਗ ਹਾਲੈਂਡ ਵਿਚਾਲੇ ਹੋਣ ਵਾਲੇ ਬਹੁਚਰਚਿਤ ਮੁਕਾਬਲੇ ਨੂੰ ਨਹੀਂ ਦੇਖ ਸਕੇ। ਨਾਰਵੇ ਦੇ ਕੋਚ ਸਟਾਲੇ ਸੋਲਬਾਕਨ ਨੇ ਆਪਣੇ 10 ਨਿਯਮਿਤ ਖਿਡਾਰੀਆਂ ਨੂੰ ਆਰਾਮ ਦਿੱਤਾ, ਜਿਨ੍ਹਾਂ ਵਿੱਚ ਸਟਾਰ ਸਟਰਾਈਕਰ ਐਰਲਿੰਗ ਹਾਲੈਂਡ ਅਤੇ ਕਪਤਾਨ ਮਾਰਟਿਨ ਓਡੇਗਾਰਡ ਵੀ ਸ਼ਾਮਲ ਸਨ।

# ਹਾਕੀ ਦਾ ਬਾਬਾ ਬੋਹੜ ਊਧਮ ਸਿੰਘ ‘ਊਧੀ’



-ਪ੍ਰਿੰ. ਸਰਵਣ ਸਿੰਘ

ਊਧਮ ਸਿੰਘ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਹੈ। ਉਹ ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ ਜਿਸ ਦਾ ਨਿੱਕਨੇਮ ‘ਊਧੀ’ ਸੀ। ਸੰਸਾਰਪੁਰ ਦਾ ਕੋਈ ਮੁੰਡਾ ਜੇ ਪੜ੍ਹਾਈ ਵਿੱਚ ਚੱਲ ਨਾ ਸਕਦਾ ਤਾਂ ਮਾਪੇ ਕਹਿੰਦੇ, “ਚੱਲ ਊਧੀ ਬਣਜਾ।” ਭਾਵ ਹਾਕੀ ਦੇ ਸਿਰ ਉੱਤੇ ਠਾਣੇਦਾਰ ਬਣਜਾ! ਊਧੀ ਪੰਜ ਓਲੰਪਿਕਸ ਖੇਡਣ ਲਈ ਚੁਣਿਆ ਗਿਆ, ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਓਲੰਪਿਕਸ ਹੀ ਖੇਡ ਸਕਿਆ। ਓਲੰਪਿਕ ਖੇਡਾਂ ਵਿੱਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ, ਜੋ ਹਾਲੇ ਤੱਕ ਓਲੰਪਿਕ ਰਿਕਾਰਡ ਹੈ। ਕੇਵਲ ਲੈਸਲੀ ਕਲੌਡੀਅਸ ਹੀ ਉਸ ਦੀ ਬਰਾਬਰੀ ਕਰ ਸਕਿਆ। ਉਹ ਦੋਵੇਂ ਨਿੱਕੇ ਕੱਦਾਂ ਵਾਲੇ ਸਨ, ਜੋ ਵਿਸ਼ਵ ਦੇ ਮਹਾਨ ਹਾਕੀ ਖਿਡਾਰੀ ਸਾਬਤ ਹੋਏ।

ਊਧਮ ਸਿੰਘ ਦਾ ਕੱਦ 5 ਫੁੱਟ 6 ਇੰਚ ਸੀ ਤੇ ਲੈਸਲੀ ਕਲੌਡੀਅਸ ਦਾ 5 ਫੁੱਟ 4 ਇੰਚ। ਊਧਮ ਸਿੰਘ 55-60 ਕਿਲੋ ਸਰੀਰਕ ਵਜ਼ਨ ਨਾਲ ਚਾਰ ਦਹਾਕੇ ਸਰਗਰਮ ਹਾਕੀ ਖੇਡਿਆ। ਉਸ ਨੇ ਆਪਣੇ ਹਾਣੀਆਂ ਨਾਲ ਤਾਂ ਖੇਡਣਾ ਹੀ ਸੀ, ਉਨ੍ਹਾਂ ਦੇ ਪੁੱਤਰਾਂ ਨਾਲ ਵੀ ਖੇਡਿਆ ਤੇ ਪੋਤਰਿਆਂ ਨੂੰ ਡਾਜਾਂ ਮਾਰਦਾ ਰਿਹਾ। ਇਹ ਗੱਲ ਅਫ਼ਸੋਸ ਨਾਲ ਲਿਖਣੀ ਪੈਂਦੀ ਹੈ ਕਿ ਜਿੱਡਾ ਵੱਡਾ ਉਹ ਖਿਡਾਰੀ ਸੀ, ਓਡਾ ਮਾਣ ਸਨਮਾਨ ਨਹੀਂ ਮਿਲਿਆ। ਕੇਵਲ ਅਰਜਨ ਐਵਾਰਡ ਹੀ ਮਿਲ ਸਕਿਆ।

ਉਸ ਦਾ ਜਨਮ 31 ਜੁਲਾਈ 1928 ਨੂੰ ਹਾਕੀ ਦੇ ਘਰ ਸੰਸਾਰਪੁਰ ਵਿੱਚ ਹਜ਼ਾਰਾ ਸਿੰਘ ਕੁਲਾਰ ਤੇ ਮਾਤਾ ਹੁਕਮ ਕੌਰ ਦੇ ਘਰ ਹੋਇਆ। ਉਹ ਨਿੱਕਾ ਹੁੰਦਾ ਹੀ ਜਲੰਧਰ ਛਾਉਣੀ ਦੇ ਗਰਾਊਂਡ ਵਿੱਚ ਹਾਕੀ ਖੇਡਣ ਲੱਗ ਪਿਆ ਸੀ। ਐੱਨ ਡੀ ਵਿਕਟਰ ਹਾਈ ਸਕੂਲ ਤੋਂ ਦਸਵੀਂ ਕਰ ਕੇ ਉਹ ਡੀ ਏ ਵੀ ਕਾਲਜ ਜਲੰਧਰ ਵਿੱਚ ਐੱਫ ਏ ਦੀ ਪੜ੍ਹਾਈ ਕਰ ਰਿਹਾ ਸੀ ਜਦੋਂ ਉਸ ਨੂੰ ਵਧੀਆ ਹਾਕੀ ਖਿਡਾਰੀ ਵਜੋਂ ਪੰਜਾਬ ਪੁਲੀਸ ਵਿੱਚ ਭਰਤੀ ਕਰ ਲਿਆ ਗਿਆ। ਉਹ 1947 ਤੋਂ 1978 ਤੱਕ ਪੰਜਾਬ ਪੁਲੀਸ ਅਤੇ ਬੀ ਐੱਸ ਐੱਫ ਵੱਲੋਂ ਮੁਕਾਬਲੇ ਦੀ ਹਾਕੀ ਖੇਡਿਆ। ਹਾਕੀ ਦੀ ਕੋਚਿੰਗ ਉਹ ਉਮਰ ਦੇ ਆਖ਼ਰੀ ਦਮਾਂ ਤੱਕ ਦਿੰਦਾ ਰਿਹਾ। ਮੈਰਿਟ ਉਤੇ ਜਲੰਧਰ ਦੇ ਕਿਸੇ ਹਾਕੀ ਸਟੇਡੀਅਮ ਜਾਂ ਨਾਮੀ ਖੇਡ ਅਦਾਰੇ ਨਾਲ ਊਧਮ ਸਿੰਘ ਦਾ ਨਾਂ ਜੋੜ ਦੇਣਾ ਚਾਹੀਦੈ ਤਾਂ ਕਿ ਉਹਦਾ ਨਾਂ ਸਦਾ ਲਈ ਜਗਮਗਾਉਂਦਾ ਰਹੇ। ਸਕੂਲੀ ਪਾਠ ਪੁਸਤਕਾਂ ਵਿੱਚ ਵੀ ਉਹਦੇ ਖੇਡ ਜੀਵਨ ਬਾਰੇ ਲੇਖ ਪਾਇਆ ਜਾਣਾ ਚਾਹੀਦੈ ਤਾਂ ਕਿ ਵਿਦਿਆਰਥੀ ਖੇਡਾਂ ਖੇਡਣ ਲਈ ਪ੍ਰੇਰਿਤ ਹੋ ਸਕਣ।

ਬਿਨਾਂ ਨਾਗਾ ਦੌੜਨਾ, ਹਾਕੀ ਖੇਡਣਾ ਅਤੇ ਕਸਰਤ ਕਰਨੀ ਊਧੀ ਦਾ ਨਿੱਤਨੇਮ ਸੀ। ਸੰਸਾਰਪੁਰ ਦੇ ਰਾਹ, ਪਹੇ ਤੇ ਪਗਡੰਡੀਆਂ ਉਹਦੀਆਂ ਪੈੜਾਂ ਨਾਲ ਘਸੀਆਂ ਪਈਆਂ ਸਨ। ਹਾਕੀ ਦਾ ਫਾਰਵਰਡ ਖਿਡਾਰੀ ਇੱਕ ਮੈਚ ਵਿੱਚ ਔਸਤ ਬਾਰਾਂ ਤੋਂ ਪੰਦਰਾਂ ਕਿਲੋਮੀਟਰ ਦੌੜਦਾ ਹੈ। ਉਹ ਸੈਂਕੜੇ ਨਹੀਂ, ਹਜ਼ਾਰਾਂ ਮੈਚ ਖੇਡਿਆ। ਸਵੇਰੇ ਸ਼ਾਮ ਸਰੀਰ ਗਰਮਾਉਣ ਤੇ ਦਮ ਪਕਾਉਣ ਦੀਆਂ ਦੌੜਾਂ ਵੱਖਰੀਆਂ। ਉਹ ਘਰੋਂ ਸਕੂਲ ਤੇ ਗਰਾਊਂਡ ਤੱਕ ਦੌੜ ਕੇ ਜਾਂਦਾ। ਛਾਉਣੀ ਦੇ ਫੌਜੀਆਂ ਨੇ ਉਸ ਦਾ ਨਾਂ ‘ਫਲਾਈਂਗ ਜਨਤਾ’ ਰੱਖਿਆ ਸੀ। ਜਿੱਦਣ ਉਹ ਕਿਤੇ ਬਾਹਰ ਗਿਆ ਹੁੰਦਾ ਤਾਂ ਫੌਜੀ ਕਹਿੰਦੇ, “ਅੱਜ ‘ਫਲਾਈਂਗ ਜਨਤਾ’ ਨਹੀਂ ਆਈ!” ਜੇ ਕਿਤੇ ਉਹਦੇ ਦੌੜਨ ਦਾ ਪੂਰਾ ਰਿਕਾਰਡ ਰੱਖਿਆ ਹੁੰਦਾ ਤਾਂ ਊਧਮ ਸਿੰਘ ਉਰਫ਼ ‘ਫਲਾਈਂਗ ਜਨਤਾ’ ਨੇ ਲੱਖ ਮੀਲ ਤੋਂ ਕਿਤੇ ਵੱਧ ਦਾ ਸਫ਼ਰ ਤੈਅ ਕਰ ਲਿਆ ਹੋਣਾ ਸੀ!

ਉਹ ਬੀ ਐੱਸ ਐੱਫ ਦਾ ਕਮਾਂਡੈਂਟ ਬਣਿਆ ਤਾਂ ਮੈਂ ਉਸ ਨੂੰ ਮਿਲਣ ਉਹਦੇ ਦਫ਼ਤਰ ਜਲੰਧਰ ਗਿਆ। ਬਾਹਰ ਠੰਢੀ ਧੁੰਦ ਸੀ ਜਿਸ ਨਾਲ ਮੈਂ ਠਰਿਆ ਹੋਇਆ ਸਾਂ। ਜਿਸ ਨਿੱਘ ਤੇ ਤਪਾਕ ਨਾਲ ਉਹ ਮਿਲਿਆ ਮੇਰੀ ਸਾਰੀ ਠਾਰੀ ਦੂਰ ਹੋ ਗਈ। ਉਸ ਨੇ ਅਸਮਾਨੀ ਰੰਗ ਦੀ ਪੈਂਟ ਤੇ ਭੂਰੇ ਕੋਟ ਉੱਪਰ ਵੱਡੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ। ਆਮ ਬੰਦੇ ਚੀਚੀ ਨਾਲ ਦੀ ਉਂਗਲ ਵਿੱਚ ਛਾਪ ਪਾਉਂਦੇ ਹਨ, ਉਸ ਨੇ ਸਟੀਲ ਦਾ ਛੱਲਾ ਵਿਚਕਾਰਲੀ ਉਂਗਲ ਵਿੱਚ ਪਾਇਆ ਸੀ। ਜਦੋਂ ਉਹ ਹੱਥ ਚੁੱਕ ਕੇ ਗੱਲ ਕਰਦਾ ਤਾਂ ਉਹ ਛੱਲਾ ਮੱਲੋ ਮੱਲੀ ਧਿਆਨ ਖਿੱਚਦਾ। ਗੱਲੀ ਬਾਤੀਂ ਪਤਾ ਲੱਗਾ ਕਿ ਹਾਕੀ ਖੇਡਦਿਆਂ ਅੰਗੂਠੇ ਸਣੇ ਉਹਦੀਆਂ ਉਂਗਲਾਂ ਟੁੱਟ ਕੇ ਜੁੜੀਆਂ ਸਨ। ਇਹੋ ਵਿਚਕਾਰਲੀ ਉਂਗਲ ਹੀ ਕਰਾਮਾਤੀ ਸੀ ਜੋ ਸਲਾਮਤ ਰਹੀ।

ਉਸ ਨੇ ਦੱਸਿਆ, “ਮੈਂ 1948 ਦੀਆਂ ਓਲੰਪਿਕ ਖੇਡਾਂ ਲਈ ਭਾਰਤੀ ਟੀਮ ਵਿੱਚ ਚੁਣਿਆ ਗਿਆ ਸਾਂ, ਜੋ ਲੰਡਨ ਹੋਣੀਆਂ ਸਨ। ਟੀਮ ਦਾ ਕੈਂਪ ਬੰਬਈ ਦੇ ਬੀ ਐੱਚ ਏ ਗਰਾਊਂਡ ਵਿੱਚ ਲੱਗਾ ਸੀ। ਇੱਕ ਦਿਨ ਪ੍ਰੈਕਟਿਸ ਕਰਦਿਆਂ ਪੂਰਾ ਜ਼ੋਰ ਲਾ ਕੇ ਖੇਡਿਆ। ਕੋਚ ਨੇ ਮੈਨੂੰ ਆਰਾਮ ਕਰਨ ਨੂੰ ਕਿਹਾ, ਪਰ ਮੇਰੇ ਉੱਤੇ ਹੋਰ ਖੇਡਣ ਦਾ ਏਨਾ ਭੂਤ ਸਵਾਰ ਸੀ ਕਿ ਫੇਰ ਵੀ ਖੇਡੀ ਗਿਆ। ਖੇਡਦੇ-ਖੇਡਦੇ ਸੈਂਟਰ ਹਾਫ ਅਮੀਰ ਕੁਮਾਰ ਤੋਂ ਮੇਰੇ ਹੱਥ ਉੱਤੇ ਐਸੀ ਸਟਿੱਕ ਵੱਜੀ ਕਿ ਮੇਰੀਆਂ ਦੋ ਉਂਗਲਾਂ ਟੁੱਟ ਗਈਆਂ। ਉਹ ਸੱਟ ਮੈਨੂੰ ਬਹੁਤ ਮਹਿੰਗੀ ਪਈ। ਜੇ ਮੈਂ ਲੰਡਨ ਦੀ ਓਲੰਪਿਕ ਖੇਡ ਜਾਂਦਾ ਤਾਂ ਮੇਰੇ ਕੋਲ ਓਲੰਪਿਕ ਖੇਡਾਂ ਦੇ ਪੰਜ ਮੈਡਲ ਹੋ ਜਾਣੇ ਸਨ, ਜਿਨ੍ਹਾਂ ਦੀ ਬਰਾਬਰੀ ਸ਼ਾਇਦ ਕੋਈ ਵੀ ਨਾ ਕਰ ਸਕਦਾ।

ਊਧਮ ਸਿੰਘ ਦਾ ਪਿਤਾ 1930 ਵਿੱਚ ਵਲਾਇਤ ਚਲਾ ਗਿਆ ਸੀ। ਊਧੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਸੀ ਜਦੋਂ ਉਸ ਦੀ ਮਾਂ ਗੁਜ਼ਰ ਗਈ। ਮਾਂ ਵਿਹੂਣੇ ਬਾਲ ਨੂੰ ਭੈਣ ਤੇ ਭਰਾ-ਭਰਜਾਈ ਨੇ ਸੰਭਾਲਿਆ। 1946 ਵਿੱਚ ਜਦ ਉਹ ਕਾਲਜ ਦਾਖਲ ਹੋਇਆ ਤਾਂ ਉਹਦਾ ਪਿਤਾ ਹਰ ਮਹੀਨੇ ਉਸ ਨੂੰ ਛੇ ਸੌ ਰੁਪਏ ਭੇਜਣ ਲੱਗਾ। ਉਹ ਆਪ ਵੀ ਵਧੀਆ ਖੁਰਾਕ ਖਾਂਦਾ ਤੇ ਆਪਣੇ ਨਾਲ ਦੇ ਖਿਡਾਰੀਆਂ ਨੂੰ ਵੀ ਖਵਾਉਂਦਾ। 1952 ਵਿੱਚ ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਵਿੱਚੋਂ ਗੋਲਡ ਮੈਡਲ ਜਿੱਤ ਕੇ ਉਹ ਲੰਡਨ ਰਹਿੰਦੇ ਆਪਣੇ ਪਿਤਾ ਨੂੰ ਮਿਲਣ ਗਿਆ। ਬੂਹੇ ਦੀ ਘੰਟੀ ਦੱਬੀ ਤਾਂ ਉਹਦੇ ਪਿਤਾ ਨੇ ਦਰ ਖੋਲ੍ਹਿਆ। ਪਰ ਉਹ ਆਪਣੇ ਪਿਤਾ ਨੂੰ ਸਿਆਣ ਨਾ ਸਕਿਆ। ਊਧਮ ਸਿੰਘ ਨੇ ਪੁੱਛਿਆ, “ਕੀ ਸਰਦਾਰ ਹਜ਼ਾਰਾ ਸਿੰਘ ਘਰ ਹਨ?”

ਅੱਗੋਂ ਉਹਦਾ ਪਿਤਾ ਮਜ਼ਾਕੀਆ ਬੰਦਾ ਸੀ। ਉਸ ਨੇ ਕਿਹਾ, “ਹਜ਼ਾਰਾ ਸਿੰਘ ਘਰ ਨਹੀਂ, ਬਸ ਆਉਣ ਈ ਵਾਲਾ। ਆਓ ਬੈਠੋ।” ਉਸ ਦਾ ਪਿਤਾ ਉਸ ਨੂੰ ਉੱਪਰਲੀ ਮੰਜ਼ਿਲ ਉੱਤੇ ਲੈ ਗਿਆ ਤੇ ਪੁੱਛਿਆ, “ਜੁਆਨਾਂ ਕੀ ਪੀਵੇਂਗਾ?” ਸੰਗਦੇ ਹੋਏ ਊਧੀ ਨੇ ‘ਪੱਤੀ ਵਾਲਾ ਦੁੱਧ’ ਕਿਹਾ। ਪਿਤਾ ਰਸੋਈ ਤੋਂ ਦੁੱਧ ਲੈਣ ਚਲਾ ਗਿਆ। ਇੰਨੇ ਨੂੰ ਉਹਦੀ ਨਿਗ੍ਹਾ ਆਪਣੀ ਫੋਟੋ ਉੱਤੇ ਪੈ ਗਈ ਜੋ ਉਸ ਨੇ ਆਪਣੇ ਪਿਤਾ ਨੂੰ ਭੇਜੀ ਸੀ। ਦੋਹਾਂ ਪਿਉ ਪੁੱਤਾਂ ਦੀ ਫੋਟੋ ਇੱਕੋ ਫਰੇਮ ਵਿੱਚ ਵੇਖ ਉਸ ਨੂੰ ਪਤਾ ਲੱਗ ਗਿਆ ਕਿ ਇਹੋ ਮੇਰਾ ਬਾਪ ਹੈ। ਜਦ ਉਹਦਾ ਬਾਪ ਦੁੱਧ ਲੈ ਕੇ ਆਇਆ ਤਾਂ ਉਸ ਨੇ ਪੈਰੀਂ ਪੈਂਦਿਆਂ ਕਿਹਾ, “ਡੈਡ, ਮੈਂ ਤੁਹਾਨੂੰ ਸਿਆਣ ਲਿਆ। ਮੈਂ ਤੁਹਾਡਾ ਪੁੱਤਰ ‘ਊਧੀ’ ਹਾਂ।” ਪਿਉ ਪੁੱਤਰ 22 ਸਾਲਾਂ ਬਾਅਦ ਪਹਿਲੀ ਵਾਰ ਮਿਲੇ ਸਨ। ਉਨ੍ਹਾਂ ਦੀਆਂ ਧਾਅ ਗਲਵਕੜੀਆਂ ਪੈ ਗਈਆਂ ਜੋ ਦੇਰ ਤੱਕ ਪਈਆਂ ਰਹੀਆਂ। ਊਧਮ ਸਿੰਘ ਨੇ ਦੱਸਿਆ, ਅਸੀਂ ਦੇਰ ਰਾਤ ਤੱਕ ਪਰਿਵਾਰ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦੇ ਰਹੇ ਕਿ ਸਾਡੀ ਅੱਖ ਲੱਗ ਗਈ। ਮੈਨੂੰ ਨੀਂਦ ਵਿੱਚਏਦਾਂ ਮਹਿਸੂਸ ਹੋਇਆ ਜਿਵੇਂ ਮੈਂ ਵਰ੍ਹਿਆਂ ਬਾਅਦ ਆਪਣੀ ਮਾਂ ਦੀ ਗੋਦ ਵਿੱਚ ਸੁੱਤਾ ਪਿਆ ਹੋਵਾਂ!

ਊਧਮ ਸਿੰਘ ਸ਼ਰਾਬ ਨਹੀਂ ਸੀ ਪੀਂਦਾ। ਕਹਿੰਦਾ ਸੀ ਕਿ ਮੇਰੇ ਹਿੱਸੇ ਦੀ ਸ਼ਰਾਬ ਡੈਡ ਪੀ ਗਏ। ਲੰਡਨ ਵਿੱਚ ਜਦੋਂ ਉਸ ਦੇ ਬਾਪ ਨੇ ਪੁੱਛਿਆ ਸੀ, ‘ਜੁਆਨਾਂ ਕੀ ਪੀਵੇਂਗਾ?’ ਉਨ੍ਹਾਂ ਦਾ ਮਤਲਬ ਸੀ ਬਈ ਬੀਅਰ, ਵਾਈਨ ਜਾਂ ਵਿਸਕੀ ਵਿੱਚੋਂ ਕੀ ਪੀਵੇਂਗਾ? ਘਰ ਵਿੱਚ ਉਹਦੇ ਡੈਡ ਨੇ ਪੀਣ ਪਿਆਉਣ ਦਾ ਸਦਾਵਰਤ ਲਾ ਰੱਖਿਆ ਸੀ। ਬਾਪ ਦਾ ਇਹ ਹਾਲ ਵੇਖ ਕੇ ਊਧਮ ਸਿੰਘ ਨੇ ਸਹੁੰ ਖਾ ਲਈ ਕਿ ਸਾਰੀ ਉਮਰ ਸ਼ਰਾਬ ਨਹੀਂ ਪੀਵਾਂਗਾ। ਉਹ ਫਲਾਂ ਦਾ ਤਾਜ਼ਾ ਜੂਸ ਪੀਂਦਾ ਤੇ ਸੁੱਕੇ ਮੇਵੇ ਖਾਂਦਾ। ਬਦਾਮ ਰੋਗਨ, ਸਰਦਾਈ ਤੇ ਚਿਕਨ ਸੂਪ ਪੀਂਦਾ ਜਿਸ ਨਾਲ ਚੜ੍ਹਦੀ ਉਮਰੇ ਉਹਦੀ ਚੰਗੀ ਫੁੱਟ ਬੱਝ ਗਈ ਸੀ।

ਉਹ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵੱਲੋਂ ਖੇਡਦਾ 1947 ਤੋਂ 1966 ਤੱਕ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦਾ ਰਿਹਾ। ਫਿਰ ਬੀ ਐੱਸ ਐੱਫ ਵਿੱਚ ਜਾਣ ਪਿੱਛੋਂ 1978 ਤੱਕ ਬੀ ਐੱਸ ਐੱਫ ਵੱਲੋਂ ਖੇਡਿਆ। ਜਦੋਂ ਮੈਂ ਦਿੱਲੀ ਪੜ੍ਹਦਾ ਪੜ੍ਹਾਉਂਦਾ ਸਾਂ, ਉਸ ਨੂੰ ਅਕਸਰ ਟੂਰਨਾਮੈਂਟਾਂ ਵਿੱਚ ਖੇਡਦਾ ਵੇਖਦਾ ਸਾਂ। ਉਹ ਵਧੇਰੇ ਕਰਕੇ ਲੈਫਟ ਇਨ ਖੇਡਦਾ ਸੀ। ਲੋੜ ਪੈਣ ਉੱਤੇ ਸੈਂਟਰ ਹਾਫ ਖੇਡ ਜਾਂਦਾ। ਪੈਨਲਟੀ ਕਾਰਨਰ ਲਾਉਣ ਵੇਲੇ ਗੇਂਦ ਰੇੜ੍ਹਨ ਦੀ ਭੂਮਿਕਾ ਉਹੀ ਨਿਭਾਉਂਦਾ। ਇਸ ਕਲਾ ਵਿੱਚ ਉਹ ਪੂਰਾ ਮਾਹਿਰ ਸੀ। ਉਸ ਨੇ ਕੋਚਿੰਗ ਦਾ ਡਿਪਲੋਮਾ ਕਰ ਲਿਆ ਸੀ ਜਿਸ ਕਰਕੇ ਬੀ ਐੱਸ ਐੱਫ ਤੇ ਭਾਰਤ ਦੀਆਂ ਹਾਕੀ ਟੀਮਾਂ ਨੂੰ ਕੋਚਿੰਗ ਵੀ ਦਿੰਦਾ ਰਿਹਾ।

1949 ਵਿੱਚ ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਕੇ ਅਫ਼ਗਾਨਿਸਤਾਨ ਟੂਰ ਉੱਤੇ ਗਿਆ। 1952, 1956, 1960 ਤੇ 1964 ਦੀਆਂ ਓਲੰਪਿਕ ਖੇਡਾਂ ਵਿੱਚ ਭਾਗ ਲਿਆ, ਜਿਨ੍ਹਾਂ ਵਿੱਚੋਂ ਇੱਕ ਚਾਂਦੀ ਤੇ ਤਿੰਨ ਸੋਨ ਤਗ਼ਮੇ ਜਿੱਤੇ। ਉਸ ਨੇ ਏਸ਼ਿਆਈ ਖੇਡਾਂ ਵਿੱਚੋਂ ਵੀ ਮੈਡਲ ਜਿੱਤੇ ਤੇ ਹਾਕੀ ਦੇ ਟੂਰ ਲਾਉਂਦਿਆਂ ਸੈਂਕੜੇ ਗੋਲ ਕੀਤੇ। ਮੈਲਬੌਰਨ ਓਲੰਪਿਕ ਖੇਡਾਂ ਦਾ ਉਹ ਬੈੱਸਟ ਸਕੋਰਰ ਸੀ। ਰੋਮ-1960 ਦੀਆਂ ਓਲੰਪਿਕ ਖੇਡਾਂ ਲਈ ਬਲਬੀਰ ਸਿੰਘ ਸੀਨੀਅਰ ਨੂੰ ਟੀਮ ਵਿੱਚ ਖਿਡਾਉਣ ਦੀ ਥਾਂ ਟੀਮ ਦਾ ਚੋਣਕਾਰ ਬਣਾ ਲਿਆ ਗਿਆ। ਉਦੋਂ ਊਧਮ ਸਿੰਘ ਨੇ ਕਿਹਾ ਸੀ, “ਜੇ ਗੋਲਡ ਮੈਡਲ ਜਿੱਤਣਾ ਤਾਂ ਬਲਬੀਰ ਨੂੰ ਟੀਮ ਵਿੱਚ ਪਾਓ, ਮੈਨੂੰ ਭਾਵੇਂ ਰਹਿਣ ਦਿਓ!” ਉਸ ਦੀ ਗੱਲ ਨਾ ਮੰਨੀ ਗਈ ਤੇ ਰੋਮ ਵਿੱਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਤੋਂ ਹਾਰ ਗਈ। 1961 ਵਿੱਚ ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਟੂਰ ਅਤੇ 1963 ਵਿੱਚ ਲਿਓਨ ਦੇ ਇੰਟਰਨੈਸ਼ਨਲ ਟੂਰਨਾਮੈਂਟ ਮੌਕੇ ਉਹ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। 1967 ਦੇ ਪ੍ਰੀ ਓਲੰਪਿਕ ਟੂਰਨਾਮੈਂਟ, 1970 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਸਿੰਗਾਪੁਰ ਫੈਸਟੀਵਲ ਸਮੇਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਸੀ।

ਏਡੇ ਵੱਡੇ ਖਿਡਾਰੀ ਬਾਰੇ ਲਿਖਣ ਨੂੰ ਤਾਂ ਬਹੁਤ ਕੁਝ ਹੈ, ਪਰ ਕੁਦਰਤ ਨੇ ਜਿਸ ਪੱਖੋਂ ਉਹਦੇ ਨਾਲ ਜੱਗੋਂ ਤੇਰ੍ਹਵੀਂ ਕੀਤੀ ਉਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਵਿਦਾ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਪੁੱਛਿਆ ਸੀ, “ਕੋਈ ਦੁੱਖ ਸੁੱਖ ਦੀ ਗੱਲ ਵੀ ਦੱਸੋ, ਇਹ ਤਾਂ ਹਰ ਇੱਕ ਉੱਤੇ ਬੀਤਦੀ ਹੈ।” ਉਸ ਨੇ ਡੂੰਘਾ ਸਾਹ ਭਰ ਕੇ ਕਿਹਾ ਸੀ, “ਪਹਿਲਾ ਵੱਡਾ ਦੁੱਖ ਮਾਂ ਦੀ ਮੌਤ ਦਾ ਹੋਇਆ ਸੀ। ਫੇਰ ਡੈਡ ਵੀ ਲੰਮੀ ਉਮਰ ਨਾ ਜਿਉਂ ਸਕੇ। ਮੇਰੇ ਤਿੰਨ ਪੁੱਤਰ ਹੋਏ ਤੇ ਇੱਕ ਧੀ। ਉਹ ਸਾਰੇ ਵਾਰੋ ਵਾਰੀ ਪਰਮਾਤਮਾ ਨੂੰ ਪਿਆਰੇ ਹੁੰਦੇ ਗਏ। ਬਥੇਰਾ ਇਲਾਜ ਕਰਾਇਆ, ਪਰ ਜੋ ਉਸ ਨੂੰ ਮਨਜ਼ੂਰ...।” ਉਹਦੀਆਂ ਅੱਖਾਂ ਭਰ ਆਈਆਂ।

ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੇ ਜੱਦੀ ਘਰ ਰਹਿਣ ਲੱਗ ਪਿਆ ਤੇ ਹਾਕੀ ਅਕੈਡਮੀ ਬਣਾ ਕੇ ਛੋਟੇ ਬੱਚਿਆਂ ਨੂੰ ਹਾਕੀ ਖੇਡਣੀ ਸਿਖਾਇਆ ਕਰਦਾ ਸੀ। ਸੰਸਾਰਪੁਰ ਦੇ ਉਦੋਂ ਤੱਕ 14 ਓਲੰਪੀਅਨ ਹੋ ਚੁੱਕੇ ਸਨ, ਜੋ ਸਾਰੇ ਹੀ ਕੁਲਾਰ ਗੋਤੀ ਸਨ। ਗੁਰਮੀਤ ਸਿੰਘ, ਊਧਮ ਸਿੰਘ, ਗੁਰਦੇਵ ਸਿੰਘ, ਹਰਦੇਵ ਸਿੰਘ ਕੀਨੀਆ, ਦਰਸ਼ਨ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਬਲਬੀਰ ਸਿੰਘ ਬੀਰ੍ਹੀ, ਤਰਸੇਮ ਸਿੰਘ, ਅਜੀਤਪਾਲ ਸਿੰਘ, ਜਗਜੀਤ ਸਿੰਘ ਕੀਨੀਆ, ਹਰਵਿੰਦਰ ਸਿੰਘ ਕੀਨੀਆ, ਬਿੰਦੀ ਸਿੰਘ ਕੈਨੇਡਾ ਤੇ ਹਰਦਿਆਲ ਸਿੰਘ ਕੀਨੀਆ। ਇੱਕੋ ਬੀਹੀ ਦੇ ਜੰਮਪਲ ਬਾਰਾਂ ਓਲੰਪੀਅਨ!

ਊਧਮ ਸਿੰਘ ਨੇ ਆਖ਼ਰੀ ਉਮਰੇ ਦੁਬਾਰਾ ਵਿਆਹ ਕਰਾ ਲਿਆ ਸੀ ਤਾਂ ਜੋ ਔਲਾਦ ਦਾ ਮੂੰਹ ਵੇਖ ਸਕੇ ਜੋ ਉਸ ਦੇ ਕਰਮਾਂ ਵਿੱਚ ਨਹੀਂ ਸੀ। 18 ਮਾਰਚ 2000 ਨੂੰ ਉਹ ਸਕੂਟਰ ਉੱਤੇ ਦੂਰਦਰਸ਼ਨ ਜਲੰਧਰ ਇੰਟਰਵਿਊ ਦੇਣ ਗਿਆ। ਰਾਹ ਵਿੱਚੋਂ ਸਕੂਟਰ ਮੋੜ ਲਿਆ ਕਿ ਆਪਣੇ ਹਾਕੀ ਗਰਾਊਂਡ ਤੇ ਦਫ਼ਤਰ ਦੇ ਦਰਸ਼ਨ ਕਰ ਲਵਾਂ ਜਿੱਥੇ ਲੰਮੀ ਉਮਰ ਬਿਤਾਈ ਸੀ। ਕੀ ਪਤਾ ਸੀ ਇਹ ਜਾਂਦੀ ਵਾਰ ਦੇ ਦਰਸ਼ਨ ਸਨ! 20 ਮਾਰਚ ਨੂੰ ਦਿਲ ਦਾ ਦੌਰਾ ਪਿਆ। ਤੁਰੰਤ ਹਸਪਤਾਲ ਜਾਣਾ ਪਿਆ। 23 ਮਾਰਚ ਨੂੰ ਠੀਕ ਹੋ ਕੇ ਘਰ ਆ ਗਿਆ। ਜਾਣ ਸਾਰ ਗਰਾਊਂਡ ਵਿੱਚ ਖੇਡਦੇ ਬੱਚਿਆਂ ਨੂੰ ਲੱਡੂ ਵੰਡੇ ਗਏ, ਪਰ ਉਸੇ ਰਾਤ ਇੱਕ ਦੌਰਾ ਹੋਰ ਪਿਆ, ਜੋ 72 ਸਾਲਾਂ ਦੇ ਸਿਰੜੀ ਖਿਡਾਰੀ ਨੂੰ ਨਾਲ ਹੀ ਲੈ ਗਿਆ। 27 ਮਾਰਚ ਨੂੰ ਸੰਸਾਰਪੁਰ ਵਿੱਚ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਅਤੇ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਕੀਤੀ ਗਈ। ਅੱਜ ਪਤਾ ਨਹੀਂ ਉਸ ਨੂੰ ਕੋਈ ਯਾਦ ਕਰਦਾ ਹੈ ਜਾਂ ਨਹੀਂ?

# ਕੁੱਤੇ ਦੀ ਮੌਤ



–ਹਨੂੰਮਾਨ ਮੁਕਤ – ਅਨੁਵਾਦ: ਨਿਰਮਲ ਪ੍ਰੇਮੀ ਰਾਮਗੜ੍ਹ

ਵਰਮਾ ਜੀ ਦਾ ਕੁੱਤਾ ਮਰ ਗਿਆ। ਕੁੱਤੇ ਦੇ ਮਰਨ ਦੀ ਘਟਨਾ ਅੱਗ ਦੀ ਤਰ੍ਹਾਂ ਸਾਰੇ ਸ਼ਹਿਰ 'ਚ ਫੈਲ ਗਈ। ਟੀਵੀ ਚੈਨਲਾਂ ਅਤੇ ਅਖ਼ਬਾਰਾਂ 'ਤੇ ਬ੍ਰੇਕਿੰਗ ਨਿਊਜ਼ 'ਚ ਉਸ ਨੂੰ ਦਿਖਾਇਆ ਜਾਣ ਲੱਗਾ। ਉਂਜ ਤਾਂ ਰੋਜ਼ ਹਜ਼ਾਰਾਂ ਕੁੱਤੇ ਮਰਦੇ ਹਨ, ਕੁੱਤਿਆਂ ਦਾ ਜਿਊਣਾ ਤੇ ਮਰਨਾ ਕੋਈ ਮਾਅਨੇ ਨਹੀਂ ਰੱਖਦਾ, ਪਰ ਚੋਣਾਂ ਦੇ ਮਾਹੌਲ 'ਚ ਕਦ ਕਿਹੜੀ ਚੀਜ਼ ਬੇਹੱਦ ਜ਼ਰੂਰੀ ਹੋ ਜਾਵੇ, ਪਤਾ ਨਹੀਂ ਲੱਗਦਾ। ਉਹ ਵੀ ਵਰਮਾ ਜੀ ਨਾਲ ਜੁੜੀ ਹੋਈ।

ਲੋਕ ਅੰਦਾਜ਼ੇ ਲਾਉਣ ਲੱਗੇ ਕਿ ਕੁੱਤਾ ਮਰਿਆ ਨਹੀਂ, ਮਾਰਿਆ ਗਿਆ ਹੈ। ਐਨਾ ਹੱਟਾ-ਕੱਟਾ ਗੱਭਰੂ ਜਵਾਨ ਇਵੇਂ ਹੀ ਕਿਵੇਂ ਮਰ ਸਕਦਾ ਹੈ। ਕੱਲ੍ਹ ਸ਼ਾਮ ਨੂੰ ਉਹ ਸ਼ਰਮਾ ਜੀ ਦੀ ਕੁੱਤੀ ਨਾਲ ਦੇਖਿਆ ਗਿਆ ਸੀ। ਕਿਤੇ ਅਜਿਹਾ ਤਾਂ ਨਹੀਂ, ਸ਼ਰਮਾ ਜੀ ਨੂੰ ਉਸ ਕੁੱਤੇ ਤੇ ਆਪਣੀ ਕੁੱਤੀ ਦਾ ਸਾਥ ਚੰਗਾ ਨਾ ਲੱਗਾ ਹੋਵੇ ਅਤੇ ਉਨ੍ਹਾਂ ਨੇ ਉਸ ਨੂੰ ਮਰਵਾ ਦਿੱਤਾ ਹੋਵੇ।

ਉਨ੍ਹਾਂ ਦੇ ਗੁਆਂਢੀ ਕਹਿ ਰਹੇ ਸਨ ਕਿ ਇੱਕ-ਦੋ ਦਿਨ ਤੋਂ ਉਹ ਵਰਮਾ ਜੀ 'ਤੇ ਕੁਝ ਜ਼ਿਆਦਾ ਭੌਂਕਣ ਲੱਗਾ ਸੀ। ਵਰਮਾ ਜੀ ਨੂੰ ਕੁੱਤੇ ਦਾ ਭੌਂਕਣਾ ਚੰਗਾ ਨਾ ਲੱਗਿਆ ਹੋਵੇ। ਉਂਜ ਵੀ ਆਪਣੇ ਕੁੱਤੇ ਦਾ ਆਪਣੇ ਘਰ 'ਤੇ ਹੀ ਭੌਂਕਣਾ (ਮੇਰੀ ਬਿੱਲੀ, ਮੈਨੂੰ ਹੀ ਮਿਆਊਂ) ਕੀਹਨੂੰ ਚੰਗਾ ਲੱਗਦਾ ਹੈ ਅਤੇ ਉਨ੍ਹਾਂ ਨੇ ਉਸ ਨੂੰ ਮਰਵਾ ਦਿੱਤਾ ਹੋਵੇ। ਅੰਦਾਜ਼ਿਆਂ ਦਾ ਬਾਜ਼ਾਰ ਗਰਮ ਸੀ। ਜੋ ਵੀ ਕੁੱਤੇ ਦੇ ਮਰਨੇ ਦੀ ਘਟਨਾ ਸੁਣਦਾ, ਆਪਣੇ ਵੱਲੋਂ ਕੁਝ ਨਾ ਕੁਝ 'ਇਨਵੈਸਟੀਗੇਟ' ਕਰ ਦੱਸ ਦਿੰਦਾ। ਮੀਡੀਆ ਇਸ ਗੱਲ ਨੂੰ ਕਾਫ਼ੀ ਹਵਾ ਦੇ ਰਿਹਾ ਸੀ।

ਮੈਂ ਵਰਮਾ ਜੀ ਦਾ ਸ਼ੁਭ-ਚਿੰਤਕ ਹਾਂ। ਸੁਣੀਆਂ-ਸੁਣਾਈਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰਦਾ।

ਮੈਂ ਉਨ੍ਹਾਂ ਤੋਂ ਪੁੱਛਿਆ, ''ਵਰਮਾ ਜੀ, ਤੁਹਾਡਾ ਕੁੱਤਾ ਮਰ ਗਿਆ। ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?''

ਉਹ ਬੋਲੇ, ''ਕਹਿਣਾ ਕੀ ਹੈ? ਕੁੱਤਾ ਮਰ ਗਿਆ, ਮਤਲਬ ਮਰ ਗਿਆ। ਰੋਜ਼ ਪਤਾ ਨਹੀਂ ਕਿੰਨੇ ਕੁੱਤੇ ਮਰਦੇ ਹਨ। ਐਨਾ ਰੌਲਾ ਕਦੇ ਨਹੀਂ ਪੈਂਦਾ। ਕੋਈ ਮੇਰਾ ਹੀ ਕੁੱਤਾ ਥੋੜ੍ਹੇ ਮਰਿਆ ਹੈ। ਕੁੱਤਿਆਂ ਦੀ ਜ਼ਿੰਦਗੀ ਇਹੋ ਜਿਹੀ ਹੀ ਹੁੰਦੀ ਹੈ। ਕੁਝ ਦਿਨ ਵਫ਼ਾਦਾਰੀ ਕਰੋ ਅਤੇ ਜਦ ਵਫ਼ਾਦਾਰੀ ਨਾਲ ਢਿੱਡ ਭਰ ਜਾਏ ਤਾਂ ਡੰਡੀ ਪੈ ਜਾਵੋ।''

''ਤੁਸੀਂ ਕੀ ਕਹਿ ਰਹੇ ਹੋ? ਮੇਰੇ ਕੁਝ ਪੱਲੇ ਨਹੀਂ ਪਿਆ। ਵਫ਼ਾਦਾਰੀ ਨਾਲ ਢਿੱਡ ਭਰ ਜਾਏ ਤਾਂ ਡੰਡੀ ਪੈ ਜਾਵੋ?''

ਵਰਮਾ ਜੀ ਬੋਲੇ, ''ਇਸ 'ਚ ਸਮਝਣ ਦੀ ਕਿਹੜੀ ਗੱਲ ਹੈ। ਅਜੇ ਕੁਝ ਦਿਨ ਪਹਿਲਾਂ ਮੇਰੇ ਘਰ ਦੀ ਅਲਮਾਰੀ 'ਚ ਬੰਦ ਸਾਲਾਂ ਪੁਰਾਣੀ ਇੱਕ ਗੁਪਤ ਪੋਟਲੀ ਨੂੰ ਉਹ ਖਾ ਗਿਆ। ਸਾਰੇ ਭੇਤ ਉਸ ਦੇ ਢਿੱਡ 'ਚ ਪਹੁੰਚ ਗਏ। ਉਹ ਉਸ ਨੂੰ ਪਚ ਨਹੀਂ ਰਹੇ ਸਨ। ਢਿੱਡ 'ਚ ਕੁਝ ਜ਼ਿਆਦਾ ਅਫਾਰਾ ਪੈ ਗਿਆ ਸੀ। ਭੌਂਕਣ ਵੀ ਜ਼ਿਆਦਾ ਲੱਗਾ ਸੀ। ਮੇਰੀ ਨੀਂਦ ਤਾਂ ਖ਼ਰਾਬ ਕਰ ਰਿਹਾ ਸੀ, ਗੁਆਂਢੀਆਂ ਨੂੰ ਵੀ ਸੌਣ ਨਹੀਂ ਦੇ ਰਿਹਾ ਸੀ। ਉਸ ਦੇ ਢਿੱਡ 'ਚ ਪਏ ਅਫਾਰੇ ਦੀ ਵਜ੍ਹਾ ਨਾਲ ਉਹ ਮਰ ਗਿਆ। ਲੋਕਾਂ ਨੇ ਰਾਈ ਦਾ ਪਹਾੜ ਬਣਾ ਦਿੱਤਾ। ਕੁੱਤਾ ਮੇਰਾ ਮਰਿਆ ਹੈ। ਸਭ ਤੋਂ ਵੱਧ ਦੁੱਖ ਮੈਨੂੰ ਹੈ। ਮੈਂ ਪਤਾ ਨਹੀਂ ਕਿਵੇਂ ਐਨਾ ਦੁੱਖ ਜਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਲੋਕ ਹਨ ਕਿ ਮੈਨੂੰ ਸ਼ਾਂਤੀ ਨਾਲ ਦੁੱਖ ਵੀ ਜਰਨ ਨਹੀਂ ਦੇਂਦੇ।''

ਇਹ ਕਹਿੰਦੇ ਵਰਮਾ ਜੀ ਚੁੱਪ ਹੋ ਗਏ। ਉਨ੍ਹਾਂਦੇ ਮਨ ਦੀ ਹਾਲਤ ਜਾਣ ਕੇ ਮੈਂ ਚੁੱਪ-ਚਾਪ ਉੱਥੋਂ ਮੁੜ ਆਇਆ। ਲੋਕਾਂ ਨੂੰ ਬਿਲਕੁਲ ਤਸੱਲੀ ਨਹੀਂ ਸੀ। ਵਰਮਾ ਜੀ ਦਾ ਕੁੱਤਾ ਉਨ੍ਹਾਂ ਲਈ ਆਪਣੇ ਘਰ ਦੇ ਕਿਸੇ ਵੀ ਰੱਬ ਜਿਹੇ ਦੋਸਤ ਤੋਂ ਵੀ ਵੱਧ ਅਜ਼ੀਜ਼ ਸੀ। ਉਨ੍ਹਾਂ ਦੇ ਘਰ ਦਾ ਰੱਬ ਜਿਹਾ ਮਿੱਤਰ ਮਰ ਜਾਂਦਾ ਤਾਂ ਸ਼ਾਇਦ 10-12 ਦਿਨ ਸੋਗ ਮਨਾ ਕੇ ਚੁੱਪ ਹੋ ਜਾਂਦੇ, ਪਰ ਵਰਮਾ ਜੀ ਦੇ ਕੁੱਤੇ ਦੇ ਮਰਨ ਦਾ ਦੁੱਖ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਸੀ। ਉਨ੍ਹਾਂ ਦੇ ਕੁੱਤੇ ਦੇ ਸ਼ੁਭ-ਚਿੰਤਕ ਕਹਿ ਰਹੇ ਸਨ ਕਿ ਕਿੰਨਾ ਪਿਆਰਾ ਕੁੱਤਾ ਸੀ। ਜਦ ਵੀ ਮੁਹੱਲੇ ਦਾ ਆਦਮੀ ਵਰਮਾ ਜੀ ਦੇ ਘਰ ਜਾਂਦਾ ਤਾਂ ਉਹ ਬੜੇ ਪਿਆਰ ਨਾਲ ਜੀਭ ਕੱਢ ਕੇ, ਮਹਿਮਾਨਾਂ ਦੇ ਪੈਰਾਂ ਨੂੰ ਚੱਟਦਿਆਂ, ਪੂਛ ਹਿਲਾਉਣ ਲੱਗ ਜਾਂਦਾ। ਕਦੇ ਉਸ ਨੇ ਕਿਸੇ ਨੂੰ ਵੱਢਿਆ ਨਹੀਂ। ਵਰਮਾ ਜੀ ਦੇ ਇਸ਼ਾਰੇ ਦੇ ਬਗੈਰ ਉਹ ਕਦੇ ਭੌਂਕਦਾ ਤਕ ਨਹੀਂ ਸੀ। ਵਿਚਾਰਾ...। ਪਤਾ ਨਹੀਂ, ਕਿਵੇਂ ਮਰ ਗਿਆ?'' ਵਰਮਾ ਜੀ ਦੇ ਵਿਰੋਧੀ ਕੁੱਤੇ ਦੇ ਮਰਨ ਤੋਂ ਸਭ ਤੋਂ ਵੱਧ ਖ਼ਫ਼ਾ ਸਨ। ਉਨ੍ਹਾਂ ਨੇ ਕੁੱਤੇ ਦੇ ਮਰਨ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਤੱਕ ਕਰ ਦਿੱਤੀ।

ਚੋਣਾਂ ਦੀ ਤਾਰੀਖ਼ ਜਾਰੀ ਹੋ ਚੁੱਕੀ ਸੀ। ਸਰਕਾਰ ਕੀਹਦੀ ਬਣੇਗੀ? ਭਵਿੱਖ ਦੀ ਕੁੱਖ 'ਚ ਸੀ। ਕਦ ਵਰਮਾ ਜੀ ਨੂੰ ਸਮਰਥਕਾਂ ਦੀ ਜ਼ਰੂਰਤ ਪੈ ਜਾਵੇ, ਕੋਈ ਪਤਾ ਨਹੀਂ ਸੀ। ਸੀਬੀਆਈ ਤੋਂ ਜਾਂਚ ਕਰਾਉਣ ਦਾ ਭਰੋਸਾ ਹੀ ਕਿਤੇ ਸਰਕਾਰ ਬਣਾਉਣ 'ਚ ਰੁਕਾਵਟ ਬਣ ਜਾਵੇ, ਕਿਸੇ ਨੂੰ ਪਤਾ ਨਹੀਂ ਸੀ। ਹਰ ਕੋਈ ਫੂਕ-ਫੂਕ ਕੇ ਪੈਰ ਰੱਖ ਰਿਹਾ ਸੀ। ਵਿਰੋਧੀਆਂ ਨੇ ਧਰਨੇ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਾਰੀ ਘਟਨਾ ਦੀ ਜਾਂਚ ਹੋਣੀ ਚਾਹੀਦੀ ਹੈ।

ਕੁੱਤੇ ਦਾ ਇਹੋ ਜਿਹੇ ਸਮੇਂ ਮਰਨਾ, ਜਦ ਕੁੱਤਿਆਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਉਹ ਵੀ ਇਹੋ ਜਿਹੇ ਵਫ਼ਾਦਾਰ ਕੁੱਤੇ ਦਾ ਬੇਵਕਤ ਮਰਨਾ, ਆਪਣੇ ਆਪ 'ਚ ਜਾਂਚ ਦਾ ਵਿਸ਼ਾ ਹੈ। ਕੁੱਤੇ ਤਾਂ ਰੋਜ਼ ਪੈਦਾ ਹੁੰਦੇ ਅਤੇ ਮਰਦੇ ਰਹਿੰਦੇ ਹਨ ਪਰ ਐਨੇ ਸਾਲਾਂ ਤੋਂ ਸਾਥ ਦੇ ਰਿਹਾ, ਭੋਲਾ-ਭਾਲਾ, ਸਮਝਦਾਰ ਕੁੱਤਾ ਅਤੇ ਉਹ ਵੀ ਵਰਮਾ ਜੀ ਦਾ। ਉਸ ਦਾ ਮਰਨਾ ਸਾਧਾਰਨ ਘਟਨਾ ਕਿਵੇਂ ਹੋ ਸਕਦੀ ਹੈ?ਅਸੀਂ ਕਹਿੰਦੇ ਹਾਂ, ਉਹ ਕੁੱਤਾ ਮਰਿਆ ਨਹੀਂ ਹੈ ਸਗੋਂ ਉਸ ਨੂੰ ਮਾਰਿਆ ਗਿਆ ਹੈ। ਉਸ ਨੂੰ ਮਰਵਾਉਣ 'ਚ ਵਰਮਾ ਜੀ ਦਾ ਹੀ ਹੱਥ ਹੈ। ਇਹੋ ਜਿਹੇ ਹੱਤਿਆਰੇ ਵਰਮਾ ਜੀ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਜਾਂਚ ਦੀ ਮੰਗ ਕਰਦੇ-ਕਰਦੇ ਵਰਮਾ ਜੀ ਦੇ ਵਿਰੋਧੀ ਵਰਮਾ ਜੀ ਨੂੰ ਹੱਤਿਆਰਾ ਐਲਾਨ ਕੇ ਉਨ੍ਹਾਂ ਨੂੰ ਹੀ ਗ੍ਰਿਫ਼ਤਾਰ ਕਰਨ ਦੀ ਮੰਗ ਕਰਨ ਲੱਗੇ। ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ। ਪ੍ਰਸ਼ਾਸਨਕ ਅਧਿਕਾਰੀ ਦੇ ਦਫਤਰ ਸਾਹਮਣੇ ਧਰਨਾ ਲਾ ਦਿੱਤਾ ਗਿਆ। ਤਖ਼ਤੀਆਂ ਟੰਗ ਦਿੱਤੀਆਂ ਗਈਆਂ।

ਉਹ ਕਹਿਣ ਲੱਗੇ, ''ਕੁੱਤੇ ਦੇ ਪੇਟ 'ਚ ਜਿੰਨੇ ਰਾਜ਼ ਦਫ਼ਨ ਹਨ, ਕੁੱਤੇ ਦਾ ਪੋਸਟ-ਮਾਰਟਮ ਕਰ ਕੇ ਬਾਹਰ ਕੱਢੇ ਜਾਣ। ਜਦ ਤਕ ਕੁੱਤੇ ਦੇ ਪੇਟ 'ਚੋਂ ਸਾਰੇ ਰਾਜ਼ ਬਾਹਰ ਨਹੀਂ ਕੱਢੇ ਗਏ, ਤਦ ਤਕ ਠੀਕ ਤਰ੍ਹਾਂ ਜਾਂਚ ਨਹੀਂ ਹੋ ਸਕਦੀ।'' ਪ੍ਰਸ਼ਾਸਨ ਪ੍ਰੇਸ਼ਾਨ ਹੋ ਗਿਆ। ਕੁੱਤੇ ਦੇ ਇਸ ਤਰ੍ਹਾਂਮਰਨ ਦੀ ਘਟਨਾ ਨੇ ਸ਼ਹਿਰ ਦੀ ਹਵਾ ਬਦਲ ਦਿੱਤੀ। ਕੁੱਤਾ ਬਿਰਾਦਰੀ ਦੇ ਲੋਕਾਂ 'ਚ ਉਤਸ਼ਾਹ ਸੀ। ਉਨ੍ਹਾਂ ਨੂੰ ਆਪਣੇ ਕੁੱਤੇ ਹੋਣ 'ਤੇ ਫ਼ਖ਼ਰ ਹੋ ਰਿਹਾ ਸੀ। ਵਿਰੋਧੀਆਂ ਦੀ ਆਵਾਜ਼ ਨਾਲ ਆਵਾਜ਼ ਮਿਲਾ ਕੇ ਉਹ ਵੀ ਸਾਥ ਦੇਣ ਲੱਗੇ ਸਨ। ਕੁੱਤੇ ਦੇ ਮਰਨ ਦੀ ਘਟਨਾ ਨਾਲ ਵਰਮਾ ਜੀ ਦਾ ਭਵਿੱਖ ਧੁੰਦਲਾ ਹੋਣ ਜਾ ਰਿਹਾ ਸੀ। ਉਨ੍ਹਾਂ ਨੇ ਕਦੇ ਕਲਪਨਾ ਤਕ ਨਹੀਂ ਕੀਤੀ ਸੀ ਕਿ ਉਨ੍ਹਾਂ ਦਾਪਾਲਤੂ ਕੁੱਤਾ ਹੀ ਉਨ੍ਹਾਂ ਦੇ ਭਵਿੱਖ ਨੂੰ ਇਸ ਪ੍ਰਕਾਰ ਧੁੰਦਲਾ ਕਰ ਜਾਵੇਗਾ। ਜੇ ਉਨ੍ਹਾਂ ਨੂੰ ਭੋਰਾ ਜਿਹਾ ਵੀ ਸ਼ੱਕ ਹੁੰਦਾ ਤਾਂ ਉਹ ਰਾਜ਼ ਦੀ ਉਸ ਪੋਟਲੀ ਨੂੰ ਧਰਤੀ 'ਚ ਹੀ ਦਫ਼ਨ ਕਰ ਦਿੰਦੇ, ਜਿਸ ਤੱਕ ਕਦੇ ਕੋਈ ਕੁੱਤਾ ਪਹੁੰਚ ਹੀ ਨਾ ਸਕਦਾ।

ਜੋ ਹੋਣਾ ਸੀ ਹੋ ਗਿਆ। ਵਰਮਾ ਜੀ ਵਿਰੁੱਧ ਦੇਸ਼ 'ਚਲਹਿਰ ਫੈਲ ਗਈ ਕਿ ਉਨ੍ਹਾਂ ਹੀ ਕੁੱਤੇ ਨੂੰ ਮਾਰਿਆ ਹੈ, ਇਸ ਪ੍ਰਕਾਰ ਦਾ ਮਾਹੌਲ ਤਿਆਰ ਹੋ ਗਿਆ। ਵਰਮਾ ਜੀ ਦੀ ਪਾਰਟੀ ਦੇ ਲੋਕ ਖ਼ੂਬ ਦੱਸਣ ਦੀ ਕੋਸ਼ਿਸ਼ ਕਰਦੇ ਕਿ ਵਰਮਾ ਜੀ ਕੁੱਤੇ ਨਾਲ ਬਹੁਤ ਪਿਆਰ ਕਰਦੇ ਸਨ, ਜਿਸ ਦਿਨ ਕੁੱਤੇ ਦੀ ਮੌਤ ਹੋਈ, ਉਸ ਦਿਨ ਉਹ ਘਰ 'ਚ ਨਹੀਂ ਸਨ। ਉਹ ਕੁੱਤਾ ਆਪਣੀ ਕੁਦਰਤੀ ਮੌਤ ਮਰਿਆ ਹੈ। ਇਤਿਹਾਸ ਗਵਾਹ ਹੈ ਕਿ ਕੁੱਤਿਆਂ ਦੀ ਮੌਤ ਇਸੇ ਤਰ੍ਹਾਂ ਹੁੰਦੀ ਆਈ ਹੈ।

ਇਸ ਤੋਂ ਪਹਿਲਾਂ ਮਰੇ ਕੁੱਤਿਆਂ ਦੇ ਰਿਕਾਰਡ ਨੂੰ ਚੈਨਲਾਂ 'ਤੇ ਦਿਖਾਇਆ ਜਾਣ ਲੱਗਾ। ਅਖ਼ਬਾਰਾਂ 'ਚ ਵਰਮਾ ਜੀ ਦੋਸ਼ੀ ਨਹੀਂ ਹਨ, ਇਹ ਸਿੱਧ ਕਰਨ ਲਈ ਬਹੁਤ ਸਾਰੀਆਂ ਗੱਲਾਂ ਸਮਝਾਈਆਂ ਜਾਣ ਲੱਗੀਆਂ। ਵਰਮਾ ਜੀ ਦੇ ਕੁੱਤੇ ਦੀਆਂ ਪੁਰਾਣੀਆਂ ਫੋਟੋਆਂ ਨੂੰ ਐਡਿਟ ਕਰ ਕੇ ਉਸ 'ਤੇ ਡਾਕੂਮੈਂਟਰੀ ਫਿਲਮ ਬਣਾ ਦਿੱਤੀ ਗਈ। ਵਰਮਾ ਜੀ ਨੂੰ ਉਸ ਕੁੱਤੇ ਨਾਲ ਲਿਪਟਦੇ ਹੋਏ, ਪਿਆਰ ਕਰਦੇ ਹੋਏ, ਖਾਣਾ ਖਾਂਦੇ ਹੋਏ ਦਿਖਾਇਆ ਜਾਣ ਲੱਗਾ, ਜਿਸ ਨਾਲ ਜਨਤਾ ਵਰਮਾ ਜੀ ਨੂੰ ਕੁੱਤੇ ਦੀ ਹੱਤਿਆ ਦਾ ਦੋਸ਼ੀ ਨਾ ਮੰਨੇ।

ਚੋਣਾਂ ਦਾ ਮਾਹੌਲ ਸੀ। ਵਿਰੋਧੀਆਂ ਨੇ ਵੀ ਕਮਰਕੱਸੀ ਹੋਈ ਸੀ। ਉਹ ਕਿਸੇ ਵੀ ਕੀਮਤ 'ਤੇ ਇਸ ਮੁੱਦੇ ਨੂੰ ਆਪਣੇ ਹੱਥੋਂ ਨਿਕਲਣ ਨਹੀਂ ਦੇਣਾ ਚਾਹੁੰਦੇ ਸਨ। ਉਸ ਨੇ ਕੁੱਤੇ ਦੇ ਪੇਟ ਵਿੱਚ ਦਫ਼ਨ 'ਰਾਜ਼ ਦੀ ਪੋਟਲੀ' ਨਾਂ ਨਾਲ ਟੈਲੀਫਿਲਮ ਬਣਵਾ ਦਿੱਤੀ। ਕੁੱਤਾ ਆਪਣੇ ਪੇਟ 'ਚ ਕਿਹੜੇ-ਕਿਹੜੇ ਰਾਜ਼ ਰੱਖ ਸਕਦਾ ਹੈ ਅਤੇ ਉਸ ਸਵਰਗਵਾਸੀ ਕੁੱਤੇ ਦੇ ਪੇਟ 'ਚ ਕਿਹੜੇ-ਕਿਹੜੇ ਰਾਜ਼ ਦਫ਼ਨ ਹੋਣਗੇ। ਉਨ੍ਹਾਂ ਨੂੰ ਉਹ ਆਪਣੇ ਢੰਗ ਅਨੁਸਾਰ ਦਿਖਾ ਰਹੇ ਸਨ। ਕੁੱਤਿਆਂ ਨੂੰ ਇਸ ਜਾਤੀ 'ਚ ਜਨਮ ਲੈਣ 'ਤੇ ਬੜਾ ਮਾਣ ਮਹਿਸੂਸ ਹੋ ਰਿਹਾ ਸੀ।

ਵਾਤਾਵਰਣ ਪੂਰੀ ਤਰ੍ਹਾਂ ਕੁੱਤਾਮਈ ਹੋ ਰਿਹਾ ਸੀ। ਥਾਂ-ਥਾਂ ਕੁੱਤੇ ਦੀ ਮ੍ਰਿਤਕ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਹੋ ਰਹੀ ਸੀ। ਮੈਂ ਵੀ ਇਹੋ ਜਿਹੀ ਇੱਕ ਪ੍ਰਾਰਥਨਾ 'ਚ ਸ਼ਾਮਲ ਹੋਣ ਜਾ ਰਿਹਾ ਹਾਂ।



# ਅਤੀਤ ਦੇ ਵਿਵਾਦ ਅਤੇ ਸਾਡਾ ਭਵਿੱਖ

ਕੋਈ ਵੀ ਦੇਸ਼ ਉਦੋਂ ਹੀ ਤਰੱਕੀ ਕਰਦਾ ਹੈ ਜਦੋਂ ਉਹ ਬੇਰੁਜ਼ਗਾਰੀ, ਅਸਮਾਨਤਾ, ਸਿੱਖਿਆ, ਸਿਹਤ, ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਅਤੇ ਆਮ ਨਾਗਰਿਕਾਂ ਦੇ ਸਵੈਮਾਣ ਵਰਗੇ ਮੁੱਦਿਆਂ ’ਤੇ ਧਿਆਨ ਦਿੰਦਾ ਹੈ। ਦੇਸ਼ ਉਦੋਂ ਤਰੱਕੀ ਨਹੀਂ ਕਰ ਸਕਦੇ ਜਦੋਂ ਉਹ ਵਰਤਮਾਨ ਦੀ ਬਜਾਏ ਇਤਿਹਾਸ ਦੇ ਪੁਰਾਣੇ ਮੁਰਦੇ ਉਖੇੜਨ ਵਿੱਚ ਹੀ ਲੱਗੇ ਰਹਿਣ। ਤ੍ਰਾਸਦੀ ਇਹ ਹੈ ਕਿ ਅਜਿਹੇ ਵਿਵਾਦ ਸ਼ਾਇਦ ਹੀ ਕਦੇ ਅਦਾਲਤਾਂ ਤੱਕ ਸੀਮਤ ਰਹਿੰਦੇ ਹੋਣ। ਇੱਕ ਵਾਰ ਜਦੋਂ ਇਤਿਹਾਸਕ ਚਿੰਤਾਵਾਂ ਅਤੇ ਖ਼ਦਸ਼ਿਆਂ ਨੂੰ ਜਨਤਕ ਬਹਿਸਾਂ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ ਤਾਂ ਇਹ ਬਹੁਤ ਤੇਜ਼ੀ ਨਾਲ ਸਾਡੇ ਗੁਆਂਢ ਤੱਕ ਪਹੁੰਚ ਜਾਂਦੀਆਂ ਹਨ, ਸਮਾਜਿਕ ਰਿਸ਼ਤਿਆਂ ਵਿੱਚ ਕੜਵਾਹਟ ਘੋਲਦੀਆਂ ਹਨ, ਚੋਣ ਮੁਹਿੰਮਾਂ ਨੂੰ ਹਵਾ ਦਿੰਦੀਆਂ ਹਨ ਅਤੇ ਰੋਜ਼ਾਨਾ ਦੀਆਂ ਗੱਲਾਂਬਾਤਾਂ ਵਿੱਚ ਜ਼ਹਿਰ ਘੋਲ ਦਿੰਦੀਆਂ ਹਨ। ਇਸ ਨਾਲ ਹੋਣ ਵਾਲਾ ਨੁਕਸਾਨ ਸਿਰਫ਼ ਸੰਸਥਾਗਤ ਨਹੀਂ ਹੁੰਦਾ ਸਗੋਂ ਸਮਾਜਿਕ ਹੁੰਦਾ ਹੈ ਜੋ ਸ਼ਾਂਤੀਪੂਰਨ ਆਪਸੀ ਭਾਈਚਾਰੇ ਦੀ ਸੰਭਾਵਨਾ ਨੂੰ ਹੀ ਖ਼ਤਮ ਕਰ ਦਿੰਦਾ ਹੈ।

ਕਿਸੇ ਵੀ ਗਣਤੰਤਰ ਵਿੱਚ ਅਜਿਹੇ ਦੌਰ ਵੀ ਆਉਂਦੇ ਹਨ ਜਦੋਂ ਕਾਨੂੰਨ ਤਾਂ ਜਿਊਂਦਾ ਰਹਿੰਦਾ ਹੈ ਪਰ ਉਸ ਨੂੰ ਤੋੜ-ਮਰੋੜ ਕੇ ਆਪਣੇ ਸਿਆਸੀ ਹਿੱਤਾਂ ਲਈ ਵਰਤ ਕੇ ਉਸ ਦੀ ਮੂਲ ਭਾਵਨਾ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ। ਭਾਰਤ ਵਿੱਚ ਧਾਰਮਿਕ ਸਥਾਨਾਂ ਨੂੰ ਲੈ ਕੇ ਚੱਲ ਰਹੀਆਂ ਮੌਜੂਦਾ ਬਹਿਸਾਂ ਅਤੇ ਮੁਕੱਦਮੇਬਾਜ਼ੀ ਅਜਿਹੇ ਹੀ ਇੱਕ ਦੌਰ ਦੀ ਨਿਸ਼ਾਨਦੇਹੀ ਕਰਦੀ ਹੈ। ਸਾਡੇ ਸਾਹਮਣੇ ਖੜ੍ਹਾ ਇਹ ਸਵਾਲ ਸਿਰਫ਼ ਕਾਨੂੰਨੀ ਨਹੀਂ ਸਗੋਂ ਇਸ ਤੋਂ ਕਿਤੇ ਵੱਡਾ ਯਾਨੀ ਸਭਿਅਤਾ ਅਤੇ ਸੰਵਿਧਾਨ ਨਾਲ ਜੁੜਿਆ ਹੋਇਆ ਹੈ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਸਾਡੇ ਦੇਸ਼ ਅਤੇ ਲੋਕਾਂ ’ਤੇ ਅਜਿਹਾ ਪ੍ਰਭਾਵ ਪਾਵੇਗਾ ਜਿਸ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਹੈ।

‘ਪੂਜਾ ਸਥਾਨ ਕਾਨੂੰਨ’(ਪਲੇਸਿਜ਼ ਆਫ਼ ਵਰਸ਼ਿਪ ਐਕਟ) 1991 ਬੇਹੱਦ ਖ਼ਾਸ ਅਤੇ ਨਾਜ਼ੁਕ ਹਾਲਾਤ ਵਿੱਚ ਬਣਾਇਆ ਗਿਆ ਸੀ। ਇਹ ਕਾਨੂੰਨ ਆਜ਼ਾਦੀ ਤੋਂ ਬਾਅਦ ਭਾਰਤ ਦੇ ਸਭ ਤੋਂ ਵੱਧ ਤਣਾਅਪੂਰਨ ਦੌਰ ਵਿੱਚੋਂ ਨਿਕਲਿਆ। ਉਹ ਅਜਿਹਾ ਸਮਾਂ ਸੀ ਜਦੋਂ ਧਾਰਮਿਕ ਚਿੰਤਾਵਾਂ ਅਤੇ ਡਰ ਨੂੰ ਸਿਆਸੀ ਰੂਪ ਦਿੱਤਾ ਜਾ ਰਿਹਾ ਸੀ ਅਤੇ ‘ਇਤਿਹਾਸ ਦੇ ਪੁਰਾਣੇ ਗਿਲੇ-ਸ਼ਿਕਵਿਆਂ’ ਨੂੰ ਅੱਜ ਦੀ ਸਿਆਸਤ ਚਮਕਾਉਣ ਲਈ ਵਰਤਿਆ ਜਾ ਰਿਹਾ ਸੀ। ਦੇਸ਼ ਦੀ ਸੰਸਦ ਨੇ ਇਸ ਕਾਨੂੰਨ ਰਾਹੀਂ ਇੱਕ ਸੰਵਿਧਾਨਕ ‘ਲਕਸ਼ਮਣ ਰੇਖਾ’ ਖਿੱਚਣ ਦੀ ਕੋਸ਼ਿਸ਼ ਕੀਤੀ ਸੀ। ਇਸ ਕਾਨੂੰਨ ਦਾ ਸਿੱਧਾ ਮਤਲਬ ਇਹ ਸੀ ਕਿ ਆਜ਼ਾਦ ਭਾਰਤ ਪੁਰਾਣੇ ਇਤਿਹਾਸ ਦੇ ਹਿਸਾਬ-ਕਿਤਾਬ ਕਰਨ ਲਈ ਆਪਸੀ ਲੜਾਈ ਦਾ ਮੈਦਾਨ ਨਹੀਂ ਬਣੇਗਾ। ਅਸਲ ਵਿੱਚ 1991 ਦਾ ਇਹ ਕਾਨੂੰਨ ਦੇਸ਼ ਨੂੰ ਸੂਝ-ਬੂਝ ਅਤੇ ਸਮਝਦਾਰੀ ਦਿਖਾਉਣ ਦੀ ਇੱਕ ਅਪੀਲ ਸੀ।

ਇਸ ਕਾਨੂੰਨ ਦੀ ਸਿਆਣਪ ਇਸ ਗੱਲ ਨੂੰ ਸਮਝਣ ਵਿੱਚ ਸੀ ਕਿ ਸਾਡਾ ਦੇਸ਼ ਕਿਸੇ ਇਕਹਿਰੇ ਇਤਿਹਾਸ ਵਾਲੀ ਧਰਤੀ ਨਹੀਂ ਹੈ। ਸਾਡੇ ਸ਼ਹਿਰ, ਧਾਰਮਿਕ ਸਥਾਨ ਅਤੇ ਇਮਾਰਤਾਂ ਆਪਣੇ ਅੰਦਰ ਸਾਮਰਾਜਾਂ ਦੇ ਬਣਨ, ਵਪਾਰ, ਆਪਸੀ ਲੈਣ-ਦੇਣ, ਇੱਕ-ਦੂਜੇ ਵਿੱਚ ਸਮਾ ਜਾਣ, ਆਪਸੀ ਸਾਂਝ, ਤਬਾਹੀ ਅਤੇ ਮੁੜ-ਨਿਰਮਾਣ ਦੀਆਂ ਕਈ ਪਰਤਾਂ ਸਮੇਟੀ ਬੈਠੇ ਹਨ। ਜੇਕਰ ਹਰ ਪੀੜ੍ਹੀ ਇਤਿਹਾਸ ਨੂੰ ਸੁਧਾਰਨ ਦੇ ਨਾਂ ’ਤੇ ਅਤੀਤ ਦੇ ਜ਼ਖ਼ਮਾਂ ਨੂੰ ਕੁਰੇਦਣਾ ਸ਼ੁਰੂ ਕਰ ਦੇਵੇਗੀ ਤਾਂ ਸਾਡਾ ਗਣਤੰਤਰ ਹਮੇਸ਼ਾ ਲਈ ਅਸਥਿਰ ਹੋ ਜਾਵੇਗਾ। ਪਰ ਅੱਜ ਅਸੀਂ ਜੋ ਦੇਖ ਰਹੇ ਹਾਂ ਉਹ ਇਸ ਕਾਨੂੰਨ ’ਤੇ ਕੋਈ ਸਿੱਧਾ ਹਮਲਾ ਨਹੀਂ ਹੈ ਸਗੋਂ ਇਸ ਦੀ ਨੈਤਿਕ ਅਤੇ ਸੰਵਿਧਾਨਕ ਭਾਵਨਾ ਨੂੰ ਹੌਲੀ-ਹੌਲੀ ਕਮਜ਼ੋਰ ਕਰਨਾ ਹੈ। ਅੱਜ ਦੇ ਅਜਿਹੇ ਮਾਹੌਲ ਰਾਹੀਂ ਇਸ ਕਾਨੂੰਨ ਦੀ ਰੂਹ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ ਜਿੱਥੇ ਪ੍ਰਤੀਕਾਤਮਕ ਵਿਵਾਦਾਂ ਨੂੰ ਲਗਾਤਾਰ ਮੁੜ ਖੜ੍ਹਾ ਕੀਤਾ ਜਾ ਰਿਹਾ ਹੈ, ਸਿਆਸੀ ਲਾਹੇ ਲਈ ਇਤਿਹਾਸਕ ਦਾਅਵਿਆਂ ਨੂੰ ਵਧਾ-ਚੜ੍ਹਾਅ ਕੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਧਰਮ (ਆਸਥਾ) ਦੀ ਭਾਸ਼ਾ ਨੂੰ ਇਸ ਤਰ੍ਹਾਂ ਵਰਤਿਆ ਜਾ ਰਿਹਾ ਹੈ ਜੋ ਲੋਕਤੰਤਰੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੀ ਬਜਾਏ ਸਮਾਜਿਕ ਖ਼ਦਸ਼ਿਆਂ ਨੂੰ ਹੋਰ ਗੂੜ੍ਹਾ ਕਰਦੀ ਹੈ। ਅਦਾਲਤਾਂ, ਜਿਨ੍ਹਾਂ ਤੋਂ ਇਹ ਉਮੀਦ ਸੀ ਕਿ ਉਹ 1991 ਦੇ ਕਾਨੂੰਨ ਦੀ ਪੂਰੀ ਰੂਹ ਨਾਲ ਰੱਖਿਆ ਕਰਨਗੀਆਂ, ਉਹ ਵੀ ਆਪਣੇ ਇਸ ਅਹਿਦ ਤੋਂ ਡੋਲਦੀਆਂ ਨਜ਼ਰ ਆ ਰਹੀਆਂ ਹਨ। ਕਾਨੂੰਨ ਨੂੰ ਆਖ਼ਰੀ ਫ਼ੈਸਲੇ ਦੇ ਮੁੱਖ ਆਧਾਰ ਵਜੋਂ ਦੇਖਣ ਦੀ ਬਜਾਏ ਅਦਾਲਤਾਂ ਆਪਣੇ ਤਰਕਾਂ ਨੂੰ ਪੁਰਾਤੱਤਵ ਸਰਵੇਖਣਾਂ, ਵਿਵਾਦਿਤ ਇਤਿਹਾਸਕ ਕਹਾਣੀਆਂ ਅਤੇ ਕਾਨੂੰਨੀ ਗੁੰਝਲਾਂ ਦੇ ਆਲੇ-ਦੁਆਲੇ ਘੁਮਾ ਰਹੀਆਂ ਹਨ। ਉਹ ਇਸ ਮੁੱਖ ਕਾਨੂੰਨ ਨੂੰ ਸਰਵਉੱਚ ਮੰਨਣ ਦੀ ਬਜਾਏ ਬਾਕੀ ਚੀਜ਼ਾਂ ਵਾਂਗ ਸਿਰਫ਼ ਇੱਕ ਆਮ ਵਿਚਾਰਨਯੋਗ ਨੁਕਤਾ ਮੰਨ ਕੇ ਚੱਲ ਰਹੀਆਂ ਹਨ। ਜਦੋਂ ਬੁਨਿਆਦੀ ਕਾਨੂੰਨ ਨੂੰ ਸਭ ਤੋਂ ਪਹਿਲਾਂ ਦੇਖਣ ਦੀ ਬਜਾਏ ਸਭ ਤੋਂ ਆਖ਼ਰ ਵਿੱਚ ਦੇਖਿਆ ਜਾਂਦਾ ਹੈ ਤਾਂ ਨਿਆਂ ਪ੍ਰਣਾਲੀ ਸੰਸਦ ਵੱਲੋਂ ਲਗਾਈ ਗਈ ਰੋਕ ਨੂੰ ਲਾਗੂ ਕਰਨ ਵਿੱਚ ਨਾਕਾਮ ਰਹਿੰਦੀ ਹੈ ਅਤੇ ਚੁੱਪ-ਚਪੀਤੇ ਉਸ ਕਾਨੂੰਨ ਨੂੰ ਬਾਈਪਾਸ ਕਰਨ ਦਾ ਰਸਤਾ ਖੋਲ੍ਹ ਦਿੰਦੀ ਹੈ।

1991 ਦਾ ਇਹ ਕਾਨੂੰਨ ਕਿਸੇ ਵੀ ਪੂਜਾ ਸਥਾਨ ਦੇ ਸਰੂਪ ਨੂੰ ਬਦਲਣ ’ਤੇ ਰੋਕ ਲਗਾਉਂਦਾ ਹੈ ਅਤੇ ਸਰਕਾਰ ’ਤੇ ਇਹ ਜ਼ਿੰਮੇਵਾਰੀ ਪਾਉਂਦਾ ਹੈ ਕਿ ਉਹ ਹਰ ਧਾਰਮਿਕ ਸਥਾਨ ਦਾ ਉਹੀ ਸਰੂਪ ਕਾਇਮ ਰੱਖੇ ਜੋ 15 ਅਗਸਤ 1947 ਨੂੰ ਸੀ। ਇਹ ਕਾਨੂੰਨ ਸਾਡੀਆਂ ਧਰਮ ਨਿਰਪੱਖ ਕਦਰਾਂ-ਕੀਮਤਾਂ ਦੇ ਇੱਕ ਅਹਿਮ ਹਿੱਸੇ ਵਜੋਂ ਪਿੱਛੇ ਨਾ ਹਟਣ (ਯਾਨੀ ਪੁਰਾਣੀ ਸਥਿਤੀ ਨੂੰ ਬਰਕਰਾਰ ਰੱਖਣ) ਦੇ ਸਿਧਾਂਤ ਦੀ ਰਾਖੀ ਕਰਦਾ ਹੈ। ਪਰ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹਾਲੀਆ ਫ਼ੈਸਲੇ ਅਤੇ ਦੇਸ਼ ਭਰ ਦੀਆਂ ਅਦਾਲਤਾਂ ਵਿੱਚ ਲੰਬਿਤ ਪਈਆਂ ਅਜਿਹੀਆਂ ਕਈ ਪਟੀਸ਼ਨਾਂ ਇਸ ਕਾਨੂੰਨ ਦੀ ਮੂਲ ਆਤਮਾ ਨੂੰ ਹੀ ਖ਼ਤਮ ਕਰ ਰਹੀਆਂ ਹਨ। ਇੱਥੇ ਜ਼ਰਾ ਠਹਿਰ ਕੇ ਇੱਕ ਸਵਾਲ ਪੁੱਛਣਾ ਬਣਦਾ ਹੈ: ਵਿਵਾਦਿਤ ਅਤੀਤ ਦੀ ਇਸ ਨਿਰੰਤਰ ਖੁਦਾਈ ਰਾਹੀਂ ਸਾਡਾ ਗਣਤੰਤਰ ਆਖ਼ਰ ਹਾਸਲ ਕੀ



ਕਰਨਾ ਚਾਹੁੰਦਾ ਹੈ? ਜੇਕਰ ਦੇਸ਼ ਦਾ ਸ਼ਾਸਨ ਸਭਿਅਤਾਵਾਂ ਦੇ ਆਪਸੀ ਹਿਸਾਬ-ਕਿਤਾਬ ਕਰਨ ਦਾ ਗੁਲਾਮ ਬਣ ਕੇ ਰਹਿ ਜਾਵੇ ਤਾਂ ਕੋਈ ਵੀ ਲੋਕਤੰਤਰ ਅੱਗੇ ਨਹੀਂ ਵਧ ਸਕਦਾ। ਭਾਰਤ ਦਾ ਸੰਵਿਧਾਨਕ ਸੰਕਲਪ ਕਦੇ ਵੀ ਇਤਿਹਾਸ ਨੂੰ ਭੁਲਾਉਣ ’ਤੇ ਅਧਾਰਿਤ ਨਹੀਂ ਸੀ। ਸੰਵਿਧਾਨ ਨਾਗਰਿਕਾਂ ਨੂੰ ਇਤਿਹਾਸ ਭੁੱਲਣ ਲਈ ਨਹੀਂ ਕਹਿੰਦਾ; ਇਹ ਤਾਂ ਉਨ੍ਹਾਂ ਨੂੰ ਇਤਿਹਾਸ ਦੇ ਗੁਲਾਮ ਨਾ ਬਣਨ ਦੀ ਤਾਕੀਦ ਕਰਦਾ ਹੈ। ਇਤਿਹਾਸ ਨੂੰ ਯਾਦ ਰੱਖਣ ਅਤੇ ਇਤਿਹਾਸ ਨੂੰ ਇੱਕ ਹਥਿਆਰ ਵਜੋਂ ਵਰਤਣ ਵਿੱਚ ਬਹੁਤ ਵੱਡਾ ਫ਼ਰਕ ਹੈ। ਡਾ. ਬੀ ਆਰ ਅੰਬੇਡਕਰ ਨੇ ਵਾਰ-ਵਾਰ ਚੇਤਾਵਨੀ ਦਿੱਤੀ ਸੀ ਕਿ ਸੰਵਿਧਾਨਕ ਨੈਤਿਕਤਾ ਲਈ ਸੰਜਮ ਦੀ ਲੋੜ ਹੁੰਦੀ ਹੈ, ਖ਼ਾਸ ਕਰਕੇ ਉਨ੍ਹਾਂ ਵੱਲੋਂ ਜਿਨ੍ਹਾਂ ਕੋਲ ਸਿਆਸੀ ਅਤੇ ਸੰਸਥਾਗਤ ਤਾਕਤ ਹੈ। ਸੰਜਮ ਰੱਖਣਾ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਹੈ; ਇਹ ਤਾਂ ਲੋਕਤੰਤਰੀ ਆਤਮ-ਵਿਸ਼ਵਾਸ ਦਾ ਸਭ ਤੋਂ ਉੱਚਾ ਪ੍ਰਗਟਾਵਾ ਹੈ। ਬਹੁ-ਸੱਭਿਆਚਾਰਕ ਅਤੇ ਵੰਨ-ਸਵੰਨਤਾ ਵਾਲੇ ਸਮਾਜਾਂ ਵਿੱਚ ਸ਼ਾਂਤੀ ਉਦੋਂ ਹੀ ਕਾਇਮ ਰਹਿ ਸਕਦੀ ਹੈ ਜਦੋਂ ਹਰ ਵਖਰੇਵੇਂ ਨੂੰ ਸਦੀਵੀ ਟਕਰਾਅ ਵਿੱਚ ਬਦਲਣ ਤੋਂ ਬਚਣ ਦੀ ਸਾਂਝੀ ਇੱਛਾ ਹੋਵੇ।

‘ਪਲੇਸਿਜ਼ ਆਫ਼ ਵਰਸ਼ਿਪ ਐਕਟ’ ਅਸਲ ਵਿੱਚ ਭਵਿੱਖ ਨੂੰ ਅਤੀਤ ਦੇ ਮੁਕੱਦਮਿਆਂ ਦੇ ਬੋਝ ਤੋਂ ਬਚਾਉਣ ਬਾਰੇ ਹੈ। ਇਹ ਇਸ ਗੱਲ ਦਾ ਭਰੋਸਾ ਸੀ ਕਿ ਆਜ਼ਾਦੀ ਤੋਂ ਬਾਅਦ ਪੈਦਾ ਹੋਣ ਵਾਲੀਆਂ ਪੀੜ੍ਹੀਆਂ ਨੂੰ ਅਜਿਹਾ ਭਾਰਤ ਵਿਰਾਸਤ ਵਿੱਚ ਨਹੀਂ ਮਿਲੇਗਾ ਜੋ ਪੁਰਾਣੇ ਬਦਲਿਆਂ ਦੀ ਅੱਗ ਵਿੱਚ ਸੜ ਰਿਹਾ ਹੋਵੇ, ਸਗੋਂ ਉਹ ਅਜਿਹੇ ਦੇਸ਼ ਵਿੱਚ ਜਿਊਣਗੀਆਂ ਜੋ ਸ਼ਾਂਤੀ ਅਤੇ ਤਰੱਕੀ ਦੇ ਰਾਹ ’ਤੇ ਅੱਗੇ ਵਧ ਰਿਹਾ ਹੋਵੇ। ਅੱਜ ਦੇ ਦੌਰ ਵਿੱਚ ਇੱਕ ਹੋਰ ਚਿੰਤਾਜਨਕ ਗੱਲ ਇਹ ਹੈ ਕਿ ਅਜਿਹੀ ਬਹਿਸ ਨੂੰ ਆਮ ਬਣਾਇਆ ਜਾ ਰਿਹਾ ਹੈ ਜਿੱਥੇ ਸੰਵਿਧਾਨਕ ਗਾਰੰਟੀਆਂ ਨੂੰ ਬਹੁਗਿਣਤੀ ਦੀ ਭਾਵਨਾ ਦੇ ਤਰਾਜ਼ੂ ਵਿੱਚ ਤੋਲਿਆ ਜਾ ਰਿਹਾ ਹੈ। ਕੋਈ ਵੀ ਗਣਤੰਤਰ ਬਦਲਦੀਆਂ ਭਾਵਨਾਤਮਕ ਬਹੁਗਿਣਤੀਆਂ ਦੇ ਸਹਾਰੇ ਨਹੀਂ ਚੱਲ ਸਕਦਾ। ਆਓ, ਅਸੀਂ ਇਸ ਗੱਲ ਨੂੰ ਮੁੜ ਦੁਹਰਾਈਏ ਕਿ ਸੰਵਿਧਾਨਵਾਦ ਦਾ ਮਤਲਬ ਹੀ ਜਜ਼ਬਾਤ ਦੇ ਉਤਰਾਅ-ਚੜ੍ਹਾਅ ਦੇ ਸਾਹਮਣੇ ਸਥਿਰਤਾ (ਮਜ਼ਬੂਤੀ) ਪ੍ਰਦਾਨ ਕਰਨਾ ਹੈ।

ਇਸੇ ਕਰਕੇ ਭਾਰਤ ਦੇ ਸੰਕਲਪ ਨੂੰ ਇਤਿਹਾਸਿਕ ਗ਼ਲਤੀਆਂ ਸੁਧਾਰਨ ਦੇ ਕਿਸੇ ਪ੍ਰੋਜੈਕਟ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਭਾਰਤ ਵਰਗੀ ਮਹਾਨ ਸੱਭਿਅਤਾ ਹਮਲਿਆਂ, ਗੁਲਾਮੀ, ਵੰਡ ਅਤੇ ਸਮਾਜਿਕ ਉਥਲ-ਪੁਥਲ ਦੇ ਬਾਵਜੂਦ ਸਿਰਫ਼ ਇਸ ਲਈ ਜਿਊਂਦੀ ਰਹਿ ਸਕੀ ਕਿਉਂਕਿ ਇਸ ਕੋਲ ਪੁਰਾਣੇ ਜਾਂ ਮਨਘੜਤ ਗਿਲੇ-ਸ਼ਿਕਵਿਆਂ ਵਿੱਚ ਉਲਝਣ ਦੀ ਬਜਾਏ ਨੈਤਿਕ ਦਲੇਰੀ ਨਾਲ ਅੱਗੇ ਵਧਣ ਦਾ ਹੌਸਲਾ ਸੀ। ਇਸ ਦੀ ਹੋਂਦ ਬਦਲੇ ਦੀ ਭਾਵਨਾ ’ਤੇ ਨਹੀਂ ਸਗੋਂ ਨਵੇਂ ਸੁਧਾਰਾਂ ਅਤੇ ਨਵੀਂ ਸ਼ੁਰੂਆਤ ’ਤੇ ਟਿਕੀ ਹੋਈ ਸੀ। ਅੱਜ ਦੇ ਭਾਰਤ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਕੀ ਉਸ ਕੋਲ ਇੰਨੀ ਲੋਕਤੰਤਰੀ ਸੂਝ-ਬੂਝ ਅਤੇ ਸਭਿਅਕ ਸਮਝਦਾਰੀ ਹੈ ਕਿ ਉਹ ਸਮੂਹਿਕ ਤਬਾਹੀ ਦੇ ਇਸ ਖ਼ਤਰਨਾਕ ਰਾਹ ’ਤੇ ਚੱਲਣ ਤੋਂ ਬਚ ਸਕੇ। ਕਿਉਂਕਿ ਇੱਕ ਵਾਰ ਜਦੋਂ ਆਪਸੀ ਸੁਲ੍ਹਾ-ਸਫ਼ਾਈ ਦੀ ਭਾਵਨਾ ਦੀ ਜਗ੍ਹਾ ‘ਕਦੀ ਨਾ ਖ਼ਤਮ ਹੋਣ ਵਾਲੇ ਦਾਅਵਿਆਂ’ ਦੀ ਸਿਆਸਤ ਲੈ ਲੈਂਦੀ ਹੈ, ਤਾਂ ਫਿਰ ਵਿਵਾਦਾਂ ਦੇ ਨਿਪਟਾਰੇ ਦਾ ਕੋਈ ਤਾਰਕਿਕ ਜਾਂ ਨੈਤਿਕ ਅੰਤ ਨਹੀਂ ਰਹਿ ਜਾਂਦਾ। ਸਿਰਫ਼ ਭਾਰਤ ਦਾ ਹੀ ਨਹੀਂ ਬਲਕਿ ਪੂਰੀ ਦੁਨੀਆ ਦਾ ਇਤਿਹਾਸ ਜ਼ਖ਼ਮਾਂ, ਜਿੱਤਾਂ, ਅਪਮਾਨਾਂ ਅਤੇ ਉਜਾੜਿਆਂ ਦੀਆਂ ਦਾਸਤਾਨਾਂ ਨਾਲ ਭਰਿਆ ਹੋਇਆ ਹੈ। ਹਰ ਸਭਿਅਤਾ ਦੇ ਪਿੰਡੇ ’ਤੇ ਕੋਈ ਨਾ ਕੋਈ ਜ਼ਖ਼ਮ ਜ਼ਰੂਰ ਹੁੰਦਾ ਹੈ ਪਰ ਕੋਈ ਵੀ ਆਧੁਨਿਕ ਗਣਤੰਤਰ ਉਸ ਸੂਰਤ ਜਿਊਂਦਾ ਨਹੀਂ ਰਹਿ ਸਕਦਾ ਜੇਕਰ ਅਤੀਤ ਦੇ ਹਰ ਜ਼ਖ਼ਮ ਨੂੰ ਇੱਕ ਸਦੀਵੀ ਸਿਆਸੀ ਪ੍ਰੋਜੈਕਟ ਵਿੱਚ ਤਬਦੀਲ ਕਰ ਦਿੱਤਾ ਜਾਵੇ।

ਅਸਲ ਖ਼ਤਰਾ ਇਹ ਹੈ ਕਿ ਜਦੋਂ ਅਤੀਤ ਸਿਆਸੀ ਜਾਇਜ਼ਤਾ ਹਾਸਲ ਕਰਨ ਦਾ ਮੁੱਖ ਸਾਧਨ ਬਣ ਜਾਂਦਾ ਹੈ ਤਾਂ ਭਵਿੱਖ ਦਾ ਸ਼ਿਕਾਰ ਹੋਣਾ ਤੈਅ ਹੈ। ਅਜਿਹੀ ਸਥਿਤੀ ਵਿੱਚ ਸਮਾਜ ਸੰਵਿਧਾਨਕ ਤਰਕ ਦੇ ਸਹਾਰੇ ਚੱਲਣ ਦੀ ਬਜਾਏ ਅੰਦਰ ਇਕੱਠੇ ਹੋਏ ਗੁੱਸੇ ਅਤੇ ਨਫ਼ਰਤ ਦੇ ਸਹਾਰੇ ਚੱਲਣ ਲੱਗ ਪੈਂਦਾ ਹੈ। ਭਾਰਤ ਵਰਗੇ ਵੰਨ-ਸਵੰਨਤਾ ਵਾਲੇ ਦੇਸ਼ ਵਿੱਚ ਅਜਿਹੇ ਗੁੱਸੇ ਅਤੇ ਨਫ਼ਰਤ ਦੀ ਕਦੇ ਕੋਈ ਕਮੀ ਨਹੀਂ ਰਹੀ। ਬਦਲੇ ਦੀ ਇਸ ਖੇਡ ਵਿੱਚ ਸਾਡਾ ਗਣਤੰਤਰ ਪੁਰਾਣੇ ਗੁੱਸੇ, ਸ਼ੱਕ ਅਤੇ ਸ਼ਿਕਵਿਆਂ ਨੂੰ ਹੀ ਸੰਭਾਲਣ ਵਿੱਚ ਆਪਣੀ ਪੂਰੀ ਊਰਜਾ ਬਰਬਾਦ ਕਰ ਲਵੇਗਾ। ਜਿਨ੍ਹਾਂ ਦੂਰ-ਅੰਦੇਸ਼ ਸੰਸਦ ਮੈਂਬਰਾਂ ਨੇ ‘ਪਲੇਸਿਜ਼ ਆਫ਼ ਵਰਸ਼ਿਪ ਐਕਟ’ ਤਿਆਰ ਕੀਤਾ ਸੀ, ਉਹ ਇਸ ਖ਼ਤਰੇ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਸ ਸਮੇਂ ਦੇ ਗ੍ਰਹਿ ਮੰਤਰੀ ਸ੍ਰੀ ਐੱਸ ਬੀ ਚਵਾਨ ਨੇ ਇਸ ਕਾਨੂੰਨ ਦੇ ਮਕਸਦ ਨੂੰ ਇਨ੍ਹਾਂ ਸ਼ਬਦਾਂ ਵਿੱਚ ਸਪੱਸ਼ਟ ਕੀਤਾ ਸੀ:

“ਅਸੀਂ ਇਸ ਬਿੱਲ ਨੂੰ ਪਿਆਰ, ਸ਼ਾਂਤੀ ਅਤੇ ਸਦਭਾਵਨਾ ਦੀਆਂ ਆਪਣੀਆਂ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰੱਖਣ ਅਤੇ ਅੱਗੇ ਵਧਾਉਣ ਦੇ ਇੱਕ ਸਾਧਨ ਵਜੋਂ ਦੇਖਦੇ ਹਾਂ। ਇਹ ਰਵਾਇਤਾਂ ਸਾਡੀ ਉਸ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹਨ ਜਿਸ ’ਤੇ ਹਰ ਭਾਰਤੀ ਮਾਣ ਕਰ ਸਕਦਾ ਹੈ। ਸਾਰੇ ਧਰਮਾਂ ਲਈ ਸਹਿਣਸ਼ੀਲਤਾ ਅਤੇ ਸਤਿਕਾਰ ਅਨਾਦਿ ਕਾਲ ਤੋਂ ਸਾਡੀ ਮਹਾਨ ਸਭਿਅਤਾ ਦੀ ਪਛਾਣ ਰਿਹਾ ਹੈ। ਆਪਸੀ ਸਾਂਝ, ਸਦਭਾਵਨਾ ਅਤੇ ਸਤਿਕਾਰ ਦੀਆਂ ਇਨ੍ਹਾਂ ਰਵਾਇਤਾਂ ਨੂੰ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿੱਚ ਉਦੋਂ ਵੱਡੀ ਸੱਟ ਵੱਜੀ ਸੀ ਜਦੋਂ ਬਸਤੀਵਾਦੀ ਤਾਕਤ (ਅੰਗਰੇਜ਼ਾਂ) ਨੇ ਦੇਸ਼ ਵਿੱਚ ਫ਼ਿਰਕੂ ਵੰਡ ਪੈਦਾ ਕਰਨ ਅਤੇ ਇਸ ਨੂੰ ਹਵਾ ਦੇਣ ਦੀ ਸਰਗਰਮ ਕੋਸ਼ਿਸ਼ ਕੀਤੀ। ਆਜ਼ਾਦੀ ਤੋਂ ਬਾਅਦ ਅਸੀਂ ਅਤੀਤ ਦੇ ਜ਼ਖ਼ਮਾਂ ਨੂੰ ਭਰਨ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਆਪਣੀ ਫ਼ਿਰਕੂ ਸਾਂਝ ਅਤੇ ਸਦਭਾਵਨਾ ਦੀਆਂ ਰਵਾਇਤਾਂ ਨੂੰ ਉਨ੍ਹਾਂ ਦੇ ਪੁਰਾਣੇ ਗੌਰਵ ਤੱਕ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੋਟੇ ਤੌਰ ’ਤੇ ਅਸੀਂ ਇਸ ਵਿੱਚ ਕਾਮਯਾਬ ਰਹੇ ਹਾਂ ਹਾਲਾਂਕਿ ਇਹ ਮੰਨਣਾ ਪਵੇਗਾ ਕਿ ਕੁਝ ਮੰਦਭਾਗੀਆਂ ਘਟਨਾਵਾਂ ਵੀ ਵਾਪਰੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਨਿਰਾਸ਼ ਹੋਣ ਦੀ ਬਜਾਏ, ਸਾਡਾ ਇਹ ਫ਼ਰਜ਼ ਅਤੇ ਅਹਿਦ ਹੈ ਕਿ ਅਸੀਂ ਭਵਿੱਖ ਲਈ ਇਨ੍ਹਾਂ ਤੋਂ ਸਬਕ ਸਿੱਖੀਏ।”

ਇਸ ਕਾਨੂੰਨ ਦਾ ਅਸਲ ਮਕਸਦ ਅਤੀਤ ਨੂੰ ਫਰੋਲਣਾ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਸੀ ਤਾਂ ਜੋ ਆਜ਼ਾਦ ਭਾਰਤ ਇਤਿਹਾਸ ਦੇ ਝਗੜਿਆਂ ਵਿੱਚ ਨਾ ਫਸੇ। ਇਸ ਲਈ ਅੱਜ ਇਸ ਕਾਨੂੰਨ ਨੂੰ ਕਮਜ਼ੋਰ ਕਰਨ ਦਾ ਮਤਲਬ ਹੋਵੇਗਾ ਦੇਸ਼ ਨੂੰ ਆਪਸੀ ਸੁਲ੍ਹਾ-ਸਫ਼ਾਈ ਦੇ ਰਾਹ ਤੋਂ ਹਟਾ ਕੇ ਸਦੀਵੀ ਟਕਰਾਅ ਵੱਲ ਧੱਕਣਾ। ਇਤਿਹਾਸ ਗਵਾਹ ਹੈ ਕਿ ਜੋ ਦੇਸ਼ ਪੁਰਾਣੇ ਬਦਲਿਆਂ ਦੀ ਅੱਗ ਵਿੱਚ ਸੜਦੇ ਹਨ, ਉਹ ਆਪਣੀ ਬੁਨਿਆਦ ਖ਼ੁਦ ਹੀ ਕਮਜ਼ੋਰ ਕਰ ਲੈਂਦੇ ਹਨ। ਖ਼ਦਸ਼ਾ ਹੈ ਕਿ ਮੌਜੂਦਾ ਫ਼ੈਸਲੇ ਤੋਂ ਬਾਅਦ ਅਦਾਲਤਾਂ ਵਿੱਚ ਅਜਿਹੇ ਮੁਕੱਦਮਿਆਂ ਦਾ ਹੜ੍ਹ ਆ ਜਾਵੇਗਾ ਜਿਨ੍ਹਾਂ ਨੂੰ ਸੁਪਰੀਮ ਕੋਰਟ ਨੇ ਪਹਿਲਾਂ ਬੜੀ ਸਮਝਦਾਰੀ ਨਾਲ ਰੋਕ ਦਿੱਤਾ ਸੀ। ਉਮੀਦ ਹੈ ਕਿ ਸੁਪਰੀਮ ਕੋਰਟ ਸੰਵਿਧਾਨ ਦੇ ਮੁਸਤੈਦ ਰਾਖੇ ਵਜੋਂ ਮੁਸੀਬਤਾਂ ਦੇ ਇਸ ਪਟਾਰੇ ਨੂੰ ਹਮੇਸ਼ਾ ਲਈ ਬੰਦ ਕਰੇਗਾ।



# ਵਪਾਰ ਬਣਦੀ ਸਿੱਖਿਆ; ਕਿੱਥੇ ਜਾਣ .ਗਰੀਬ ਤੇ ਮੱਧ ਵਰਗੀ ਮਾਪੇ?

ਕੋਈ ਸਮਾਂ ਸੀ ਜਦੋਂ ਸਿੱਖਿਆ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਸਰਕਾਰੀ ਸਕੂਲ ਹੀ ਹੁੰਦੇ ਸਨ। ਬਹੁਤਾਤ ਵਿੱਚ ਲੋਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹਦੇ ਸਨ। ਸਹੂਲਤਾਂ ਦੀ ਘਾਟ ਹੋਣ ਦੇ ਬਾਵਜੂਦ ਇਨ੍ਹਾਂ ਸਕੂਲਾਂ ਦੇ ਪੜ੍ਹੇ ਹੋਏ ਬੱਚੇ ਉੱਚੇ ਅਹੁਦਿਆਂ ’ਤੇ ਬਿਰਾਜਮਾਨ ਹੁੰਦੇ ਸਨ ਕਿਉਂਕਿ ਉਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਬਹੁਤ ਉੱਚਾ ਹੁੰਦਾ ਸੀ। ਲੋਕਾਂ ਦਾ ਇਹ ਪੂਰਨ ਵਿਸ਼ਵਾਸ ਸੀ ਕਿ ਪ੍ਰਾਈਵੇਟ ਮਾਡਲ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵਧੇਰੇ ਸੁਰੱਖਿਅਤ ਹੈ। ਉਦੋਂ ਸਕੂਲਾਂ ਦੇ ਨਾਂ ਵੀ ਇੱਕੋ ਜਿਹੇ (ਸਾਧਾਰਨ) ਹੁੰਦੇ ਸਨ। ਸਕੂਲਾਂ ਵਿੱਚ ਦਾਖ਼ਲੇ ਲਈ ਨਾ ਕੋਈ ਡੋਨੇਸ਼ਨ ਦੇਣੀ ਪੈਂਦੀ ਸੀ ਅਤੇ ਨਾ ਹੀ ਕੋਈ ਵਿਕਾਸ ਫੰਡ। ਸੈਂਕੜੇ ਰੁਪਿਆਂ ਦੇ ਪ੍ਰਾਸਪੈਕਟਸ ਦੀ ਬਜਾਏ ਮਹਿਜ਼ ਪੱਚੀ ਪੈਸੇ ਦਾ ਦਾਖ਼ਲਾ ਫਾਰਮ ਹੁੰਦਾ ਸੀ। ਕੋਈ ਇੱਕ ਸਿਆਣਾ ਜੀਅ ਪਤਾਸਿਆਂ ਦੇ ਲਿਫ਼ਾਫ਼ੇ ਨਾਲ ਹੀ ਮੁਹੱਲੇ ਦੇ ਸਾਰੇ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲ ਕਰਵਾ ਆਉਂਦਾ ਸੀ। ਉਦੋਂ ਟਾਈ, ਬੈਲਟ, ਆਈ-ਕਾਰਡ, ਡਾਇਰੀ, ਮਹਿੰਗੀ ਵਰਦੀ ਅਤੇ ਭਾਰੇ ਬੈਗਾਂ ਦਾ ਕੋਈ ਰਿਵਾਜ ਨਹੀਂ ਸੀ। ਸਾਰੇ ਸਕੂਲਾਂ ਵਿੱਚ ਇੱਕੋ ਜਿਹੀਆਂ ਕਿਤਾਬਾਂ ਅਤੇ ਇੱਕੋ ਜਿਹਾ ਸਿਲੇਬਸ ਹੁੰਦਾ ਸੀ। ਕਿਤਾਬਾਂ ਵੀ ਸਸਤੀਆਂ ਹੁੰਦੀਆਂ ਸਨ, ਜਿਸ ਕਾਰਨ ਮਾਪਿਆਂ ਲਈ ਬੱਚਿਆਂ ਨੂੰ ਪੜ੍ਹਾਉਣਾ ਕੋਈ ਬੋਝ ਨਹੀਂ ਸੀ ਲੱਗਦਾ।




ਉਸ ਦੌਰ ਵਿੱਚ ਪ੍ਰਾਈਵੇਟ ਸਕੂਲ ਟਾਵੇਂ-ਟਾਵੇਂ ਹੀ ਹੁੰਦੇ ਸਨ, ਜਿਨ੍ਹਾਂ ਵਿੱਚ ਮਹਿਜ਼ ਉੱਚ ਵਰਗ ਦੇ ਬੱਚੇ ਪੜ੍ਹਦੇ ਸਨ। ਪਰ ਸਮੇਂ ਦੇ ਨਾਲ ਸਰਕਾਰੀ ਸਕੂਲਾਂ ਦੀਆਂ ਖ਼ਾਮੀਆਂ ਅਤੇ ਸਿੱਖਿਆ ਦੇ ਵਪਾਰੀਕਰਨ ਨੇ ਹਰ ਸ਼ਹਿਰ, ਕਸਬੇ ਅਤੇ ਪਿੰਡਾਂ ਬਸਤੀਆਂ ਵਿੱਚ ਥਾਂ-ਥਾਂ ਪ੍ਰਾਈਵੇਟ ਸਕੂਲਾਂ ਦਾ ਹੜ੍ਹ ਲਿਆ ਦਿੱਤਾ। ਅੱਜ ਸਰਕਾਰੀ ਸਕੂਲ ਕੇਵਲ ਉਨ੍ਹਾਂ ਮਾਪਿਆਂ ਦੀ ਮਜਬੂਰੀ ਬਣ ਕੇ ਰਹਿ ਗਏ ਹਨ ਜਿਹੜੇ ਆਰਥਿਕ ਤੰਗੀ ਕਾਰਨ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਾਉਣ ਦੇ ਅਸਮਰੱਥ ਹਨ। ਜੇਕਰ ਇਹ ਕਹਿ ਲਿਆ ਜਾਵੇ ਕਿ ਅੱਜ-ਕੱਲ੍ਹ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਾਉਣਾ ਇੱਕ ‘ਸਟੇਟਸ ਸਿੰਬਲ’ ਬਣ ਗਿਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਮੌਜੂਦਾ ਸਮੇਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਤਿੰਨ ਤਰ੍ਹਾਂ ਦੇ ਪ੍ਰਾਈਵੇਟ ਮਾਡਲ ਸਕੂਲ ਕੰਮ ਕਰ ਰਹੇ ਹਨ। ਪਹਿਲੀ ਕਿਸਮ ਵਿੱਚ ਉਹ ਨਾਮੀ ਪ੍ਰਾਈਵੇਟ ਸਕੂਲ ਆਉਂਦੇ ਹਨ ਜਿਨ੍ਹਾਂ ਵਿੱਚ ਕੇਵਲ ਉੱਚ ਵਰਗ ਦੇ ਅਮੀਰ ਮਾਪੇ ਹੀ ਆਪਣੇ ਬੱਚਿਆਂ ਨੂੰ ਪੜ੍ਹਾ ਸਕਦੇ ਹਨ। ਇਨ੍ਹਾਂ ਸਕੂਲਾਂ ਵਿੱਚ ਦਾਖ਼ਲੇ ਲਈ ਹਜ਼ਾਰਾਂ ਰੁਪਏ ਦੇ ਪ੍ਰਾਸਪੈਕਟਸ, ਲੱਖਾਂ ਰੁਪਏ ਡੋਨੇਸ਼ਨ ਤੇ ਵਿਕਾਸ ਫੰਡ, ਮੋਟੀਆਂ ਮਹੀਨਾਵਾਰ ਫੀਸਾਂ, ਮਹਿੰਗੀਆਂ ਕਿਤਾਬਾਂ, ਮਹਿੰਗਾ ਬੱਸ ਕਿਰਾਇਆ ਅਤੇ ਹੋਰ ਕਈ ਤਰ੍ਹਾਂ ਦੇ ਅਣਗਿਣਤ ਖ਼ਰਚੇ ਸ਼ਾਮਲ ਹੁੰਦੇ ਹਨ। ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਦਾਖ਼ਲਾ ਮਿਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਦਾਖ਼ਲੇ ਲਈ ਸਖ਼ਤ ਟੈਸਟ, ਮਾਪਿਆਂ ਦੀ ਇੰਟਰਵਿਊ, ਸਾਲ-ਦੋ ਸਾਲ ਪਹਿਲਾਂ ਰਜਿਸਟਰੇਸ਼ਨ ਅਤੇ ਹੋਰ ਕਈ ਜੁਗਾੜ ਲਗਾਉਣੇ ਪੈਂਦੇ ਹਨ। ਮਾਪਿਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਪੱਧਰ ਸਭ ਤੋਂ ਉੱਤਮ ਹੈ। ਦੂਜੀ ਕਿਸਮ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਵੀ ਪੜ੍ਹਾਈ ਕਾਫ਼ੀ ਮਹਿੰਗੀ ਹੁੰਦੀ ਹੈ ਪਰ ਇੱਥੇ ਔਖੇ-ਸੌਖੇ ਦਾਖ਼ਲਾ ਮਿਲ ਜਾਂਦਾ ਹੈ। ਤੀਜੀ ਕਿਸਮ ਵਿੱਚ ਉਹ ਸਕੂਲ ਹਨ, ਜੋ ਗਲੀਆਂ-ਮੁਹੱਲਿਆਂ, ਚੌਕਾਂ, ਬਸਤੀਆਂ ਅਤੇ ਸੜਕਾਂ ਦੇ ਕਿਨਾਰੇ ਦੁਕਾਨਾਂ ਵਾਂਗ ਖੁੱਲ੍ਹੇ ਹੋਏ ਹਨ। ਇਨ੍ਹਾਂ ਸਕੂਲਾਂ ਵਿੱਚ ਉਨ੍ਹਾਂ ਮਾਪਿਆਂ ਦੇ ਬੱਚੇ ਪੜ੍ਹਦੇ ਹਨ, ਜਿਹੜੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਤਾਂ ਨਹੀਂ ਭੇਜਣਾ ਚਾਹੁੰਦੇ, ਪਰ ਵੱਡੇ ਤੇ ਮਹਿੰਗੇ ਪ੍ਰਾਈਵੇਟ ਸਕੂਲਾਂ ਦਾ ਖ਼ਰਚਾ ਚੁੱਕਣਾ ਵੀ ਉਨ੍ਹਾਂ ਦੀ ਆਰਥਿਕ ਪਹੁੰਚ ਤੋਂ ਬਾਹਰ ਹੁੰਦਾ ਹੈ। ਇਨ੍ਹਾਂ ਕਿਸਮਾਂ ਦੇ ਪ੍ਰਾਈਵੇਟ ਸਕੂਲਾਂ ਨੂੰ ਚਲਾਉਣ ਵਾਲੇ ਪ੍ਰਬੰਧਕਾਂ ਦਾ ਮੁੱਖ ਉਦੇਸ਼ ਸਿੱਖਿਆ ਦੇਣਾ ਘੱਟ ਅਤੇ ਸਕੂਲ ਦੀ ਕਮਾਈ ਵਧਾਉਣ ਲਈ ਵੱਧ ਤੋਂ ਵੱਧ ਬੱਚਿਆਂ ਨੂੰ ਦਾਖ਼ਲ ਕਰਨਾ ਹੁੰਦਾ ਹੈ।

ਇਹ ਪ੍ਰਾਈਵੇਟ ਮਾਡਲ ਸਕੂਲ ਬੱਚਿਆਂ ਦਾ ਦਾਖ਼ਲਾ ਵਧਾਉਣ ਲਈ ਨਵੰਬਰ-ਦਸੰਬਰ ਮਹੀਨੇ ਤੋਂ ਹੀ ਵੱਖ-ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾਉਣੇ ਸ਼ੁਰੂ ਕਰ ਦਿੰਦੇ ਹਨ। ਮਾਪਿਆਂ ਨੂੰ ਪ੍ਰਭਾਵਿਤ ਕਰਨ ਲਈ ਆਪਣੇ ਸਕੂਲਾਂ ਦੀਆਂ ਪ੍ਰਾਪਤੀਆਂ ਦਾ ਗੁਣਗਾਣ ਕਰਨ ਵਾਲੇ ਅਤੇ ਮਾਸੂਮ ਬੱਚਿਆਂ ਦੀਆਂ ਫ਼ੋਟੋਆਂ ਨਾਲ ਲਿਸ਼ਕਦੇ-ਚਮਕਦੇ ਇਸ਼ਤਿਹਾਰ ਅਖ਼ਬਾਰਾਂ ਦੇ ਮਾਧਿਅਮ ਰਾਹੀਂ ਲੋਕਾਂ ਤੱਕ ਪਹੁੰਚਾਏ ਜਾਂਦੇ ਹਨ। ਅੱਜਕੱਲ੍ਹ ਸੋਸ਼ਲ ਮੀਡੀਆ ਰਾਹੀਂ ਵੀ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਸਕੂਲ ਬੱਸਾਂ, ਕੰਧਾਂ, ਗਲੀਆਂ-ਮੁਹੱਲਿਆਂ ਅਤੇ ਚੌਕਾਂ ਵਿੱਚ ਵੱਡੇ-ਵੱਡੇ ਬੈਨਰ ਤੇ ਹੋਰਡਿੰਗ ਟੰਗ ਦਿੱਤੇ ਜਾਂਦੇ ਹਨ। ਇੰਨਾ ਹੀ ਨਹੀਂ, ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵੱਲੋਂ ਆਪਣੇ ਅਧਿਆਪਕਾਂ ਨੂੰ ਬੱਚਿਆਂ ਦੇ ਦਾਖ਼ਲੇ ਲਈ ‘ਘਰ-ਘਰ’ ਭੇਜਿਆ ਜਾਂਦਾ ਹੈ। ਇਹ ਅਧਿਆਪਕ ਮਾਪਿਆਂ ਨੂੰ ਆਪਣੇ ਸਕੂਲ ਦੀਆਂ ਉਪਲੱਬਧੀਆਂ, ਆਧੁਨਿਕ ਸਹੂਲਤਾਂ, ਆਈ ਸੀ ਐੱਸ ਈ ਜਾਂ ਸੀ ਬੀ ਐੱਸ ਈ ਸਿਲੇਬਸ, ਉੱਚ-ਯੋਗਤਾ ਪ੍ਰਾਪਤ ਫੈਕਲਟੀ ਅਤੇ ਸ਼ਾਨਦਾਰ ਪ੍ਰਬੰਧਾਂ ਦਾ ਹਵਾਲਾ ਦੇ ਕੇ ਆਪਣੇ ਸਕੂਲ ਵਿੱਚ ਦਾਖ਼ਲਾ ਕਰਵਾਉਣ ਲਈ ਪ੍ਰੇਰਦੇ (ਜਾਂ ਇੱਕ ਤਰ੍ਹਾਂ ਨਾਲ ਮਜਬੂਰ) ਕਰਦੇ ਹਨ। ਅਜਿਹੇ ਭਰਮਾਊ ਮਾਹੌਲ ਵਿੱਚ ਸਾਧਾਰਨ ਮਾਪਿਆਂ ਲਈ ਇਹ ਫ਼ੈਸਲਾ ਲੈਣਾ ਬੇਹੱਦ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਆਪਣੇ ਬੱਚੇ ਨੂੰ ਕਿਸ ਸਕੂਲ ਵਿੱਚ ਭੇਜਣ।

ਦੂਜੇ ਪਾਸੇ ਪ੍ਰਾਈਵੇਟ ਮਾਡਲ ਸਕੂਲਾਂ ਦੇ ਵਧ ਰਹੇ ਪ੍ਰਭਾਵ ਅਤੇ ਸਰਕਾਰੀ ਸਕੂਲਾਂ ਵਿੱਚ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ ਕਾਰਨ ਹੁਣ ਸਿੱਖਿਆ ਵਿਭਾਗ ਵੀ ਜਾਗਿਆ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਵਧਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਹੈ।

ਪਰ ਕੌੜੀ ਸੱਚਾਈ ਇਹ ਹੈ ਕਿ ਸਿੱਖਿਆ ਦੇ ਇਸ ਵਪਾਰੀਕਰਨ ਅਤੇ ਸਰਕਾਰਾਂ ਦੀਆਂ ਅਣਗਹਿਲੀ ਭਰੀਆਂ ਨੀਤੀਆਂ ਨੇ ਸਿੱਖਿਆ ਨੂੰ ਮਹਿਜ਼ ਇੱਕ ਮੁਨਾਫ਼ਾਖ਼ੋਰ ਧੰਦਾ ਬਣਾ ਕੇ ਰੱਖ ਦਿੱਤਾ ਹੈ। ਅਜਿਹੇ ਦੌਰ ਵਿੱਚ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਲਈ ਆਪਣੇ ਬੱਚਿਆਂ ਨੂੰ ਉੱਚੀ ਸਿੱਖਿਆ ਦਿਵਾਉਣਾ ਅਤੇ ਉਨ੍ਹਾਂ ਲਈ ਸਹੀ ਸਕੂਲ ਦੀ ਚੋਣ ਕਰਨਾ ਇੱਕ ਵੱਡੀ ਚੁਣੌਤੀ ਬਣ ਚੁੱਕਾ ਹੈ। ਮਾਪਿਆਂ ਨੂੰ ਚਮਕ-ਦਮਕ ਦੇ ਪਿੱਛੇ ਭੱਜਣ ਦੀ ਬਜਾਏ ਸਕੂਲ ਦੀ ਚੋਣ ਕਰਦੇ ਸਮੇਂ ਹੇਠ ਲਿਖੀਆਂ ਅਹਿਮ ਗੱਲਾਂ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ: ਸਕੂਲ ਬੱਚੇ ਦੇ ਘਰ ਤੋਂ ਬਹੁਤਾ ਦੂਰ ਨਹੀਂ ਹੋਣਾ ਚਾਹੀਦਾ ਤਾਂ ਜੋ ਬੱਚਾ ਸਫ਼ਰ ਦੇ ਥਕੇਵੇਂ ਤੋਂ ਬਚ ਸਕੇ। ਬੱਚਿਆਂ ਉੱਤੇ ਕਿਤਾਬਾਂ ਅਤੇ ਗੈਰ-ਜ਼ਰੂਰੀ ਵਿਸ਼ਿਆਂ ਦਾ ਮਾਨਸਿਕ ਬੋਝ ਨਹੀਂ ਹੋਣਾ ਚਾਹੀਦਾ। ਬੱਚਿਆਂ ਨੂੰ ਪੜ੍ਹਾਉਣ ਵਾਲਾ ਸਟਾਫ਼ ਤਜਰਬੇਕਾਰ, ਮਿਹਨਤੀ ਅਤੇ ਯੋਗ ਹੋਣਾ ਚਾਹੀਦਾ ਹੈ। ਸਕੂਲ ਵਿੱਚ ਬੱਚੇ ਦੇ ਚੌਮੁਖੀ ਵਿਕਾਸ ਲਈ ਖੇਡਾਂ, ਕਲਾ ਅਤੇ ਹੋਰ ਸਹਿ-ਸਰਗਰਮੀਆਂ ਦਾ ਉਚਿਤ ਪ੍ਰਬੰਧ ਹੋਣਾ ਲਾਜ਼ਮੀ ਹੈ। ਸਕੂਲ ਦਾ ਮੁਖੀ (ਪ੍ਰਿੰਸੀਪਲ) ਇੱਕ ਚੰਗਾ ਪ੍ਰਬੰਧਕ ਅਤੇ ਸਿੱਖਿਆ ਸ਼ਾਸਤਰ ਦਾ ਪੂਰਾ ਗਿਆਨ ਰੱਖਣ ਵਾਲਾ ਸੂਝਵਾਨ ਵਿਅਕਤੀ ਹੋਣਾ ਚਾਹੀਦਾ ਹੈ। ਬੋਰਡ ਭਾਵੇਂ ਕੋਈ ਵੀ ਹੋਵੇ, ਚਾਹੇ ਪੰਜਾਬ ਬੋਰਡ ਹੋਵੇ ਜਾਂ ਸੀ ਬੀ ਐੱਸ ਈ, ਅਸਲ ਮਾਅਨੇ ਅਧਿਆਪਕਾਂ ਦੀ ਮਿਹਨਤ ਅਤੇ ਲਗਨ ਹੀ ਰੱਖਦੀ ਹੈ। ਅੰਤ ਵਿੱਚ, ਦੇਸ਼ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਦੇ ਵਧ ਰਹੇ ਵਪਾਰੀਕਰਨ ਨੂੰ ਨੱਥ ਪਾਉਣ। ਸਮਾਜ ਦੇ ਹਰ ਵਰਗ ਦੇ ਬੱਚੇ ਲਈ ਸਸਤੀ, ਮਿਆਰੀ, ਗੁਣਾਤਮਕ ਅਤੇ ਇੱਕੋ ਜਿਹੀ ਸਿੱਖਿਆ ਦਾ ਪ੍ਰਬੰਧ ਕਰਨਾ ਸਮੇਂ ਦੀ ਮੁੱਖ ਮੰਗ ਹੈ ਤਾਂ ਜੋ ਸਿੱਖਿਆ ‘ਵਪਾਰ’ ਨਾ ਰਹਿ ਕੇ ਸਹੀ ਮਾਅਨਿਆਂ ਵਿੱਚ ‘ਲੋਕ-ਕਲਿਆਣ’ ਦਾ ਜ਼ਰੀਆ ਬਣ ਸਕੇ।

# ਲੰਬੇ ਸਮੇਂ ਬੈਠਣਾ ਖਤਰਨਾਕ — ਸੈਰ ਵਾਲਾ ਬ੍ਰੇਕ ਲਓ

ਈਮੇਲ ਦਾ ਜਵਾਬ ਦੇਣਾ ਹੋਵੇ ਜਾਂ ਵੀਡੀਓ ਕਾਲ ਅਟੈਂਡ ਕਰਨਾ ਹੋਵੇ, ਦਫ਼ਤਰ ਵਿੱਚ ਪੂਰਾ ਦਿਨ ਕੁਰਸੀ 'ਤੇ ਬੈਠੇ-ਬੈਠੇ ਹੀ ਬੀਤ ਜਾਂਦਾ ਹੈ।

ਪਰ ਇਹ ਆਦਤ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਰਹੀ ਹੈ। ਮਾਹਰ ਕਹਿੰਦੇ ਹਨ ਕਿ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਮੋਟਾਪਾ, ਦਿਲ ਦੀ ਬਿਮਾਰੀ ਅਤੇ ਟਾਈਪ 2 ਡਾਇਬੀਟੀਜ਼ ਦਾ ਖ਼ਤਰਾ ਵਧ ਸਕਦਾ ਹੈ।

ਇਹ ਗੱਲ ਤਾਂ ਸਾਰੇ ਜਾਣਦੇ ਹਨ ਕਿ ਸਕਰੀਨ ਤੋਂ ਬ੍ਰੇਕ ਲੈਣਾ ਚੰਗਾ ਹੈ ਪਰ ਇਹ ਸਾਫ਼ ਨਹੀਂ ਹੈ ਕਿ ਕੰਮ ਕਰਦੇ ਹੋਏ ਕਿੰਨੀ ਵਾਰ ਵਾਕ ਬ੍ਰੇਕ ਲੈਣਾ ਜ਼ਰੂਰੀ ਹੈ, ਤਾਂਕਿ ਸਰੀਰ ਦਾ ਮੂਵਮੈਂਟ ਬਣਿਆ ਰਹੇ।

ਬ੍ਰਿਟਿਸ਼ ਜਰਨਲ ਆਫ ਸਪੋਰਟਸ ਮੈਡਿਸਿਨ ਵਿੱਚ ਪ੍ਰਕਾਸ਼ਿਤ ਇੱਕ ਨਵੀਂ ਸਟੱਡੀ ਵਿੱਚ ਪਾਇਆ ਗਿਆ ਹੈ ਕਿ ਹਰ ਘੰਟੇ ਪੰਜ ਮਿੰਟ ਦਾ ਵਾਕ ਬ੍ਰੇਕ ਲੈਣਾ ਚਾਹੀਦਾ। ਇਸ ਨੂੰ 'ਮੂਵਮੈਂਟ ਸਨੈਕ' ਕਿਹਾ ਗਿਆ ਹੈ।

ਦਫ਼ਤਰ ਵਿੱਚ ਦਿਨ ਬਿਤਾਉਣ ਵਾਲੇ ਲੋਕਾਂ ਦੇ ਲਈ ਸਿਹਤ ਠੀਕ ਰੱਖਣ ਦਾ ਇਹ ਸਭ ਤੋਂ ਚੰਗਾ ਅਤੇ ਆਸਾਨ ਤਰੀਕਾ ਹੈ। ਇਸ ਨਾਲ ਕੰਮ ਵੀ ਪ੍ਰਭਾਵਿਤ ਨਹੀਂ ਹੁੰਦਾ ਹੈ।

'ਹਰ ਘੰਟੇ ਪੰਜ ਮਿੰਟ ਦੀ ਵਾਕ ਨਾਲ ਮੂਡ ਬਿਹਤਰ ਹੁੰਦਾ ਹੈ'

ਲੀਡ ਰਿਸਰਚਰ ਕੀਥ ਡਿਯਾਜ਼ ਨੇ ਬੀਬੀਸੀ ਨਿਊਜ਼ ਨੂੰ ਦੱਸਿਆ ਕਿ ਹੁਣ ਜਿਆਦਾਤਰ ਲੋਕ ਨੀਂਦ 'ਚੋਂ ਉੱਠਣ ਤੋਂ ਬਾਅਦ ਪੂਰੇ ਦਿਨ ਦਾ ਤਿੰਨ-ਚੌਥਾਈ ਹਿੱਸਾ ਬੈਠੇ-ਬੈਠੇ ਲੰਘਾਉਂਦੇ ਹਨ।

ਉਨ੍ਹਾਂ ਨੇ, 'ਘੱਟ ਬੈਠੋ ਅਤੇ ਜ਼ਿਆਦਾ ਚਲੋ' ਵਾਲੀ ਸਲਾਹ ਨੂੰ ਸਹੀ ਦੱਸਿਆ।

ਡਿਯਾਜ਼ ਨੇ ਕਿਹਾ, "ਚੰਗੀ ਖਬ਼ਰ ਇਹ ਹੈ ਕਿ ਹਰ ਘੰਟੇ ਪੰਜ ਮਿੰਟ ਦੀ ਵਾਕ ਨਾਲ ਮੂਡ ਬਿਹਤਰ ਹੁੰਦਾ ਹੈ ਅਤੇ ਥਕਾਣ ਘੱਟ ਹੁੰਦੀ ਹੈ। ਲੋਕਾਂ ਨੂੰ ਇਹ ਸਲਾਹ ਅਸਾਨ ਅਤੇ ਰੋਜ਼ਮਰਾ ਦੇ ਜੀਵਨ ਵਿੱਚ ਅਪਣਾਉਣ ਲਾਇਕ ਲੱਗੀ।"

ਅੱਠ ਤੋਂ ਨੌਂ ਘੰਟੇ ਦੀ ਸ਼ਿਫਟ ਕਰਨ ਵਾਲਿਆਂ 'ਤੇ ਹੋਈ ਰਿਸਰਚ

ਕੋਲੰਬੀਆ ਯੂਨੀਵਰਸਿਟੀ ਦੀ ਇਸ ਸਟੱਡੀ ਵਿੱਚ ਅਮਰੀਕਾ ਦੇ 11,000 ਤੋਂ ਜਿਆਦਾ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਵਿੱਚ ਜਿਆਦਾਤਰ ਦਫ਼ਤਰ ਵਿੱਚ ਕੰਮ ਕਰਨ ਵਾਲੇ ਲੋਕ ਸਨ, ਜੋ ਅੱਠ ਤੋਂ ਨੌਂ ਘੰਟੇ ਦੀ ਸ਼ਿਫਟ ਕਰਦੇ ਹਨ।

ਪਹਿਲੇ ਹਫ਼ਤੇ, ਉਨ੍ਹਾਂ ਨੇ ਆਪਣਾ ਆਮ ਰੁਟੀਨ ਜਾਰੀ ਰੱਖਿਆ। ਉਨ੍ਹਾਂ ਨੇ ਥਕਾਵਟ, ਮੂਡ ਅਤੇ ਕੰਮ ਦੀ ਕਾਰਗੁਜ਼ਾਰੀ ਸਬੰਧੀ ਰੋਜ਼ਾਨਾ ਸਰਵੇਖਣ ਭਰੇ।

ਅਗਲੇ ਦੋ ਹਫ਼ਤਿਆਂ ਵਿੱਚ ਉਨ੍ਹਾਂ ਤੋਂ ਕਿਹਾ ਗਿਆ ਕਿ ਉਹ ਕੰਮ ਦੇ ਦੌਰਾਨ ਹਰ ਅੱਧੇ ਘੰਟੇ, ਇੱਕ ਘੰਟੇ ਜਾਂ ਦੋ ਘੰਟਿਆਂ ਵਿੱਚ ਪੰਜ ਮਿੰਟ ਦਾ ਵਾਕ ਬ੍ਰੇਕ ਲੈਣ। ਇਸ ਤੋਂ ਬਾਅਦ ਸਰਵੇ ਭਰਨ।

ਹਰ ਅੱਧੇ ਘੰਟੇ ਦੀ ਵਾਕ ਨਾਲ ਮੂਡ ਵਿੱਚ ਸੁਧਾਰ ਹੋਇਆ ਅਤੇ ਥਕਾਣ ਘੱਟ ਹੋਈ ਪਰ ਕੰਮ ਵਿੱਚ ਰੁਕਾਵਟ ਆਈ। ਹਰ ਦੋ ਘੰਟੇ ਵਿੱਚ ਚੱਲਣਾ, ਬਿਲਕੁਲ ਵੀ ਨਾ ਚੱਲਣ ਤੋਂ ਬਿਹਤਰ ਹੈ।

ਪਰ ਰਿਸਰਚਰ ਨੇ ਪਾਇਆ ਕਿ ਹਰ ਘੰਟੇ ਪੰਜ ਮਿੰਟ ਦੀ ਵਾਕ ਨਾਲ ਕੰਮਕਾਜ, ਮੂਡ ਅਤੇ ਫੋਕਸ ਵਿੱਚ ਵੱਡਾ ਸੁਧਾਰ ਹੋਇਆ।

'ਸੈਰ ਕਰਨ ਦਾ ਮਤਲਬ ਕੰਮ ਨੂੰ ਰੋਕਣਾ ਨਹੀਂ'

ਰਿਸਰਚਰ ਕੀਥ ਲਿਯਾਜ਼ ਨੇ ਕਿਹਾ ਕਿ ਲੰਮੇ ਸਮੇਂ ਤੱਕ ਬੈਠਣ ਦੀ ਆਦਤ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੈ। ਸਟੱਡੀ ਵਿੱਚ ਸਾਹਮਣੇ ਆਇਆ ਕਿ ਕਈ ਕਰਮਚਾਰੀਆਂ ਨੂੰ ਚਿੰਤਾ ਸੀ ਕਿ ਉਨ੍ਹਾਂ ਦੇ ਬੌਸ ਜਾਂ ਸਹਿਕਰਮੀ ਉਨ੍ਹਾਂ ਦੀ ਬ੍ਰੇਕ ਲੈਣ ਦੀ ਆਦਤ ਨੂੰ ਕਿਵੇਂ ਦੇਖਣਗੇ।

ਡਿਯਾਜ਼ ਨੇ ਕਿਹਾ, "ਭਲੇ ਹੀ ਇਹ ਉਲਟਾ ਲੱਗੇ ਪਰ ਮੂਵਮੈਂਟ ਬ੍ਰੇਕ ਅਸਲ ਵਿੱਚ ਕੰਮਕਾਜ ਨੂੰ ਬਿਹਤਰ ਬਣਾ ਸਕਦੇ ਹਨ। ਬ੍ਰੇਕ ਲੈਣ ਨਾਲ ਫੋਕਸ, ਯਾਦਾਸ਼ਤ ਅਤੇ ਸੋਚਣ ਦੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ। ਲੋਕ ਫਰੈੱਸ਼ ਅਤੇ ਰਿਲੈਕਸ ਮਹਿਸੂਸ ਕਰਦੇ ਹਨ।"

ਉਨ੍ਹਾਂ ਨੇ ਦੱਸਿਆ ਕਿ ਵਾਕ ਕਰਨਾ ਘੱਟ ਖਰਚੀਲਾ ਹੈ ਅਤੇ ਇਸ ਦਾ ਮਤਲਬ ਕੰਮ ਰੋਕਣਾ ਨਹੀਂ ਹੈ। ਚਾਹੇ ਤਾਂ ਮੀਟਿੰਗ ਕਰਦੇ ਹੋਏ ਵਾਕ ਕਰ ਸਕਦੇ ਹੋ ਜਾਂ ਫੋਨ ਕਾਲ ਦੇ ਦੌਰਾਨ ਟਹਿਲ ਸਕਦੇ ਹੋ। ਤੁਸੀਂ ਦਫ਼ਤਰ ਵਿੱਚ ਜਾਂ ਬਾਹਰ ਵੀ ਵਾਕ ਕਰ ਸਕਦੇ ਹੋ।

ਬ੍ਰਿਟਿਸ਼ ਹਾਰਟ ਫਾਊਂਡੇਸ਼ਨ ਦੀ ਸੀਨੀਅਰ ਕਾਰਡਿਅਕ ਨਰਸ ਐਮਿਲੀ ਮੈਕਗ੍ਰਾਥ ਨੇ ਇਸ ਰਿਸਰਚ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਕਿਹਾ, "ਸਰੀਰ ਦੇ ਛੋਟੇ-ਛੋਟੇ ਮੂਵਮੈਂਟ ਨਾਲ ਸਿਹਤ ਬਿਹਤਰ ਹੋ ਸਕਦੀ ਹੈ।"

ਹਾਲਾਂਕਿ ਉਨ੍ਹਾਂ ਨੇ ਚੇਤਾਵਨੀ ਦਿੱਤੀ, "ਇਹ ਸਟੱਡੀ ਘੱਟ ਸਮੇਂ ਵਿੱਚ ਕੀਤੀ ਗਈ ਸੀ ਅਤੇ ਇਸ ਵਿੱਚ ਲੋਕਾਂ ਨੇ ਆਪਣੇ ਅਨੁਭਵਾਂ ਬਾਰੇ ਦੱਸਿਆ। ਇਸ ਲਈ ਹਾਰਟ ਹੈਲਥ 'ਤੇ ਇਸਦਾ ਅਸਰ ਜਾਣਨ ਦੇ .ਲਈ ਲੰਬੀ ਰਿਸਰਚ ਕਰਨੀ ਪਵੇਗੀ"




Virsa Foundation Presents
Eknoor Dhaliwal
Anmol Ratan Group
Raman Sandhu
Aman Rozi
Gurdev Kaur
Jinder Saini
10th Annual
Mela Virse Da 2026
10ਵਾਂ ਸਾਲਾਨਾ ਮੇਲਾ ਵਿਰਸੇ ਦਾ 2026
Spl. Guest
Dr. Balwinder Kaur Brar Calgary
Divdeep Kaur Brar UK
Date -: 4 JULY 2026
Venue -: AG-REC CENTRE
32470 Haida Dr, Abbotsford, BC V2T 5A6
Tickets available at Abbotsford
Prince video
New Abby Indian Cuisine
High & Fassion, Linkin Studio
Tickets available at Surrey
B4U
Payal Business Centre
Time 12:30 pm to 6:30 pm
Multiple Food Stall available
Ticket is -- $20 | Kids free under 5 years
Tickets include exhibitions & entertainment
Ladies event only
Stage not open for advertisement
The Patrika ਪੰਜਾਬੀ ਪੱਤ੍ਰਿਕਾ "BRIDGING COMMUNITIES"
ਅਜੀਤ ਵੈੱਬ ਟੀਵੀ
Fundraiser For Hospices and Grief Society
GKM MEDIA & PRODUCTION TV
SANJHA TV WORLD WIDE
ਸਿੱਧੀ ਗੱਲ
SWIFT
ਹਮਦਰਦ HAMDARD MEDIA GROUP
ਸਾਡਾ SADA TV
SPICE TV
SHARMA PHOTOGRAPHY
BC PUNJABI NEWS
NATIONAL TIMES
sher punjab
The TIMES Of Canada
For More Info Virsa Team -: 604-765-0151 VirsaFoundation@outlook.com

# ਵਿਰਸੇ ਦੇ ਨੇੜੇ ਤੇ ਦੂਰ ਲਿਜਾਂਦੇ ਰਾਹ

ਅਜੋਕੇ ਕੱਟੜਤਾ ਭਰੇ ਮਾਹੌਲ ਵਿੱਚ ਧਰਮ ਦੇ ਨਾਂ ’ਤੇ ਸਿਆਸਤਦਾਨਾਂ ਵੱਲੋਂ ਵਾਰ ਵਾਰ ਅਤੀਤ ਅਤੇ ਇਤਿਹਾਸ ਵੱਲ ਮੁੜ ਮੁੜ ਕੇ ਦੇਖਣਾ ਤੁਹਾਨੂੰ ਅਕਸਰ ਬਹੁਤ ਪ੍ਰੇਸ਼ਾਨ ਕਰਦਾ ਹੈ, ਪਰ ਕਦੇ ਕਦੇ ਅਤੀਤ ਦੇ ਨਕਸ਼ ਪਛਾਣਨ ਲਈ ਉਸ ਵੱਲ ਪਰਤਣਾ ਤੁਹਾਡੇ ਮਨ ਨੂੰ ਠੰਢੀ ਹਵਾ ਦੇ ਬੁੱਲੇ ਵਾਂਗ ਸਕੂਨ ਵੀ ਦੇ ਜਾਂਦਾ ਹੈ। ਇਹ ਖ਼ਬਰ ਪੜ੍ਹ ਕੇ ਬਹੁਤ ਚੰਗਾ ਲੱਗਿਆ ਕਿ ਲਾਹੌਰ ਸ਼ਹਿਰ ਵੀ ਹੁਣ ਰਾਮ ਦਾ ਨਾਮ ਲਵੇਗਾ। ਬਿਲਕੁਲ ਠੀਕ ਪੜ੍ਹ ਰਹੇ ਹੋ ਤੁਸੀਂ, ਲਾਹੌਰ ਦੀ ‘ਰਹਿਮਾਨ ਗਲੀ’ ਨੂੰ ਹੁਣ ‘ਰਾਮ ਗਲੀ’ ਹੀ ਸੱਦਿਆ ਜਾਵੇਗਾ। ਇਸ ਖ਼ਬਰ ਦੀ ਖ਼ੁਸ਼ੀ ਹਾਲੇ ਚੰਗੀ ਤਰ੍ਹਾਂ ਮਾਣੀ ਵੀ ਨਹੀਂ ਸੀ ਕਿ ਸਾਡੇ ਆਪਣੇ ਦੇਸ਼ ਦੀ ਰਾਜਧਾਨੀ ’ਚੋਂ ਨਾਂ ਬਦਲਣ ਸਬੰਧੀ ਹੀ ਇੱਕ ਖ਼ਬਰ ਆ ਗਈ, ਜੋ ਦਿਲ ਨੂੰ ਬਹੁਤ ਠੇਸ ਪਹੁੰਚਾਉਣ ਵਾਲੀ ਹੈ। ਸ਼ਨਿੱਚਰਵਾਰ ਦੇਰ ਸ਼ਾਮ ਨੂੰ ਖ਼ਬਰ ਇਹ ਆਈ ਕਿ ਦਿਆਲ ਸਿੰਘ ਕਾਲਜ ਨਵੀਂ ਦਿੱਲੀ ਦੀ ਗਵਰਨਿੰਗ ਬੌਡੀ ਨੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਂ ਬਦਲਣ ਦੇ ਵਿਵਾਦਮਈ ਏਜੰਡੇ ਨੂੰ ਪ੍ਰਵਾਨਗੀ ਦਿੰਦਿਆਂ ਦੋ ਬਦਲ ‘ਬੰਦਾ ਸਿੰਘ ਬਹਾਦਰ ਕਾਲਜ’ ਜਾਂ ‘ਮਜੀਠੀਆ ਕਾਲਜ’ ਸੁਝਾਏ ਹਨ। ਸ਼ਾਇਦ ‘ਮਜੀਠੀਆ ਕਾਲਜ’ ਵੀ ਇਸ ਲਈ ਸੁਝਾਇਆ ਗਿਆ ਹੈ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਦੀ ਸ਼ਾਨਾਂਮੱਤੀ ਵਿਰਾਸਤ ਦੇ ਮੱਦੇਨਜ਼ਰ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਂ ਬਦਲਣ ਦਾ ਪਹਿਲਾਂ ਵੀ ਬਹੁਤ ਤਿੱਖਾ ਵਿਰੋਧ ਹੋਇਆ ਹੈ।

ਖ਼ੈਰ, ਜਦੋਂ ਲਾਹੌਰੀਆਂ ਦੀ ਗੱਲ ਕਰਦੇ ਹਾਂ ਤਾਂ ਇਹ ਵੀ ਹਕੀਕਤ ਹੈ ਕਿ ਉਨ੍ਹਾਂ ਨੇ ਰਾਮ ਦੇ ਨਾਮ ਨੂੰ ਕਦੇ ਵਿਸਾਰਿਆ ਹੀ ਨਹੀਂ ਸੀ। ਉਨ੍ਹਾਂ ਤਾਂ ਹਮੇਸ਼ਾ ਇਸ ਨੂੰ ਰਾਮ ਗਲੀ ਹੀ ਸੱਦਿਆ, ਪਰ ਸਰਕਾਰੀ ਦਸਤਾਵੇਜ਼ਾਂ ਵਿੱਚ ‘ਰਾਮ’ ਨੂੰ ‘ਰਹਿਮਾਨ’ ਨਾਲ ਬਦਲ ਦਿੱਤਾ ਗਿਆ ਸੀ ਕਿਉਂਕਿ ਰਾਮ ਦਾ ਨਾਮ ਸ਼ਾਇਦ ਸਮੇਂ ਦੇ ਸ਼ਾਸਕਾਂ ਦੀ ਸਿਆਸਤ ਨੂੰ ਵਾਰਾ ਨਹੀਂ ਸੀ ਖਾਂਦਾ। ਸਿਰਫ਼ ਰਾਮ ਗਲੀ ਹੀ ਨਹੀਂ, ਹਿੰਦੂਆਂ, ਸਿੱਖਾਂ ਅਤੇ ਜੈਨੀਆਂ ਨਾਲ ਜੁੜੀਆਂ ਹੋਰ ਬਹੁਤ ਸਾਰੀਆਂ ਥਾਵਾਂ ਦੇ ਨਾਵਾਂ ਨੂੰ ਬਦਲ ਕੇ ਉਨ੍ਹਾਂ ਦੇ ਇਸਲਾਮੀ ਨਾਂ ਰੱਖ ਦਿੱਤੇ ਗਏ ਸਨ।

ਕੁਝ ਸਮੇਂ ਤੋਂ ਏਧਰ ਅਸੀਂ ਵੀ ਨਾਂ ਬਦਲਣ ਦੇ ਉਸੇ ਰਾਹ ਤੁਰੇ ਹੋਏ ਹਾਂ, ਜਿਸ ਤੋਂ ਪਾਕਿਸਤਾਨ ਹੁਣ ਪਿੱਛੇ ਮੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਸੰਦਰਭ ’ਚ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਸਰਕਾਰ ਨੇ ਲਾਹੌਰ ਅਤੇ ਇਸ ਦੇ ਨੇੜਲੇ ਇਲਾਕਿਆਂ ਦੀਆਂ ਗਲੀਆਂ, ਸੜਕਾਂ ਅਤੇ ਹੋਰ ਥਾਵਾਂ ਦੇ ਅਸਲ ਇਤਿਹਾਸਕ ਨਾਂ



ਬਹਾਲ ਕਰਨ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਅਗਵਾਈ ਹੇਠ 19 ਮਾਰਚ ਨੂੰ ਹੋਈ ਉੱਚ ਪੱਧਰੀ ਮੀਟਿੰਗ ਵਿੱਚ ਲਾਹੌਰ ਹੈਰੀਟੇਜ ਏਰੀਆਜ਼ ਰਿਵਾਈਵਲ (ਐੱਲ ਐੱਚ ਏ ਆਰ) ਪ੍ਰੋਜੈਕਟ ’ਤੇ ਚਰਚਾ ਹੋਈ, ਜਿਸ ਵਿੱਚ ਮੌਜੂਦਾ ਨਾਵਾਂ ਨੂੰ ਉਨ੍ਹਾਂ ਦੇ ਮੂਲ ਹਿੰਦੂ ਅਤੇ ਬ੍ਰਿਟਿਸ਼ ਨਾਵਾਂ ’ਚ ਬਦਲਣ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਨਵਾਜ਼ ਸ਼ਰੀਫ਼ ਦਾ ਕਹਿਣਾ ਸੀ, ‘‘ਸਾਨੂੰ ਯੂਰੋਪ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਹ ਕਦੇ ਵੀ ਪੁਰਾਣੇ ਇਤਿਹਾਸਕ ਨਾਵਾਂ ਨਾਲ ਛੇੜਛਾੜ ਨਹੀਂ ਕਰਦੇ। ਲਾਹੌਰ ਦੇ ਪੁਰਾਣੇ (ਦੇਸ਼ ਵੰਡ ਤੋਂ ਪਹਿਲਾਂ ਦੇ) ਨਾਂ ਸਾਡਾ ਇਤਿਹਾਸ ਹਨ। ਇਸ ਇਤਿਹਾਸ ਨੂੰ ਬਦਲਣ ਦੀ ਨਹੀਂ, ਸੰਭਾਲਣ ਦੀ ਲੋੜ ਹੈ।’’ ਮਰੀਅਮ ਨਵਾਜ਼ ਦਾ ਕਹਿਣਾ ਹੈ ਕਿ ਲਾਹੌਰ ਦਾ ਇਤਿਹਾਸ ਹੀ ਇਸ ਦੀ ਪਛਾਣ ਹੈ, ਜਿਸ ਦੇ ਨਾਮ ਅਤੇ ਇਮਾਰਤਾਂ ਇਸ ਦੀ ਸ਼ਾਹਦੀ ਭਰਦੀਆਂ ਹਨ। ਲਹਿੰਦੇ ਪੰਜਾਬ ਦੀ ਸਰਕਾਰ ਦਾ ਇਹ ਅਰਬਨ ਕੰਜ਼ਰਵੇਸ਼ਨ ਪ੍ਰੋਜੈਕਟ 5,000 ਕਰੋੜ ਰੁਪਏ ਦਾ ਹੈ। ਇਸ ਤਹਿਤ ਮਿੰਟੋ ਪਾਰਕ (ਗ੍ਰੇਟਰ ਇਕਬਾਲ ਪਾਰਕ) ਵਿੱਚ ਤਿੰਨ ਕ੍ਰਿਕਟ ਮੈਦਾਨ ਅਤੇ ਰਵਾਇਤੀ ‘ਅਖਾੜੇ’ ਵੀ ਬਹਾਲ ਕਰਨ ਦੀ ਤਜਵੀਜ਼ ਹੈ।

ਇਸ ਯੋਜਨਾ ਤਹਿਤ ਲਾਹੌਰ ਸ਼ਹਿਰ ਦੇ ਪੁਰਾਣੇ ਨਕਸ਼ਾਂ ਨੂੰ ਪਛਾਣ ਕੇ, ਉਭਾਰ ਕੇ ਸਜਾਇਆ ਸੰਵਾਰਿਆ ਜਾਵੇਗਾ। ਇਸ ਸਮੁੱਚੀ ਕਵਾਇਦ ਦਾ ਮਕਸਦ ਲਾਹੌਰ ਸ਼ਹਿਰ, ਜੋ ਅਣਵੰਡੇ ਹਿੰਦੋਸਤਾਨ ਵਿੱਚ ਸਿੱਖਿਆ, ਕਲਾ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਕੇਂਦਰ ਸੀ, ਨੂੰ ਉਸ ਦੀ ਮੂਲ ਪਛਾਣ ਅਤੇ ਜੜ੍ਹਾਂ ਨਾਲ ਜੋੜਨਾ ਹੈ। ਇਹ ਸ਼ਹਿਰ, ਜੀਹਦੇ ਬਾਰੇ ਕਿਹਾ ਜਾਂਦਾ ਹੈ ‘ਜੀਹਨੇ ਲਾਹੌਰ ਨਹੀਂ ਤੱਕਿਆ ਉਹ ਜੰਮਿਆ ਹੀ ਨਹੀਂ’, ਅੰਮ੍ਰਿਤਸਰ ਤੋਂ ਮਹਿਜ਼ 50 ਕਿਲੋਮੀਟਰ ਦੂਰ ਹੈ।


ਦੇਸ਼ ਵੰਡ ਤੋਂ ਪਹਿਲਾਂ ਇੱਥੇ ਹਿੰਦੂ ਅਤੇ ਸਿੱਖਾਂ ਦੀ ਬਹੁਗਿਣਤੀ ਸੀ, ਜਿਨ੍ਹਾਂ ਨੂੰ ਹਿੰਦੋਸਤਾਨ ਦੇ ਦੋ ਟੋਟਿਆਂ ਵਿੱਚ ਵੰਡੇ ਜਾਣ ਮਗਰੋਂ ਲਾਹੌਰ ਤੋਂ ਹਿਜਰਤ ਕਰਨੀ ਪਈ। ਪਾਕਿਸਤਾਨ ਵਿੱਚ ਜ਼ਿਆ-ਉਲ-ਹੱਕ ਦੀ ਹਕੂਮਤ ਵੇਲੇ ਇਹ ਦੇਸ਼ ਇਸਲਾਮੀਕਰਨ ਅਤੇ ਕੱਟੜਵਾਦ ਵੱਲ ਬਹੁਤ ਤੇਜ਼ੀ ਨਾਲ ਵਧਿਆ ਅਤੇ ਹਿੰਦੂਆਂ ਤੇ ਸਿੱਖਾਂ ਦੀ ਪਛਾਣ ਨਾਲ ਜੁੜੀਆਂ ਥਾਵਾਂ ਨੂੰ ਇਸਲਾਮੀ ਨਾਂ ਦੇ ਦਿੱਤੇ ਗਏ। ਇਸ ਤੋਂ ਇਲਾਵਾ ਅੰਗਰੇਜ਼ਾਂ ਦੀ ਹਕੂਮਤ ਵੇਲੇ ਦੇ ਰੱਖੇ ਗਏ ਬਰਤਾਨਵੀ ਨਾਵਾਂ ਨੂੰ ਵੀ ਬਦਲ ਦਿੱਤਾ ਗਿਆ ਸੀ, ਪਰ ਹੁਣ ਇਸਲਾਮਪੁਰਾ ਨੂੰ ਫਿਰ ਉਸੇ ਪੁਰਾਣੇ ਕ੍ਰਿਸ਼ਨਾ ਨਗਰ ਵਜੋਂ ਅਤੇ ਬਾਬਰੀ ਮਸਜਿਦ ਚੌਕ ਨੂੰ ਜੈਨ ਮੰਦਿਰ ਚੌਕ ਵਜੋਂ ਜਾਣਿਆ ਜਾਵੇਗਾ। ਇਸੇ ਤਰ੍ਹਾਂ ਗਾਜ਼ੀਆਬਾਦ ਨੂੰ ਘੁਮਾਰਪੁਰਾ, ਅੱਲਾਮਾ ਇਕਬਾਲ ਚੌਕ ਨੂੰ ਜੇਲ੍ਹ ਰੋਡ, ਫਾਤਿਮਾ ਜਿਨਾਹ ਰੋਡ ਨੂੰ ਕੁਈਨਜ਼ ਰੋਡ, ਬਾਗ਼-ਏ-ਜਿਨਾਹ ਨੂੰ ਲਾਰੈਂਸ ਰੋਡ ਸੱਦਿਆ ਜਾਵੇਗਾ। ਅਧਿਕਾਰਕ ਤੌਰ ’ਤੇ ਇਨ੍ਹਾਂ ਥਾਵਾਂ ਦੇ ਨਾਂ ਬਦਲ ਕੇ ਪੁਰਾਣੇ ਨਾਵਾਂ ਵਾਲੇ ਬੋਰਡ ਲਾ ਦਿੱਤੇ ਗਏ ਹਨ। ਇਸ ਤਬਦੀਲੀ ਨੂੰ ਤੁਹਾਡਾ ਦਿਲ ਖੁਸ਼ਆਮਦੀਦ ਕਹਿੰਦਾ ਹੈ ਕਿਉਂਕਿ ਇਹ ਸ਼ਹਿਰ ਸਾਡੀ ਸਾਂਝੀ ਵਿਰਾਸਤ ਦਾ ਪ੍ਰਤੀਕ ਹੈ।

ਲਾਹੌਰ ਸ਼ਹਿਰ ਦੇ ਅੱਠ ਦਰਵਾਜ਼ਿਆਂ, ਜਿਨ੍ਹਾਂ ਵਿੱਚ ਦਿੱਲੀ ਦਰਵਾਜ਼ਾ ਵੀ ਸ਼ਾਮਿਲ ਹੈ, ਦੀ ਵੀ ਇਸ ਪ੍ਰੋਜੈਕਟ ਤਹਿਤ ਸਾਂਭ-ਸੰਭਾਲ ਕੀਤੀ ਜਾਵੇਗੀ। ਲਾਹੌਰੀਏ ਤਾਂ ਦਿੱਲੀ ਦਰਵਾਜ਼ੇ ਦੀ ਸਾਂਭ-ਸੰਭਾਲ ਕਰ ਲੈਣਗੇ, ਪਰ ਪਤਾ ਨਹੀਂ ਕਿਉਂ ਦਿੱਲੀ ਵਾਲਿਆਂ ਨੇ ਸਾਂਝੇ ਪੰਜਾਬ ਦੇ ਪੁੱਤਰ ਦਿਆਲ ਸਿੰਘ ਮਜੀਠੀਆ ਦੇ ਨਾਂ ’ਤੇ ਚਲਦੇ ਕਾਲਜ ਦਾ ਨਾਮ ਬਦਲਣ ਦੀ ਜ਼ਿੱਦ ਫੜੀ ਹੋਈ ਹੈ। ਕੀ ਹੁਣ ‘ਦਿਆਲ ਸਿੰਘ ਕਾਲਜ’ ਲਿਖਣ ਦੀ ਬਜਾਏ ਸਿਰਫ਼ ‘ਮਜੀਠੀਆ ਕਾਲਜ’ ਲਿਖ ਕੇ ਕੋਈ ਵੱਡਾ ਮੰਤਵ ਪੂਰਾ ਹੁੰਦਾ ਹੈ? ਜਾਂ ਫਿਰ ਇਹ ਤੈਅ ਕਰ ਲਿਆ ਗਿਆ ਹੈ ਕਿ ਕਾਲਜ ਦਾ ਨਾਂ ਹਰ ਹਾਲ ਬਦਲਣਾ ਹੀ ਹੈ।

ਕਾਲਜ ਦੀ ਗਵਰਨਿੰਗ ਬੌਡੀ ਦੇ ਚੇਅਰਮੈਨ ਡੀ ਐੱਸ ਚੌਹਾਨ ਨੇ ਕਾਲਜ ਦਾ ਨਾਂ ਬਦਲਣ ਵਾਲੇ ਏਜੰਡੇ ਦੀ ਪੁਸ਼ਟੀ ਕਰ ਦਿੱਤੀ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਾਲਜ ਅਧਿਆਪਕਾਂ ਦੀ ਨਾਂ ਬਦਲਣ ਬਾਰੇ ਲਿਖਤੀ ਅਸਹਿਮਤੀ ਨੂੰ ਵੀ ਰਿਕਾਰਡ ’ਤੇ ਨਹੀਂ ਲਿਆਂਦਾ ਗਿਆ। ਹੁਣ ਇਹ ਫ਼ੈਸਲਾ ਦਿੱਲੀ ਯੂਨੀਵਰਸਿਟੀ ਦੇ ਉਪ-ਕੁਲਪਤੀ ਯੋਗੇਸ਼ ਸਿੰਘ ਦੇ ਹੱਥ ਹੈ ਕਿ ਉਹ ਦੋਵਾਂ ਬਦਲਾਂ ਵਿੱਚੋਂ ਕੋਈ ਇੱਕ ਚੁਣ ਲਵੇ ਜਾਂ ਫਿਰ ਪੁਰਾਣਾ ਨਾਂ ਹੀ ਰਹਿਣ ਦਿੱਤਾ ਜਾਵੇ।

ਇਹ ਵੀ ਹਕੀਕਤ ਹੈ ਕਿ ਪਾਕਿਸਤਾਨ ਨੂੰ ਇਹ ਗੱਲ ਸਮਝ ਆ ਗਈ ਜਾਪਦੀ ਹੈ ਕਿ ਉਸ ਨੂੰ ਆਪਣੇ ਕੱਟੜਪੰਥੀ ਮੁਲਕ ਵਾਲੇ ਅਕਸ ਨੂੰ ਸੁਧਾਰਨ ਦੀ ਲੋੜ ਹੈ। ਉਹ ਹੁਣ ਆਪਣਾ ਅਕਸ ਇੱਕ ਸਹਿਣਸ਼ੀਲ, ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਬਹੁ-ਸੱਭਿਆਚਾਰਕ ਮੁਲਕ ਵਜੋਂ ਕਾਇਮ ਕਰਨਾ ਚਾਹੁੰਦਾ ਹੈ। ਉਸ ਨੂੰ ਇਹ ਭਲੀਭਾਂਤ ਪਤਾ ਹੈ ਕਿ ਆਈ ਐੱਮ ਐੱਫ ਕਿਸੇ ਵੀ ਦੇਸ਼ ਦੀ ਵਿੱਤੀ ਮਦਦ ਕਰਨ ਲਈ ਉਸ ਦੇ ਸਮਾਜਿਕ ਤੇ ਸਿਆਸੀ ਮਾਹੌਲ ਨੂੰ ਧਿਆਨ ’ਚ ਰੱਖਦਾ ਹੈ। ਪਾਕਿਸਤਾਨ ਨੂੰ ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਵੱਧ ਨਿਗਰਾਨੀ ਵਾਲੀ ਗ੍ਰੇਅ ਸੂਚੀ ’ਚੋਂ ਅਕਤੂਬਰ 2022 ਵਿੱਚ ਹੀ ਬਾਹਰ ਕੱਢਿਆ ਗਿਆ ਹੈ। ਇਸ ਨਿਗਰਾਨੀ ਤੋਂ ਬਚਣ ਲਈ ਇਸ ਨੂੰ ਆਪਣਾ ਅਕਸ ਸੁਧਾਰਨ ਦੀ ਲੋੜ ਹੈ।

ਪਾਕਿਸਤਾਨ ਵੱਲੋਂ ਐੱਲ ਐੱਚ ਏ ਆਰ ਪ੍ਰੋਜੈਕਟ ਤਹਿਤ ਹੋਰ 170 ਇਤਿਹਾਸਕ ਥਾਵਾਂ ਦੀ ਸਾਂਭ-ਸੰਭਾਲ ਕੀਤੀ ਜਾਵੇਗੀ, ਜਿਨ੍ਹਾਂ ਵਿੱਚ 101 ਗੁਰਦੁਆਰੇ ਵੀ ਸ਼ਾਮਿਲ ਹਨ। ਇਸ ਦਾ ਮਕਸਦ ਪਾਕਿਸਤਾਨ ਵਿਚਲੇ ਗੁਰਧਾਮਾਂ ਅਤੇ ਮੰਦਿਰਾਂ ਵੱਲ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਕੇ ਆਪਣੇ ਅਰਥਚਾਰੇ ਨੂੰ ਹੁਲਾਰਾ ਦੇਣਾ ਵੀ ਹੋ ਸਕਦਾ ਹੈ। ਮਕਸਦ ਭਾਵੇਂ ਕੁਝ ਵੀ ਹੋਵੇ, ਪਾਕਿਸਤਾਨ ਧਰਮ ਦੀ ਵਲਗਣ ’ਚੋਂ ਨਿਕਲ ਕੇ ਸਾਂਝੇ ਵਿਰਸੇ ਦਾ ਸਤਿਕਾਰ ਕਰਨ ਦੇ ਰਾਹ ਪੈਣ ਦਾ ਜੇਰਾ ਦਿਖਾ ਰਿਹਾ ਹੈ। ਜਾਪਦੈ ਕਿ ਇਹ ਹਕੀਕਤ ਉੱਥੋਂ ਦੇ ਹਾਕਮਾਂ ਨੂੰ ਸਮਝ ਲੱਗ ਚੁੱਕੀ ਹੈ ਕਿ ਜਿਹੜਾ ਮੁਲਕ ਸਾਰੇ ਧਰਮਾਂ ਤੇ ਘੱਟਗਿਣਤੀਆਂ ਦਾ ਸਤਿਕਾਰ ਕਰਦਾ ਹੈ, ਉਹ ਹੀ ਦੁਨੀਆ ਵਿੱਚ ਸਤਿਕਾਰ ਦਾ ਪਾਤਰ ਬਣਦਾ ਹੈ। ਇਸੇ ਲਈ ਉਹ ਆਪਣੇ ਸਾਂਝੇ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਨ ਦੇ ਰਾਹ ਪੈ ਤੁਰਿਆ ਹੈ ਤੇ ਏਧਰ ਅਸੀਂ ਆਪਣੇ ਸ਼ਾਨਾਂਮੱਤੇ ਵਿਰਸੇ ਦੇ ਨਾਇਕ ਦੇ ਨਾਂ ਨੂੰ ਵਿਵਾਦਾਂ ’ਚ ਘਸੀਟ ਕੇ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਦੇ ਰਾਹ ਪੈ ਤੁਰੇ ਹਾਂ।






# ਮਾਨ ਵੀਡੀਓ ਮਾਮਲਾ: ਦੋ ਹਿਰਾਸਤ 'ਚ, ਅਕਾਲ ਤਖ਼ਤ ਦੀ ਪ੍ਰਤੀਕ੍ਰਿਆ





ਭਗਵੰਤ ਮਾਨ ਦੀ ਕਥਿਤ ਵਿਵਾਦਿਤ ਵੀਡੀਓ ਦੀ ਫਰਜ਼ੀ ਫੋਰੈਂਸਿਕ ਰਿਪੋਰਟ ਤਿਆਰ ਕਰਨ ਅਤੇ ਡਿਜ਼ੀਟਲ ਸਬੂਤਾਂ ਨਾਲ ਛੇੜਛਾੜ ਕਰਨ ਦੇ ਇਲਜ਼ਾਮਾਂ ਹੇਠ ਦੋ ਲੋਕਾਂ ਨੂੰ ਗੁਰੂਗ੍ਰਾਮ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੈ। ਇਸ ਮਾਮਲੇ ਨੂੰ ਲੈਕੇ ਗੁਰੂਗ੍ਰਾਮ ਦੇ ਸੈਕਟਰ 29 ਦੇ ਡੀਐੱਲਐੱਫ ਥਾਣੇ ਵਿੱਚ ਇੱਕ ਐਫਆਈਆਰ ਦਰਜ ਹੋਈ ਹੈ।

ਇਹ ਐਫਆਈਆਰ ਜਸਪ੍ਰੀਤ ਉਰਫ਼ ਜੱਸੀ ਨਾਂਅ ਦੇ ਸ਼ਖਸ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤੀ ਗਈ ਹੈ, ਜਿਸ ਦਾ ਇਲਜ਼ਾਮ ਹੈ ਕਿ ਉਸ 'ਤੇ ਵਿਵਾਦਿਤ ਵੀਡੀਓ ਦੀ ਫਰਜ਼ੀ ਫੋਰੈਂਸਿਕ ਰਿਪੋਰਟ ਤਿਆਰ ਕਰਨ ਲਈ ਦਬਾਅ ਪਾਇਆ ਗਿਆ।

ਅਰੁਣ ਮਹੇਂਦਰੂ ਅਤੇ ਅੰਕਿਤ ਖ਼ਿਲਾਫ ਐੱਫਆਈਆਰ ਦਰਜ ਕੀਤੀ ਗਈ ਹੈ, ਜਿਨ੍ਹਾਂ ਨੂੰ ਪੁਲਿਸ ਨੇ ਫੜ ਲਿਆ ਹੈ।

ਐੱਫਆਈਆਰ ਵਿੱਚ ਭਾਰਤੀ ਨਿਆਂ ਸੰਹਿਤਾ ਦੀ ਧਾਰਾ 111 (2) (ੳ), 318 (2), 319, 336(2), 336 (3), 340 ਤੋਂ ਇਲਾਵਾ ਆਈਟੀ ਐਕਟ 2000 ਦੀ ਧਾਰਾ 65 ਅਤੇ 66 (ਧ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਦਰਅਸਲ 15 ਜੂਨ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਈ ਇਕੱਤਰਤਾ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ 'ਗੁਰੂ ਦੋਖੀ' ਅਤੇ 'ਪੰਥ ਵਿਰੋਧੀ' ਕਰਾਰ ਦਿੱਤਾ ਸੀ। ਇਹ ਫ਼ੈਸਲਾ ਸੀਐੱਮ ਮਾਨ ਦੀ ਇੱਕ ਕਥਿਤ ਵਿਵਾਦਿਤ ਵੀਡੀਓ ਦੇ ਸਬੰਧ ਵਿੱਚ ਆਇਆ ਸੀ।

ਜਿਸ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਖੁਦ ਭਗਵੰਤ ਮਾਨ ਨੇ ਇਸ ਵੀਡੀਓ ਨੂੰ ਨਕਾਰਿਆ ਸੀ।

ਜਿਸ ਮਗਰੋਂ 18 ਜੂਨ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਾਇਰਲ ਵੀਡੀਓ ਦੇ ਸਬੰਧ ਵਿੱਚ ਦੋ ਵੱਖ-ਵੱਖ ਫੋਰੈਂਸਿਕ ਰਿਪੋਰਟਾਂ ਦੇ ਹਵਾਲੇ ਨਾਲ ਸਫ਼ਾਈ ਦਿੱਤੀ ਸੀ। ਮੰਤਰੀ ਨੇ ਦਾਅਵਾ ਕੀਤਾ ਹੈ ਸੀ ਕਿ ਲੈਬਾਰਟਰੀਆਂ ਵੱਲੋਂ ਤਕਨੀਕੀ ਜਾਂਚ ਕੀਤੀ ਗਈ ਹੈ, ਜਿਸ ਤੋਂ ਬਾਅਦ ਇਹ ਸਾਫ਼ ਹੋਇਆ ਹੈ ਕਿ ਵੀਡੀਓ ਵਿੱਚ ਦਿਖਾਈ ਦੇ ਰਿਹਾ ਵਿਅਕਤੀ ਮੁੱਖ ਮੰਤਰੀ ਭਗਵੰਤ ਮਾਨ ਨਹੀਂ ਹੈ।

## ਸ਼ਿਕਾਇਤਕਰਤਾ ਜਸਪ੍ਰੀਤ ਨੇ ਕੀ ਇਲਜ਼ਾਮ ਲਗਾਏ ?

ਸ਼ਿਕਾਇਤਕਰਤਾ ਜਸਪ੍ਰੀਤ ਉਰਫ਼ ਜੱਸੀ ਦਾ ਇਲਜ਼ਾਮ ਹੈ ਉਸ 'ਤੇ ਪੰਜਾਬ ਦੇ ਸੀਐੱਮ ਭਗਵੰਤ ਮਾਨ ਨਾਲ ਜੁੜੀ ਕਥਿਤ ਵੀਡੀਓ ਦੀ ਫਰਜ਼ੀ ਫੋਰੈਂਸਿਕ ਰਿਪੋਰਟ ਤਿਆਰ ਕਰਨ ਦਾ ਦਬਾਅ ਬਣਾਇਆ ਗਿਆ।

ਸ਼ਿਕਾਇਤਕਰਤਾ ਮੁਤਾਬਕ, "ਇਸ ਵਾਸਤੇ ਉਸਨੂੰ 10 ਲੱਖ ਦੀ ਰਿਸ਼ਵਤ ਵੀ ਦਿੱਤੀ ਗਈ ਅਤੇ ਜਦੋਂ ਉਸਨੇ ਇਤਰਾਜ਼ ਜਤਾਇਆ ਤਾਂ ਉਸਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ।"

ਗੁਰੂਗ੍ਰਾਮ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਸਪ੍ਰੀਤ ਨੇ ਇਲਜ਼ਾਮ ਲਗਾਇਆ ਕਿ ਇੱਕ ਸ਼ਖਸ ਨੇ ਖੁਦ ਨੂੰ ਪੰਜਾਬ ਸਰਕਾਰ ਦਾ ਸੀਨੀਅਰ ਅਧਿਕਾਰੀ ਦੱਸਦੇ ਹੋਏ ਉਸ ਨਾਲ ਸੰਪਰਕ ਸਾਧਿਆ ਅਤੇ ਗੁਰੂਗ੍ਰਾਮ ਦੇ ਇੱਕ ਹੋਟਲ ਵਿੱਚ ਮੁਲਾਕਾਤ ਲਈ ਸੱਦਿਆ ਅਤੇ ਸੀਐੱਮ ਨਾਲ ਜੁੜੀ ਵੀਡੀਓ ਦੀ ਉਨ੍ਹਾਂ ਮੁਤਾਬਕ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ।

ਜਸਪ੍ਰੀਤ ਮੁਤਾਬਕ ਦਬਾਅ ਹੇਠ ਦੋ ਲੈਬਸ ਤੋਂ ਰਿਪੋਰਟ ਤਿਆਰ ਕਰਵਾਈ ਗਈ ਜਿਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ।

ਜਸਪ੍ਰੀਤ ਦਾ ਇਲਜ਼ਾਮ ਹੈ ਕਿ ਰਿਪੋਰਟ ਤਿਆਰ ਹੋਣ ਦੌਰਾਨ ਵੀ ਉਕਤ ਅਧਿਕਾਰੀ ਲਗਾਤਾਰ ਉਸ ਨਾਲ ਸੰਪਰਕ ਵਿੱਚ ਸਨ ਅਤੇ ਆਪਣੇ ਮੁਤਾਬਕ ਰਿਪੋਰਟ ਤਿਆਰ ਕਰਵਾਉਣ ਲਈ ਲਗਾਤਾਰ ਦਬਾਅ ਬਣਾ ਰਹੇ ਸਨ।

## ਗੁਰੂਗ੍ਰਾਮ ਪੁਲਿਸ ਨੇ ਦੋ ਸ਼ਖ਼ਸ ਹਿਰਾਸਤ ਵਿੱਚ ਲਏ ਹਨ

ਗੁਰੂਗ੍ਰਾਮ ਪੁਲਿਸ ਨੇ ਹੁਣ ਤੱਕ ਇਸ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ ਦੀ ਪਛਾਣ ਅਰੁਣ ਮਹੇਂਦਰੂ ਅਤੇ ਅੰਕਿਤ ਵਜੋਂ ਹੋਈ ਹੈ। ਪੁਲਿਸ ਮੁਤਾਬਕ ਇਸ ਮਾਮਲੇ ਵਿੱਚ ਹੋਰਨਾਂ ਮੁਲਜ਼ਮਾਂ ਦੀ ਸ਼ਮੂਲੀਅਤ ਨੂੰ ਲੈਕੇ ਜਾਂਚ ਕੀਤੀ ਜਾ ਰਹੀ ਹੈ।

ਗੁਰੂਗ੍ਰਾਮ ਦੇ ਏਸੀਪੀ ਕ੍ਰਾਈਮ ਨਵੀਨ ਸ਼ਰਮਾ ਨੇ ਖ਼ਬਰ ਏਜੰਸੀ ਏਐੱਨਆਈ ਨੂੰ ਦਿੱਤੀ ਜਾਣਕਾਰੀ ਵਿੱਚ ਕਿਹਾ ਕਿ ਦੋ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

"ਕੋਈ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਇਨ੍ਹਾਂ ਨੇ ਕੁਝ ਫਰਜ਼ੀ ਤੌਰ ਉੱਤੇ ਬਣਾਇਆ ਹੈ। ਇਨ੍ਹਾਂ ਕੋਲ ਕੋਈ ਸਰਕਾਰ ਤੋਂ ਮਾਨਤਾ ਪ੍ਰਾਪਤ ਲੈਬ ਨਹੀਂ ਸੀ, ਇਹ ਡਿਜ਼ੀਟਲ ਮਾਹਰ ਹਨ।"

ਉਹ ਅਗਾਂਹ ਕਹਿੰਦੇ ਹਨ,"ਜੋ ਸਾਡੇ ਗੁਆਂਢੀ ਸੂਬੇ ਦੇ ਮੁੱਖ ਮੰਤਰੀ ਜੀ ਦੀ ਵੀਡੀਓ ਸੀ, ਉਸ ਵਿੱਚ ਉਨ੍ਹਾਂ ਨੇ ਕੁਝ ਫਰਜ਼ੀ ਤੌਰ ਬਣਾਇਆ ਹੈ। ਉਸ ਮਾਮਲੇ ਵਿੱਚ ਅੰਕਿਤ ਅਤੇ ਅਰੁਣ ਨਾਮ ਦੇ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।"

"ਅਜਿਹੀ ਗੱਲ ਸਾਹਮਣੇ ਆਈ ਹੈ ਕਿ ਗੁਆਂਢੀ ਸੂਬੇ ਦੇ ਕੁਝ ਅਧਿਕਾਰੀਆਂ ਨੇ 10 ਲੱਖ ਰੁਪਏ ਦਿੱਤੇ ਸਨ, ਹਾਲਾਂਕਿ ਅਜੇ ਇਹ ਜਾਂਚ ਦਾ ਵਿਸ਼ਾ ਹੈ।"

"ਜਾਂਚ ਕੀਤੀ ਜਾ ਰਹੀ ਹੈ ਜੇਕਰ ਕੋਈ ਹੋਰ ਵੀ ਸ਼ਾਮਿਲ ਹੋਇਆ ਤਾਂ ਕਾਰਵਾਈ ਕੀਤੀ ਜਾਵੇਗੀ।"

## ਭਗਵੰਤ ਮਾਨ ਨੇ ਕੀ ਕਿਹਾ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ 'ਤੇ ਟਿੱਪਣੀ ਕਰਦਿਆਂ ਇਸ ਨੂੰ ਪੂਰੀ ਤਰ੍ਹਾਂ ਨਕਲੀ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ।

ਬੁੱਧਵਾਰ ਨੂੰ ਉਨ੍ਹਾਂ ਨੇ ਕਿਹਾ ਕਿ ਜਦੋਂ ਵਿਰੋਧੀ ਧਿਰਾਂ ਦਾ ਕਿਸੇ ਹੋਰ ਪਾਸੇ ਵੱਸ ਨਹੀਂ ਚੱਲਦਾ, ਤਾਂ ਉਹ ਉਨ੍ਹਾਂ ਨੂੰ ਧਾਰਮਿਕ ਪਾਸਿਓਂ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ,"ਵੀਡੀਓ ਵਿੱਚ ਨਾ ਮੇਰੀ ਸਰੀਰਕ ਬਣਤਰ ਉਸ ਬੰਦੇ ਨਾਲ ਮਿਲਦੀ ਹੈ, ਨਾ ਮੇਰਾ ਕੱਦ-ਕਾਠ ਮਿਲਦਾ ਹੈ, ਨਾ ਮੇਰੇ ਤੁਰਨ ਦਾ ਅੰਦਾਜ਼ ਜਾਂ ਮੇਰੇ ਖੜ੍ਹਨ ਦਾ ਅੰਦਾਜ਼ ਮਿਲਦਾ ਹੈ."

ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਦੁਨੀਆ ਭਰ ਤੋਂ ਲੋਕਾਂ ਨੇ ਉਨ੍ਹਾਂ ਨੂੰ ਫ਼ੋਨ ਅਤੇ ਮੈਸੇਜ ਕਰਕੇ ਇਸ ਵੀਡੀਓ ਦੇ ਨਕਲੀ ਹੋਣ ਦੀ ਗੱਲ ਕਹੀ ਹੈ।

ਮਾਨ ਮੁਤਾਬਕ, ਵਿਰੋਧੀ ਧਿਰਾਂ ਕੋਲ ਹੁਣ ਕੋਈ ਜ਼ਮੀਨੀ ਮੁੱਦਾ ਨਹੀਂ ਬਚਿਆ ਅਤੇ ਉਹ ਸਿਰਫ਼ ਏਆਈ ਤਕਨੀਕ ਦੇ ਸਹਾਰੇ ਫਰਜ਼ੀ ਵੀਡੀਓਜ਼ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਰਹੇ ਹਨ।

ਮੁੱਖ ਮੰਤਰੀ ਨੇ ਗੁਰੂਗ੍ਰਾਮ ਵਿੱਚ ਦਰਜ ਹੋਈ ਢਿੑ ਅਤੇ ਫੌਰੈਂਸਿਕ ਰਿਪੋਰਟ ਦੇ ਵਿਵਾਦ 'ਤੇ ਬੋਲਦਿਆਂ ਵਿਰੋਧੀ ਪਾਰਟੀਆਂ 'ਤੇ ਲੈਬ ਪ੍ਰਬੰਧਕਾਂ ਨੂੰ ਡਰਾਉਣ-ਧਮਕਾਉਣ ਦੇ ਇਲਜ਼ਾਮ ਲਗਾਏ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਵੱਲੋਂ ਕਰਵਾਈ ਗਈ ਫੌਰੈਂਸਿਕ ਜਾਂਚ ਵਿੱਚ ਵੀਡੀਓ ਨਕਲੀ ਸਾਬਿਤ ਹੋਣ ਲੱਗੀ, ਤਾਂ ਅਕਾਲੀ ਦਲ, ਬੀਜੇਪੀ ਅਤੇ ਕਾਂਗਰਸ ਨੇ ਮਿਲ ਕੇ ਲੈਬ ਦੇ ਮਾਲਕਾਂ ਨੂੰ ਘੇਰ ਲਿਆ।

ਉਨ੍ਹਾਂ ਇਲਜ਼ਾਮ ਲਗਾਇਆ, "ਵਿਰੋਧੀਆਂਨੇ ਉਹਨਾਂ ਲੈਬਾਂ ਦੇ ਮਾਲਕਾਂ ਨੂੰ ਢਿੑ ਦਾ ਡਰ ਦੇ ਕੇ, ਟੋਰਚਰ ਕਰਕੇ ਜਾਂ ਡਰਾਵਾ ਦੇ ਕੇ ਇਹ ਕਹਾਉਣ ਦੀ ਕੋਸ਼ਿਸ਼ ਕਰ ਰਹੇ ਨੇ ਕਿ ਇਹ ਕਹਿ ਦਿਓ ਕਿ ਅਸੀਂ ਇੰਨੇ ਪੈਸੇ ਲਏ ਸੀ, ਅਸੀਂ ਤਾਂ ਰਿਪੋਰਟ ਫਰਜ਼ੀ ਬਣਾ ਦਿੱਤੀ."

ਉਨ੍ਹਾਂ ਵਿਰੋਧੀ ਧਿਰਾਂ ਦੇ ਰੁਖ਼ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਹ ਕਿਹੋ ਜਿਹਾ ਤਰਕ ਹੈ ਕਿ ਜਿਹੜੀ ਲੈਬ ਤੋਂ ਸਰਕਾਰ ਜਾਂਚ ਕਰਵਾਏ ਉਹ ਫਰਜ਼ੀ ਹੈ ਅਤੇ ਜਿਸ ਤੋਂ ਵਿਰੋਧੀ ਧਿਰਾਂ ਕਰਵਾਉਣ ਉਹ ਅਸਲੀ ਹੈ।

## ਵਿਰੋਧੀ ਧਿਰਾਂ ਵੱਲੋਂ ਭਗਵੰਤ ਮਾਨ ਦੇ ਅਸਤੀਫ਼ੇ ਦੀ ਮੰਗ

ਗੁਰੂਗ੍ਰਾਮ ਪੁਲਿਸ ਵੱਲੋਂ ਕੀਤੀ ਕਾਰਵਾਈ ਨੂੰ ਲੈਕੇ ਵਿਰੋਧੀ ਧਿਰਾਂ ਹਮਲਾਵਰ ਹੋ ਗਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਲਿਖਿਆ, "ਜੋ ਝੂਠੀਆਂ ਲੈਬ ਰਿਪੋਰਟਾਂ ਬਣਵਾਈਆਂ ਗਈਆਂ ਉਹਨਾਂ ਦੇ ਪਿੱਛੇ ਦੀ ਸੱਚਾਈ ਇਨ੍ਹਾਂ ਵੀਡੀਓ ਰਾਹੀਂ ਸਾਫ਼ ਹੋ ਗਈ ਹੈ।"

ਉਨ੍ਹਾਂ ਮੁਲਜ਼ਮਾਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਸੀਐੱਮ ਮਾਨ ਤੋਂ ਅਸਤੀਫੇ ਅਤੇ ਸਬੰਧਤ ਅਧਿਕਾਰੀਆਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ।

23 ਜੂਨ ਨੂੰ ਸ਼ਾਮ ਵੇਲੇ ਇੱਕ ਪ੍ਰੈਸ ਕਾਨਫਰੈਂਸ ਕਰਕੇ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਇਸ ਮਾਮਲੇ ਵਿੱਚ ਸਵਾਲ ਖੜੇ ਕੀਤੇ ਸਨ।

ਉਨ੍ਹਾਂ ਨੇ ਕਿਹਾ ਸੀ, "ਫੋਰੈਂਸਿਕ ਦੀਆਂ ਸੀਐੱਫਐੱਸਐੱਲ ਦੀਆਂ ਲੈਬਜ਼ ਚੰਡੀਗੜ੍ਹ ਅਤੇ ਦਿੱਲੀ ਵਿੱਚ ਵੀ ਹੈ, ਇਨ੍ਹਾਂ ਨੂੰ ਉੱਥੋਂ ਜਾਂਚ ਕਰਵਾਉਣੀ ਚਾਹੀਦੀ ਸੀ ਪਰ ਉੱਥੇ ਵੀਡੀਓ ਨਹੀਂ ਦਿੱਤੀ।"

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਦੇ ਤੁਰੰਤ ਅਸਤੀਫੇ ਦੀ ਮੰਗ ਕੀਤੀ ਹੈ।

ਉਨ੍ਹਾਂ ਐਕਸ 'ਤੇ ਲਿਖਿਆ, "ਹਰਿਆਣਾ ਪੁਲਿਸ ਦੀ ਐਫ.ਆਈ.ਆਰ ਨੇ ਅਕਾਲ ਤਖ਼ਤ ਨੂੰ ਬਦਨਾਮ ਕਰਨ ਅਤੇ ਮੁੱਖ ਮੰਤਰੀ ਨੂੰ ਬਚਾਉਣ ਲਈ ਇੱਕ ਪੱਖੀ ਫੋਰੈਂਸਿਕ ਰਿਪੋਰਟ ਹਾਸਿਲ ਕਰਨ ਦੀ ਆਮ ਆਦਮੀ ਪਾਰਟੀ ਦੀ ਕਥਿਤ ਕੋਸ਼ਿਸ਼ ਦਾ ਪਰਦਾਫਾਸ਼ ਕੀਤਾ ਹੈ।"

ਉਨ੍ਹਾਂ ਲਿਖਿਆ ਕਿ ਇਹ ਸਿਰਫ਼ ਵੀਡੀਓ ਦੀ ਗੱਲ ਨਹੀਂ ਹੈ। ਇਹ ਪੰਜਾਬ ਦੀ ਸਰਵਉੱਚ ਧਾਰਮਿਕ ਸੰਸਥਾ ਨੂੰ ਕਮਜ਼ੋਰ ਕਰਨ ਅਤੇ ਸਿਆਸੀ ਹੋਂਦ ਬਚਾਉਣ ਲਈ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਾਰੇ ਹੈ। ਭਗਵੰਤ ਮਾਨ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਸਾਰਾ ਨੈਤਿਕ ਅਧਿਕਾਰ ਖੋਹ ਚੁੱਕੇ ਹਨ।

ਪੰਜਾਬ ਬੀਜੇਪੀ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਗੁਰੂਗ੍ਰਾਮ ਵਿੱਚ ਐਫਆਈਆਰ ਹੋਣ ਬਾਅਦ ਪ੍ਰਤੀਕਿਰਿਆ ਸਾਂਝੀ ਕੀਤੀ ਅਤੇ ਪੁਰਜ਼ੋਰ ਢੰਗ ਨਾਲ ਮੁੱਖ ਮੰਤਰੀ ਅਹੁਦੇ ਤੋਂ ਭਗਵੰਤ ਮਾਨ ਦੇ ਅਸਤੀਫੇ ਦੀ ਮੰਗ ਕੀਤੀ

ਉਨ੍ਹਾਂ ਐਕਸ 'ਤੇ ਲਿਖਿਆ, "ਸ੍ਰੀ ਅਕਾਲ ਸਾਹਿਬ ਵੱਲੋਂ 'ਗੁਰੂ ਦੋਖੀ' ਅਤੇ 'ਪੰਥ ਵਿਰੋਧੀ' ਐਲਾਨੇ ਜਾਣ ਬਾਅਦ ਵੀ ਭਗਵੰਤ ਮਾਨ ਕੁਰਸੀ ਨਾਲ ਚਿੰਬੜੇ ਹੋਏ ਹਨ। ਗੁਰੂਗ੍ਰਾਮ ਵਿੱਚ ਐਫਆਈਆਰ ਦਰਜ ਹੋਈ-ਸਰਕਾਰੀ ਅਧਿਕਾਰੀਆਂ ਨੇ 10 ਲੱਖ ਦੇ ਕੇ ਝੂਠੀ ਫੋਰੈਂਸਿਕ ਰਿਪੋਰਟ ਬਣਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਧੋਖਾ ਦੇਣ ਦੀ ਕੋਸ਼ਿਸ਼ ਹੋਈ।"

ਉਨ੍ਹਾਂ ਅੱਗੇ ਲਿਖਿਆ ਕਿ ਅਰਵਿੰਦ ਕੇਜਰੀਵਾਲ ਜੋ ਮਾਨ ਨੂੰ ਬਚਾਉਣ ਅੱਗੇ ਆਏ ਸਨ, ਅੱਜ ਚੁੱਪ ਹਨ।

ਉਨ੍ਹਾਂ ਸਵਾਲ ਰੱਖਿਆ, "ਹਰ ਮੰਤਰੀ, ਹਰ ਵਿਧਾਇਕ, ਹਰ ਅਧਿਕਾਰੀ ਫ਼ੈਸਲਾ ਕਰੇ- ਪੰਦਾਬ ਦੀ ਇੱਜ਼ਤ ਜਾਂ 'ਗੁਰੂ ਦੋਖੀ' ਦੀ ਕੁਰਸੀ ?"

## ਅਕਾਲ ਤਖ਼ਤ ਸਾਹਿਬ ਤੋਂ ਕੀ ਪ੍ਰਤੀਕਿਰਿਆ ਆਈ?

ਗੁਰੂਗ੍ਰਾਮ ਪੁਲਿਸ ਵੱਲੋਂ ਕੀਤੀ ਕਾਰਵਾਈ 'ਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਪ੍ਰਤੀਕਰਮ ਆਇਆ ਹੈ।

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ, "ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਗਤ ਨਾਲ ਧੋਖਾ ਕਰਨ ਦੀ ਕੋਸ਼ਿਸ਼ ਕੀਤੀ ਹੈ ਇਹ ਬਹੁਤ ਹੀ ਨੀਵੇਂ ਪੱਧਰ ਦੀ ਸਿਆਸਤ ਹੈ, ਜਿਸ ਤੋਂ ਹਰ ਸਿੱਖ, ਗੁਰੂ ਨਾਨਕ ਨਾਮ ਲੇਵਾ ਅਤੇ ਪੰਜਾਬੀ ਨੂੰ ਸੁਚੇਤ ਹੋਣਾ ਅਤਿ ਜ਼ਰੂਰੀ ਹੈ।"

# ਮਾਸੀ ਤੇ ਮਸ਼ੀਨ

-ਜਸਵਿੰਦਰ ਸੁਰਗੀਤ



''ਮਾਸੀ, ਤੂੰ ਦਿਨ ਰਾਤ ਮਸ਼ੀਨ ਤੇ ਬੈਠੀ ਰਹਿਨੀਂ ਐਂ, ਅੱਕਦੀ ਤੱਕਦੀ ਨ੍ਹੀਂ ਕਦੇ?'' ਇੱਕ ਦਿਨ ਮੈਂ ਮਾਸੀ ਨੂੰ ਪੁੱਛਿਆ। ਮੇਰੀ ਗੱਲ ਸੁਣ ਕੇ ਉਹਨੇ ਮਸ਼ੀਨ ਰੋਕ ਲਈ। ਚਮਕੀਲੀਆਂ ਅੱਖਾਂ ਮੇਰੇ ਉੱਤੇ ਸੁੱਟਦੀ ਬੋਲੀ, ''ਥੱਕਣ ਵਾਲੇ ਦਿਨ ਤਾਂ ਪੁੱਤ ਮੈਂ ਜੰਮੀ ਨੀ। ਬਾਕੀ ਦੋ ਹੱਥ ਰੱਬ ਨੇ ਕੰਮ ਕਰਨ ਨੂੰ ਦਿੱਤੇ ਐ, ਥੱਕਣਾ ਕਾਹਤੋਂ ਐ।'' ਇਹ ਆਖਦਿਆਂ ਉਸਨੇ ਫਿਰ ਮਸ਼ੀਨ ਨੂੰ ਗੇੜੇ ਦੇਣੇ ਫਿਰ ਸ਼ੁਰੂ ਕਰ ਦਿੱਤੇ।

ਮਾਸੀ ਪਿਛਲੇ ਲਗਭਗ ਪੰਦਰਾਂ ਕੁ ਸਾਲਾਂ ਤੋਂ ਮੇਰੇ ਮੁਹੱਲੇ ਵਿੱਚ ਰਹਿ ਰਹੀ ਹੈ। ਉਹਦਾ ਅਸਲ ਨਾਂ ਬਲਬੀਰ ਕੌਰ ਹੈ, ਪਰ ਸਾਰੇ ਉਸਨੂੰ ਮਾਸੀ ਕਹਿ ਕੇ ਬੁਲਾਉਂਦੇ ਹਨ। ਨਿਆਣਿਆਂ ਤੋਂ ਲੈ ਕੇ ਸਿਆਣਿਆਂ ਤੱਕ ਸਭ ਦੀ ਮਾਸੀ ਹੈ। ਉਮਰ ਸੱਤਰਾਂ ਦੇ ਨੇੜੇ ਹੈ, ਪਰ ਵੇਖਣ ਨੂੰ ਸੱਠਾਂ ਦਾ ਭੁਲੇਖਾ ਪੈਂਦਾ ਹੈ। ਪਿਛਲੇ ਲਗਭਗ ਪੰਜਾਹ ਸਾਲਾਂ ਤੋਂ ਕੱਪੜੇ ਸਿਉਣ ਵਾਲੀ ਮਸ਼ੀਨ ਉਹਦੀ ਸਾਥੀ ਹੈ। ਦਿਨ ਰਾਤ ਦੀ ਸਾਥੀ। ਹਜ਼ਾਰਾਂ ਲੜਕੀਆਂ ਨੂੰ ਉਹ ਸਿਖਲਾਈ ਦੇ ਕੇ ਉਹਨਾਂ ਨੂੰ ਕਿੱਤੇ ਲਾ ਚੁੱਕੀ ਹੈ। ਮਸ਼ੀਨ ਤੋਂ ਬਿਨਾਂ ਉਹਨੂੰ ਚਿਤਵਿਆ ਨਹੀਂ ਜਾ ਸਕਦਾ।

ਉਸ ਦੌਰ ਦੀਆਂ ਹੋਰ ਲੜਕੀਆਂ ਵਾਂਗ ਉਹਦਾ ਵਿਆਹ ਵੀ ਹੱਸਣ ਖੇਡਣ ਦੀ ਉਮਰੇ ਕਰ ਦਿੱਤਾ ਸੀ। ਮਾਸੀ ਦੇ ਵਿਆਹ ਵਾਸਤੇ ਮੁੰਡੇ ਦੀ ਉਹਦੇ ਪਿਉ ਨੇ ਬੱਸ ਜ਼ਮੀਨ ਦੇਖੀ ਸੀ। ਉਹਦੀ ਮਾਂ ਨੇ ਗਿਲਾ ਕਰਦੀ ਨੇ ਕਿਹਾ ਸੀ, ''ਬੀਰੋ ਦੇ ਬਾਪੂ, ਮੁੰਡਾ ਵੇਖ ਲੈਣਾ ਸੀ, ਮੁੰਡਾ ਤਾਂ ਬੀਬੀ ਦੇ ਪੈਰ ਵਰਗਾ ਵੀ ਨ੍ਹੀਂ।''.. ''ਮੁੰਡਿਆਂ ਦੀ ਸ਼ਕਲ ਕੌਣ ਦੇਖਦੈ, ਜੈਦਾਦ ਵੇਖੀਦੀ ਐ, ਬਾਰਾਂ ਕਿੱਲੇ ਮੁੰਡੇ ਨੂੰ 'ਕੱਲੇ ਨੂੰ ਆਉਂਦੇ ਐ, ਕੁੜੀ ਰਾਣੀ ਬਣ ਕੇ ਰਾਜ਼ ਕਰੂਗੀ।'' ਗੁਰਨਾਮ ਕੌਰ ਸੁਣ ਕੇ ਚੁੱਪ ਹੋ ਗਈ। ਬੀਬੀ ਕਿੰਨੇ ਦਿਨ ਘਰ ਦਿਆਂ ਤੋਂ ਚੋਰੀ ਰੋਂਦੀ ਰਹੀ। ਉਦੋਂ ਕੁੜੀਆਂ ਦੇ ਰੋਣੇ ਕੌਣ ਸੁਣਦਾ ਸੀ! ਰੋਂਦੀ ਕੁਰਲਾਉਂਦੀ ਇੱਕ ਦਿਨ ਪੰਦਰਾਂ ਕੁ ਸਾਲ ਦੀ ਮਾਸੀ ਡੋਲੀ ਚੜ੍ਹ ਗਈ।ਵੱਡਾ ਟੱਬਰ ਸੀ। ਮਾਸੀ ਸਾਰਾ ਦਿਨ ਕੰਮਕਾਰ ਵਿੱਚ ਉਲਝੀ ਰਹਿੰਦੀ। ਘਰ ਵਾਲਾ ਸਿਰੇ ਦਾ ਨਿਖੱਟੂ। ਜ਼ਮੀਨ ਦਾ ਠੇਕਾ ਖਾ ਛੱਡਦਾ। ਦਾਰੂ ਪੀਂਦਾ। ਯਾਰਾਂ ਦੋਸਤਾਂ ਨਾਲ ਤੁਰਿਆ ਫਿਰਦਾ। ਛੇ ਕੁ ਮਹੀਨੇ ਬਾਅਦ ਘਰ ਵਿੱਚਨਵੀਂ ਚਰਚਾ ਛਿੜ ਪਈ। ਅਖੇ,ਬਹੂ ਦੇ ਅਜੇ ਨਿਆਣਾ..?" ਪਹਿਲਾਂ ਜਿਹੜੀ ਗੱਲ ਵਿੱਚੇ ਵਿੱਚੇ ਧੁਖਦੀ ਸੀ, ਫਿਰ ਭਾਂਬੜ ਬਣਨ ਲੱਗੀ। ਉਸ ਨੂੰ ਆਨੇ ਬਹਾਨੇ ਸੁਣਾਇਆ ਜਾਂਦਾ। ਸ਼ੁਰੂ ਸ਼ੁਰੂ ਵਿੱਚ ਮਾਸੀ ਨੇ ਇਨ੍ਹਾਂ ਗੱਲਾਂ ਨੂੰ ਬਹੁਤਾ ਗੌਲਿਆ ਨਾ। ਜਦੋਂ ਇਸਦੀ ਆਮ ਚਰਚਾ ਹੋਣ ਲੱਗੀ ਤਾਂ ਅੰਦਰੇ ਅੰਦਰ ਖਿਝਦੀ। ਫਿਰ ਦੌਰ ਸ਼ੁਰੂ ਹੋਇਆਉਹਨੂੰ ਮੜ੍ਹੀ ਮਸਾਣੀਂ ਲੈ ਕੇ ਜਾਣ ਦਾ। ਸੱਸ ਉਹਨੂੰ ਕਦੇ ਕਿਸੇ ਪਾਂਧੇ ਕੋਲ, ਕਦੇ ਕਿਸੇ ਪੰਡਿਤ ਕੋਲ ਲਈ ਫਿਰਦੀ। ਕੇਰਾਂ ਜਦੋਂ ਉਹਦੀ ਸੱਸ ਕਿਸੇ ਸਿਆਣੇ ਦੇ ਲਿਜਾਣ ਲੱਗੀ ਤਾਂ ਉਹ ਬਿੱਟਰ ਗਈ, ''ਮੈਂ ਨੀ ਜਾਣਾ, ਕਿਸੇ ਮੜ੍ਹੀ ਮਸਾਣੀਂ।'' ਓਸ ਦਿਨ ਘਰ ਕਾਫੀ ਰੌਲਾ ਪਿਆ,ਪਰ ਉਹ ਆਪਣੀ ਗੱਲ ਉੱਤੇ ਅੜੀ ਰਹੀ।

ਉਹ ਕਦੇ ਕਦੇ ਪੇਕੇ ਆ ਕੇ ਆਪਣੇ ਰੋਣੇ ਰੋਂਦੀ, ਪਰ ਬਿਨਾਂ ਮਾਂ ਤੋਂ ਉਹਦਾ ਕੋਈ ਨਹੀਂ ਸੀ। ਭਰਾਵਾਂ ਨੂੰ ਉਹਦਾ ਬਹੁਤਾ ਪੇਕੇ ਆਉਣਾ ਵੀ ਸੋਭਦਾ ਨਹੀਂ ਸੀ। ਇੱਕ ਵਾਰ ਛੇ ਮਹੀਨੇ ਪੇਕੇ ਰਹੀ। ਇਨ੍ਹੀਂ ਦਿਨੀਂ ਉਹਨੇ ਗੁਆਂਢ ਵਿੱਚ ਖੁੱਲ੍ਹੇ ਸਿਲਾਈ ਸੈਂਟਰ ਵਿਚ ਸਿਲਾਈ ਦਾ ਕੰਮ ਸਿੱਖਿਆ। ਸਹੁਰਿਆਂ ਵੱਲੋਂ ਕੋਈ ਲੈਣ ਨਾ ਆਇਆ, ਜਿਵੇਂ ਖਹਿੜਾ ਛੁਡਾਉਣਾ ਚਾਹੁੰਦੇ ਹੋਣ। ਇੱਕ ਦਿਨ ਬਾਪੂ ਕਹਿਣ ਲੱਗਾ, "ਧੀਏ, ਕੁੜੀਆਂ ਪੇਕੇ ਬੈਠੀਆਂ ਨੀ ਸੋਂਹਦੀਆਂ, ਤੂੰ ਆਪਣੇ ਘਰ ਜਾਹ ਭਾਈ।" ਇਹੀ ਕੁਝ ਭਰਾਵਾਂ ਨੇ ਆਖਿਆ ਤੇ ਉਸਨੂੰ ਇੱਕ ਤਰ੍ਹਾਂ ਧੱਕੇ ਨਾਲ ਉਹਦੇ ਸਹੁਰੇ ਛੱਡ ਆਏ।

...ਤੇ ਇੰਝ ਕਰਦੇ ਕਰਾਉਂਦੇ ਪੰਜ ਸਾਲ ਗੁਜ਼ਰ ਗਏ।

ਜਦੋਂ ਕਦੇ ਵਰ੍ਹੇ ਛਿਮਾਹੀ ਮਹਿੰਦਰ ਸਹੁਰੇ ਜਾਂਦਾ ਤਾਂ ਉਹਦੀ ਨਿਗ੍ਹਾ ਸੀਤੋ ਉੱਤੇ ਹੁੰਦੀ। ਸੀਤੋ ਉਹਦੀ ਛੋਟੀ ਸਾਲੀ ਸੀ, ਸਤਾਰਾਂ ਕੁ ਸਾਲਾਂ ਦੀ। ਇੱਕ ਦਿਨ ਉਹਨੇ ਪੀਤੀ ਵਿੱਚ ਬਿਨਾਂ ਲੱਗ ਲਪੇਟ ਦੇ ਸਿੱਧਾ ਕਹਿ ਦਿੱਤਾ, ''ਬਾਪੂ ਜੀ, ਬੀਬੀ ਦੇ ਨਿਆਣਾ ਹੁੰਦਾ ਨ੍ਹੀਂ ਲਗਦਾ, ਸੀਤੋ ਮੇਰੇ ਨਾਲ ਤੋਰ ਦਿਓ, ਦੋਵੇਂ ਭੈਣਾਂ ਰਾਜ ਕਰਨਗੀਆਂ।'' ਬਾਪੂ ਨੇ ਪਹਿਲਾਂ ਸੋਚਿਆ ਕਿ ਦਾਰੂ ਪੀ ਕੇ ਕਮਲ ਕੁੱਟਦੈ, ਜਦੋਂ ਉਹਨੇ ਓਸ ਗੱਲ ਦੀ ਹਿੰਡ ਫੜ੍ਹ ਲਈ ਤਾਂ ਬਾਪੂ ਉੱਠ ਕੇ ਤੁਰ ਪਿਆ।ਇਹ ਗੱਲ ਮਾਸੀ ਨੂੰ ਪਤਾ ਲੱਗੀ ਤਾਂ ਉਹਦੇ ਚਾਰੇ ਕੱਪੜੇ ਅੱਗ ਲੱਗ ਗਈ, ''ਨਾ ਅਸੀਂ ਗਾਵਾਂ ਬੱਕਰੀਆਂ, ਜੀਹਨੂੰ ਜੀ ਕਰਦੈ, ਕਿੱਲੇ ਉੱਤੇ ਬੰਨ੍ਹ ਲੇਂ-ਗਾ।ਤੂੰ ਸੋਚ ਕਿਵੇਂ ਲਿਆ, ਬਈ ਸੀਤੋ ਨੂੰ ਏਥੇ ਵਸਾ ਲੇਂ ਗਾ। ਪਹਿਲਾਂ ਮੇਰੀ ਜੂਨ ਖਰਾਬ ਕੀਤੀ, ਅੱਗੋਂਤੂੰ ਉਹਨੂੰ ਬਰਬਾਦ ਕਰਨ ਨੂੰ ਫਿਰਦੈਂ।" ਮਾਸੀ ਓਸ ਦਿਨ ਬਹੁਤ ਬੋਲੀ, ਪਰ ਮਹਿੰਦਰ ਨੇ ਦੂਜਾ ਵਿਆਹ ਕਰਾਉਣ ਦੀ ਜਿਵੇਂ ਠਾਣ ਲਈ ਸੀ। ਸੀਤੋ ਨਹੀਂ, ਮਹਿੰਦਰ ਨੇ ਸੀਤੋ ਦੀ ਮਾਸੀ ਦੀ ਕੁੜੀ, ਜਿਹੜੀ ਇੱਕ ਅੱਖੋਂ 'ਬੱਜੋਰੱਤੀ' ਸੀ,ਨਾਲ ਵਿਆਹ ਕਰਾਉਣ ਦਾ ਬੰਨ੍ਹ ਸੁਭ੍ਹ ਕਰ ਲਿਆ। ਮਾਸੀ ਬਥੇਰਾ ਕਲਪੀ, ਪਰ ਉਹਦੀ ਸੁਣਨ ਵਾਲਾ ਕੋਈ ਨਹੀਂ ਸੀ। ਮਾਂ ਵੀ ਅੱਧਵਾਟੇ ਜੀਵਨ ਪੰਧ ਛੱਡ ਕੇ ਤੁਰ ਗਈ ਸੀ। ਸਾਲ ਦੇ ਅੰਦਰ ਕਰਤਾਰੋ ਦੇ ਮੁੰਡਾ ਹੋ ਗਿਆ। ਫਿਰ ਉਪਰੋ ਥਲੀ ਤਿੰਨ ਮੁੰਡੇ ਹੋਏ। ਮਾਸੀ ਦੀ ਹੋਂਦ ਘਟਦੀ ਵਾਧੂ ਜੀਅ ਬਣ ਕੇ ਰਹਿ ਗਈ। ਕਰਤਾਰੋ ਨੇ ਆਪਣੀ ਮਸੇਰ ਤੋਂ ਅੱਖਾਂ ਫੇਰ ਲਈਆਂ। ਉਹ ਇਕੱਲੀ ਪੈ ਗਈ। ਸਭ ਛੱਡ ਛਡਾ ਕੇ ਪੇਕੇ ਆ ਗਈ। ਘਰ ਦੇਕੋਨੇ ਵਿੱਚ ਸਿਲਾਈ ਸੈਂਟਰ ਸ਼ੁਰੂ ਕਰ ਲਿਆ। ਹੌਲੀ ਹੌਲੀ ਕੁੜੀਆਂ ਦੀ ਗਿਣਤੀ ਵਧਦੀ ਗਈ। ਪੇਕੇ ਘਰ ਦੀ, ਖਾਸ ਕਰਕੇ ਭਰਜਾਈਆਂ ਦੀ ਚਬਾ ਚਬੀ ਤੋਂ ਤੰਗ ਆ ਕੇ ਉਹਮਕਾਨ ਕਿਰਾਏ ਉੱਤੇ ਲੈ ਕੇ ਰਹਿਣ ਲੱਗ ਪਈ ਤੇ ਮਕਾਨ ਦੇ ਇੱਕ ਹਿੱਸੇ ਵਿੱਚ ਸਿਲਾਈ ਸੈਂਟਰ ਚਲਾਉਣ ਲੱਗ ਪਈ।

...ਜਦ ਮਾਸੀ ਨੂੰ ਕੋਈ ਮੁਹੱਲੇ ਦੀ ਕੁੜੀ ਕੱਤਰੀ ਪੁੱਛਦੀ ਹੈ ਕਿ: ਮਾਸੀ, ਸਾਰੀ ਉਮਰ ਤੂੰ 'ਕੱਲੀ ਨੇ ਕੱਢ-ਲੀ, ਨਾ ਪੇਕਿਆਂ ਵੱਲੋਂ ਤੇ ਨਾ ਈ ਸਹੁਰਿਆਂ ਵੱਲੋਂ ਤੇਰਾ ਕੋਈ ਨ੍ਹੀਂ ਹੋਇਆ, ਹਰਖ਼ ਕਦੇ ਕਦੇ ਆਉਂਦਾ ਹੋਊ।'' ਇੱਕ ਪਲ ਲਈ ਉਹਦੀ ਮਸ਼ੀਨ ਰੁਕਦੀ ਹੈ। ਚਮਕੀਲੀਆਂ ਅੱਖਾਂ ਸਵਾਲ ਕਰਤਾ ਉੱਤੇ ਸੁੱਟਦੀ ਹੈ: ਨਾ ਧੀਏ! ਕੋਈ ਹਰਖ਼ ਗਿਲਾ ਨ੍ਹੀਂ, 'ਤੇ ਮੇਰਾ ਕੋਈ ਕਿਉਂ ਨ੍ਹੀਂ! ਆਹ ਦੇਖ ਨਾ ਮੇਰੀ ਮਸ਼ੀਨ! ਏਨਾ ਆਖਦਿਆਂ ਹੀ ਉਹਦੇ ਹੱਥ, ਪੈਰ ਹਰਕਤ ਵਿਚ ਆਉਂਦੇ ਹਨ, ਤੇ ਮਸ਼ੀਨ ਘੁੰਮਣ ਲੱਗ ਜਾਂਦੀ ਹੈ।

# ਭਾਰਤ-ਕੈਨੇਡਾ ਵਿਚਾਲੇ ਕੂਟਨੀਤਕ ਹੀ ਨਹੀ ਬਲਕਿ ਸਮਾਜਿਕ ਸਾਂਝ ਵਾਲੇ ਵੱਡੇ ਰਿਸ਼ਤੇ ਹਨ- ਸਤਨਾਮ ਸਿੰਘ ਸੰਧੂ











**ਸਰੀ ( ਚੋਹਲਾ, ਮਾਂਗਟ, ਗਰੇਵਾਲ )-** ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਕੂਟਨੀਤਕ ਹੀ ਨਹੀ ਬਲਕਿ ਸਮਾਜਿਕ ਸਾਂਝ ਅਤੇ ਨੌਂਹ ਮਾਸ ਦੇ ਰਿਸ਼ਤੇ ਵਾਲੇ ਹਨ। ਜਿਤਨੀ ਵੱਡੀ ਪੱਧਰ ਤੇ ਭਾਰਤੀ ਡਾਇਸਪੋਰਾ ਕੈਨੇਡਾ ਵਿਚ ਵਸਦਾ ਹੈ, ਉਨੀ ਹੀ ਵੱਡੀ ਸਾਂਝ ਦਾ ਰਿਸ਼ਤਾ ਹੈ ਇਹ। ਜਦੋਂ ਵੀ ਕਦੇ ਦੋਵਾਂ ਮੁਲਕਾਂ ਦੇ ਸਬੰਧਾਂ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਇਸ ਸਥਿਤੀ ਲਈ ਜਿੰਮੇਵਾਰ ਧਿਰਾਂ ਨੂੰ ਨਹੀਂ ਬਲਕਿ ਆਮ ਲੋਕਾਂ ਨੂੰ ਦਿੱਕਤ ਆਉਂਦੀ ਹੈ, ਰਿਸ਼ਤੇ ਪ੍ਰਭਾਵਿਤ ਹੁੰਦੇ ਹਨ। ਪਿਛਲੇ ਕੁਝ ਸਮੇਂ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਭਾਰਤ ਨਾਲ ਚੰਗੇਰੇ ਸਬੰਧਾਂ ਲਈ ਸੁਹਿਰਦ ਯਤਨ ਆਰੰਭੇ ਹਨ, ਜਿਸਦੇ ਜਵਾਬ ਵਿਚ ਭਾਰਤ ਵਲੋਂ ਵੀ ਚੰਗਾ ਹੁੰਗਾਰਾ ਭਰਿਆ ਗਿਆ ਹੈ। ਅਗਲੇ ਦਿਨਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਕੈਨੇਡਾ ਦਾ ਦੌਰਾ ਕਰਕੇ ਇਹਨਾਂ ਰਿਸ਼ਤਿਆਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਜਾਵੇਗੀ ਜਿਸ ਨਾਲ ਦੋਵਾਂ ਮੁਲਕਾਂ ਦੇ ਸਮਾਜਿਕ ਸਬੰਧਾਂ ਨੂੰ ਮੁੜ ਹੁਲਾਰਾ ਮਿਲਣ ਦੇ ਨਾਲ ਵਪਾਰ ਵਿਚ ਭਾਰੀ ਵਾਧਾ ਹੋਵੇਗਾ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤ ਤੋਂ ਰਾਜ ਸਭਾ ਮੈਂਬਰ, ਭਾਜਪਾ ਆਗੂ ਅਤੇ ਚੰਡੀਗੜ ਯੂਨੀਵਰਸਿਟੀ ਦੇ ਚਾਂਸਲਰ ਸ ਸਤਨਾਮ ਸਿੰਘ ਸੰਧੂ ਨੇ ਇਥੇ ਉਹਨਾਂ ਦੇ ਮਾਣ ਵਿਚ ਕੈਨੇਡਾ ਇੰਡੀਆ ਫਰੈਂਡਸ਼ਿਪ ਫਾਊਂਡੇਸ਼ਨ ਵਲੋਂ ਰੱਖੇ ਇਕ ਸਮਾਗਮ ਨੂੰ ਸੰਬੋਧਨ ਹੁੰਦਿਆਂ ਕੀਤਾ।

ਉਹਨਾਂ ਫਾਉਂਡੇਸ਼ਨ ਵਲੋਂ ਸਿਆਸਤ ਤੋਂ ਉਪਰ ਉਠਕੇ ਕੀਤੇ ਗਏ ਇਸ ਸਾਂਝੇ ਉਪਰਾਲੇ ਲਈ ਫਾਉਂਡੇਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਬੇਹੱਦ ਖੁਸ਼ੀ ਹੈ ਕਿ ਇਸ ਇਕੱਠ ਵਿਚ ਇਤਨੀ ਵੱਡੀ ਗਿਣਤੀ ਵਿਚ ਹਿੰਦੂ ਮੰਦਿਰ, ਗੁਰਦੁਆਰਾ ਸਾਹਿਬਾਨ, ਧਾਰਮਿਕ ਅਤੇ ਹੋਰ ਸਮਾਜਿਕ ਸੰਸਥਾਵਾਂ ਨਾਲ ਸਬੰਧਿਤ ਪ੍ਰਵਾਸੀ ਭਾਰਤੀ ਇਕੱਤਰ ਹੋਏ ਹਨ। ਇਹ ਉਹ ਲੋਕ ਹਨ ਜਿਹਨਾਂ ਦੇ ਦਿਲਾਂ ਵਿਚ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਵਸਦਾ ਹੈ ਤੇ ਸਭ ਨੂੰ ਆਪਣੇ ਪਿਤਰੀ ਮੁਲਕ ਅਤੇ ਮਿੱਟੀ ਨਾਲ ਮੋਹ ਪਿਆਰ ਤੇ ਇਕ ਚਿੰਤਾ ਹੈ। ਉਹਨਾਂ ਹੋਰ ਕਿਹਾ ਕਿ ਅਸੀ ਸਭ ਪੰਜਾਬ ਦੀ ਧਰਤੀ ਨਾਲ ਸਬੰਧਿਤ ਹਾਂ ਤੇ ਉਸ ਧਰਤੀ ਨੂੰ ਬੇਹੱਦ ਪਿਆਰ ਕਰਦੇ ਹਾਂ। ਉਸ ਧਰਤੀ ਦੇ ਕਈ ਬੁਨਿਆਦੀ ਮੁੱਦੇ ਹਨ। ਇਹਨਾਂ ਵਿਚ ਕਿਸਾਨੀ,ਜਵਾਨੀ ਤੇ ਹੋਰ ਸਮਾਜਿਕ ਸਮੱਸਿਆਵਾਂ ਹਨ। ਪੰਜਾਬ ਦੇ ਦਰਿਆਵਾਂ ਦਾ ਅੰਮ੍ਰਿਤ ਵਰਗਾ ਪਾਣੀ ਜ਼ਹਿਰਾਂ ਵਿਚ ਤਬਦੀਲ ਹੋ ਰਿਹਾ ਹੈ ਜਿਸ ਲਈ ਲੋਕਾਂ ਨੂੰ ਮੋਰਚੇ ਲਗਾਉਣੇ ਪੈਂਦੇ ਹਨ। ਪੰਜਾਬ ਦੀਆਂ ਸਮੱਸਿਆਵਾਂ ਤੇ ਬੁਨਿਆਦੀ ਮਸਲਿਆਂ ਨੂੰ ਸੁਲਝਾਉਣ ਦੇ ਨਾਲ ਵਾਤਾਵਰਣ ਦੀ ਸਾਂਭ ਸੰਭਾਲ ਸਭ ਦੀ ਜਿੰਮੇਵਾਰੀ ਹੈ।

ਉਹਨਾਂ ਭਾਰਤ- ਕੈਨੇਡਾ ਰਿਸ਼ਤਿਆਂ ਦੀ ਗੱਲ ਕਰਦਿਆਂ ਇਹਨਾਂ ਵਿਚ ਮਜ਼ਬੂਤੀ ਅਤੇ ਨੇੜਤਾ ਨੂੰ ਦੋਵਾਂ ਮੁਲਕਾਂ ਦੇ ਭਲੇ ਵਿਚ ਦੱਸਿਆ। ਉਹਨਾਂ ਕੇਂਦਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਬਤੌਰ ਪ੍ਰਧਾਨ ਮੰਤਰੀ ਵਜੋਂ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ 3399 ਦਿਨਾਂ ਦਾ ਰਿਕਾਰਡ ਤੋੜਨ ਤੇ ਨਵਾਂ ਕੀਰਤੀਮਾਨ ਸਥਾਪਿਤ ਕੀਤੇ ਜਾਣ ਤੇ ਖੁਸ਼ੀ ਪ੍ਰਗਟ ਕਰਦਿਆਂ ਉਹਨਾਂ ਦੀ ਅਗਵਾਈ ਹੇਠ ਪਿਛਲੇ 12 ਸਾਲਾ ਵਿਚ ਮੁਲਕ ਦੀ ਆਰਥਿਕਤਾ ਨੂੰ ਦੁਨੀਆ ਦੇ ਮਜਬੂਤ ਅਰਥਚਾਰਿਆਂ ਵਿਚ ਖੜਾ ਕਰਨ ਨੂੰ ਵੱਡੀ ਪ੍ਰਾਪਤੀ ਵਜੋਂ ਗਿਣਾਇਆ। ਭਾਰਤ ਅਤੇ ਪੰਜਾਬ ਵਿਚ ਬੁਨਿਆਦੀ ਢਾਂਚੇ ਦੀ ਉਸਾਰੀ, ਹਾਵੀਵੇਜ਼ ਦਾ ਜ਼ਾਲ ਅਤੇ ਰੇਲਵੇ ਦੇ ਵਿਸਥਾਰ ਅਤੇ ਸਟੇਸ਼ਨਾਂ ਦੇ ਵਿਕਾਸ ਦਾ ਹਵਾਲਾ ਦਿੱਤਾ। ਉਹਨਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਪਿਛਲੇ ਸਾਲਾਂ ਦੌਰਾਨ ਲਗਪਗ 25 ਕਰੋੜ ਲੋਕਾਂ ਨੂੰ ਗਰੀਬੀ ਦੀ ਰੇਖਾ ਚੋ ਬਾਹਰ ਕੱਢੇ ਜਾਣ ਨੂੰ ਵੱਡੀ ਪ੍ਰਾਪਤੀ ਦੱਸਿਆ। ਕੇਂਦਰ ਵਲੋਂ ਪੰਜਾਬ ਵਿਚ ਬੁਨਿਆਦੀ ਢਾਂਚੇ ਲਈ 5600 ਕਰੋੜ ਰੁਪਏ ਖਰਚੇ ਗਏ ਹਨ। ਉਹਨਾਂ ਕੈਨੇਡਾ ਵਿਚ ਵਸਦੇ ਪੰਜਾਬੀਆਂ ਵਲੋਂ ਕੈਨੇਡਾ ਤੋਂ ਸਿੱਧੀਆਂ ਉਡਾਣਾਂ ਦੀ ਮੰਗ ਦੇ ਹਵਾਲੇ ਨਾਲ ਕਿਹਾ ਕਿ ਭਾਰਤੀ ਏਅਰਲਾਈਨਜ਼ ਵਲੋਂ ਦਿੱਤੇ ਗਏ ਆਰਡਰ ਤਹਿਤ 2030 ਤੱਕ 2200 ਏਅਰ ਕਰਾਫਟਾਂ ਦੀ ਡਲਿਵਰੀ ਹੋਣੀ ਹੈ ਜਿਸਤੋਂ ਉਹਨਾਂ ਨੂੰ ਉਮੀਦ ਹੈ ਤੇ ਉਹਨਾਂ ਦੀ ਕੋਸ਼ਿਸ਼ ਵੀ ਹੈ ਕਿ ਪੰਜਾਬ ਲਈ ਸਿੱਧੀਆਂ ਉਡਾਣਾਂ ਦਾ ਮਸਲਾ ਹੱਲ ਹੋ ਸਕੇਗਾ।

ਇਸ ਮੌਕੇ ਜਗਰੂਪ ਸਿੰਘ ਖੇੜਾ ਵਲੋਂ ਕੈਨੇਡਾ ਤੋਂ ਪੰਜਾਬ ਨੂੰ ਸਿੱਧੀਆਂ ਉਡਾਣਾਂ ਲਈ ਉਹਨਾਂ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ। ਜਿਸ ਸਬੰਧੀ ਉਹਨਾਂ ਕਿਹਾ ਕਿ ਉਹ ਜਲਦ ਹੀ ਪ੍ਰਧਾਨ ਮੰਤਰੀ ਕੋਲ ਕੈਨੇਡੀਅਨ ਪੰਜਾਬੀਆਂ ਦੀ ਇਹ ਮੰਗ ਪਹੁੰਚਾਉਣਗੇ ਤੇ ਜਲਦ ਹੀ ਇਸ ਸਬੰਧੀ ਕੋਈ ਠੋਸ ਹੱਲ ਕੱਢਿਆ ਜਾਵੇਗਾ।

ਇਸਤੋਂ ਪਹਿਲਾਂ ਫਾਉਂਡੇਸ਼ਨ ਦੇ ਪ੍ਰਧਾਨ ਮਨਿੰਦਰ ਸਿੰਘ ਗਿੱਲ ਨੇ ਉਹਨਾਂ ਨੂੰ ਜੀ ਆਇਆ ਕਿਹਾ ਤੇ ਕੈਨੇਡਾ-ਭਾਰਤ ਸਬੰਧਾਂ ਵਿਚ ਮਜ਼ਬੂਤੀ ਦੇ ਨਾਲ ਪਰਵਾਸੀ ਪੰਜਾਬੀਆਂ ਦੀਆਂ ਚਿੰਤਾਵਾਂ ਦੀ ਚਰਚਾ ਕਰਦਿਆਂ ਉਮੀਦ ਪ੍ਰਗਟ ਕੀਤੀ ਕਿ ਉਹ ਪ੍ਰਧਾਨ ਮੰਤਰੀ ਮੋਦੀ ਤੱਕ ਉਹਨਾਂ ਦੀਆਂ ਮੰਗਾਂ ਨੂੰ ਪਹੁੰਚਾਉਣਗੇ।

ਇਸ ਮੌਕੇ ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ ਨੇ ਦੋਵਾਂ ਮੁਲਕਾਂ ਦੇ ਸਬੰਧਾਂ ਵਿਚ ਸੁਧਾਰ ਲਈ ਤਾਜ਼ਾ ਸਿਆਸੀ ਘਟਨਾਕ੍ਰਮ ਨੂੰ ਸਹੀ ਦਿਸ਼ਾ ਕਰਾਰ ਦਿੱਤਾ। ਉਹਨਾਂ ਕਿਹਾ ਕਿ ਇਸ ਮੁਲਕ ਵਿਚ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਦੇ ਪਰਵਾਸ ਅਤੇ ਸੰਘਰਸ਼ ਦਾ ਲਗਪਗ ਡੇਢ ਸੌ ਸਾਲ ਦਾ ਇਤਿਹਾਸ ਹੈ। ਪੰਜਾਬੀਆਂ ਨੇ ਇਸ ਮੁਲਕ ਵਿਚ ਸਖਤ ਮਿਹਨਤ ਤੇ ਲਗਨ ਨਾਲ ਆਪਣਾ ਮੁਕਾਮ ਬਣਾਇਆ ਹੈ। ਉਹਨਾਂ ਬੀਤੇ ਵਿਚ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਿਨਾਂ ਸ਼ੱਕ ਪੰਜਾਬੀ ਅਤੇ ਸਿੱਖ 84 ਨੂੰ ਭੁਲਾ ਨਹੀ ਸਕਦੇ ਪਰ ਨਸਲਾਂ ਦੀ ਤਰੱਕੀ ਤੇ ਵਿਕਾਸ ਲਈ ਅੱਗੇ ਵਧਣ ਦੀ ਲੋੜ ਹੈ। ਅਸੀ ਲੜ, ਝਗੜਕੇ ਜਾਂ ਵਿਰੋਧ ਨਾਲ ਕੁਝ ਵੀ ਪ੍ਰਾਪਤ ਨਹੀ ਕਰ ਸਕਦੇ। ਚੰਗੇ ਸਬੰਧਾਂ. ਤਾਲਮੇਲ ਅਤੇ ਇਕ ਦੂਸਰੇ ਨੂੰ ਸਮਝਕੇ ਹੀ ਅੱਗੇ ਵਧਿਆ ਜਾ ਸਕਦਾ ਹੈ। ਉਹਨਾਂ ਸ ਸੰਧੂ ਨੂੰ ਪ੍ਰਧਾਨ ਮੰਤਰੀ ਲਈ ਇਹ ਸੁਨੇਹਾ ਦੇਣ ਲਈ ਕਿਹਾ ਕਿ ਕੈਨੇਡੀਅਨ ਪੰਜਾਬੀ ਭਾਰਤ ਅਤੇ ਪੰਜਾਬ ਦਾ ਭਲਾ ਚਾਹੁੰਦੇ ਹਨ ਤੇ ਉਹਨਾਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਜਾਵੇ। ਇਸ ਮੌਕੇ ਹਿੰਦੂ ਮੰਦਿਰ ਕਮੇਟੀ ਵਲੋਂ ਵਿਨੇ ਸ਼ਰਮਾ ਨੇ ਆਪਣੇ ਸੰਬੋਧਨ ਵਿਚ ਸ ਸੰਧੂ ਨੂੰ ਜੀ ਆਇਆ ਕਹਿੰਦਿਆਂ ਕਿਹਾ ਕਿ ਕੈਨੇਡਾ ਵਿਚ ਹਿੰਦੂ- ਸਿੱਖ ਅਤੇ ਹੋਰ ਭਾਰਤੀ ਭਾਈਚਾਰਾ ਇਕਮਿਕ ਹੈ ਤੇ ਸਾਰੇ ਭਾਰਤ ਨੂੰ ਇਕ ਮਜਬੂਤ ਮੁਲਕ ਦੇ ਨਾਲ ਲੋਕਾਂ ਨੂੰ ਹਰ ਪੱਖੋ ਅੱਗੇ ਵਧਿਆ ਵੇਖਣਾ ਚਾਹੁੰਦੇ ਹਨ। ਮੰਚ ਸੰਲਾਲਨ ਦੀ ਜਿੰਮੇਵਾਰ ਐਡਵੋਕੇਟ ਲਵਲੀਨ ਸਿੰਘ ਗਿੱਲ ਨੇ ਬਾਖੂਬੀ ਨਿਭਾਈ।

ਇਸ ਮੌਕੇ ਕੈਨੇਡਾ- ਇੰਡੀਆ ਫਰੈਂਡਸ਼ਿਪ ਫਾਉਂਡੇਸ਼ਨ ਵਲੋਂ ਸ ਸਤਨਾਮ ਸਿੰਘ ਸੰਧੂ ਨੂੰ ਇਕ ਯਾਦਗਾਰੀ ਚਿੰਨ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ ਕੁਲਵੰਤ ਸਿੰਘ ਢੇਸੀ, ਗੁਰਮੰਤ ਗਰੇਵਾਲ ਸਾਬਕਾ ਐਮ ਪੀ, ਬੂਟਾ ਸਿੰਘ ਢਿੱਲੋਂ, ਐਡਵੋਕੇਟ ਲਵਲੀਨ ਗਿੱਲ, ਸਤੀਸ਼ ਕੁਮਾਰ ਪ੍ਰਧਾਨ ਹਿੰਦੂ ਮੰਦਿਰ ਕਮੇਟੀ, ਵਨੀਤ ਅਗਰਵਾਲ, ਪਰਮਜੀਤ ਸਿੰਘ, ਹੈਰੀ ਕੂਨਰ, ਬਲਦੇਵ ਸਿੰਘ ਭੰਮ, ਪ੍ਰੋ ਗੁਰਦੇਵ ਸਿੰਘ,ਦਵਿੰਦਰ ਬੈਨੀਪਾਲ, ਹਰਜੀਤ ਸਿੰਘ ਗਿੱਲ, ਹਰਪ੍ਰੀਤ ਸਿੰਘ, ਡਾ ਹਾਕਮ ਭੁੱਲਰ, ਡਾ ਜਸਵੀਰ ਰੋਮਾਣਾ, ਡਾ ਰਮਿੰਦਰ ਸਿੰਘ ਕੰਗ, ਜੁਗਰਾਜ ਸਿੰਘ ਗਰਚਾ, ਐਡਵੋਕੇਟ ਜਗਮੋਹਣ ਸਿੰਘ, ਤ੍ਰਿਪਤ ਅਟਵਾਲ, ਨਰਿੰਦਰ ਸਿੰਘ ਖੱਖ, ਬਿੱਲਾ ਸੰਧੂ, ਹਰਪ੍ਰੀਤ ਧਾਲੀਵਾਲ, ਗੁਰਪਾਲ ਲਿੱਟ, ਕ੍ਰਿਪਾਲ ਮਾਂਗਟ, ਜੋਧਾ ਚੱਕਰ, ਸੁੱਖਾ ਸ਼ੇਰਪੁਰ, ਅਮਰਜੀਤ ਜੌਹਲ, ਹਰਪ੍ਰੀਤ ਸੇਖੋਂ, ਸਤਵਿੰਦਰ ਸਿੰਘ ਗਾਖਲ, ਹਰਦੇਵ ਸਿੰਘ ਗਰੇਵਾਲ, ਜਰਨੈਲ ਸਿੰਘ ਖੰਡੋਲੀ, ਪੰਜਾਬ ਤੋਂ ਕੈਨੇਡਾ ਦੌਰੇ ਤੇ ਆਏ ਸੀਨੀਅਰ ਪੱਤਰਕਾਰ ਰਾਜੀਵ ਭਾਸਕਰ ਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ। ਸਮਾਗਮ ਦੇ ਸ਼ੁਰੂ ਹੋਣ ਤੋਂ ਪਹਿਲਾਂ 23 ਜੂਨ 1985 ਨੂੰ ਏਅਰ ਇੰਡੀਆ ਫਲਾਈਟ ਬੰਬ ਧਮਾਕੇ ਵਿਚ ਮਾਰੇ ਗਏ 329 ਯਾਤਰੀਆਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕੈਨੇਡਾ ਇੰਡੀਆ ਫਾਊਂਡੇਸ਼ਨ ਵਲੋਂ ਸ ਸਤਨਾਮ ਸਿੰਘ ਸੰਧੂ ਦੇ ਮਾਣ ਵਿਚ ਰੱਖੀ ਗਈ ਮਿਲਣੀ ਨੇ ਰੈਲੀ ਦਾ ਰੂਪ ਲੈ ਲਿਆ, ਜਿਸ ਵਿਚ ਬੁਲਾਰਿਆਂ ਤੇ ਹੋਰ ਲੋਕਾਂ ਨੇ ਨਿੱਜੀ ਰੂਪ ਵਿਚ ਪਰਵਾਸੀਆਂ ਦੀਆਂ ਚਿੰਤਾਵਾਂ ਤੇ ਮੰਗਾਂ ਨੂੰ ਮੋਦੀ ਸਰਕਾਰ ਤੇ ਭਾਜਪਾ ਹਾਈਕਮਾਨ ਤੱਕ ਪਹੁੰਚਾਉਣ ਲਈ ਸ ਸੰਧੂ ਹੱਥ ਸੁਨੇਹਾ ਦੇਣ ਦਾ ਮੌਕਾ ਨਾ ਖੁੰਝਾਇਆ।







ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com